# ਸਾਖੀਆਂ ਗੁਰੂ ਘਰ ਕੀਆਂ

**ਇਸੇ ਕਲਮ ਤੋਂ :**

- ਸੱਚ ਦੇ ਵਪਾਰੀ
- ਹਰਿ ਕੇ ਨਾਮ ਕੇ ਬਿਆਪਾਰੀ
- ਕੂੜ ਨਿਖੁਟੇ ਨਾਨਕਾ ਓੜਕ ਸਚਿ ਰਹੀ
- ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ

# ਸਾਖੀਆਂ ਗੁਰੂ ਘਰ ਕੀਆਂ

ਰਣਜੀਤ ਸਿੰਘ ਮਿਨਹਾਸ

**Sakhian Guru Ghar kiyan**

by

**Ranjit Singh Minhas**
**(Soma Adampuria)**
Ex. Indian Air Force
H.No. 2345/7, Railway Road
Adampur-Doaba, Jalandhar (Pb.)
Ph. 0181-5078294

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan, Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


- ਹਿੰਦੋਸਤਾਨ ਦੀ ਹਾਲਤ 7
- ਅਵਤਾਰ ਧਾਰਨਾ 11
- ਪੰਡਤ ਨੇ ਟੇਵਾ ਬਣਾਉਣਾ 14
- ਜਨੇਊ ਪਾਉਣ ਤੋਂ ਨਾਂਹ ਕਰਨੀ 16
- ਮੱਝੀਆਂ ਚਾਰਨ ਜਾਣਾ 17
- ਸੱਚਾ ਸੌਦਾ ਕਰਨਾ 20
- ਬੇਬੇ ਨਾਨਕੀ ਦਾ ਪਿਤਾ ਨੂੰ ਸਮਝੌਣਾ 22
- ਰਾਏ ਬੁਲਾਰ ਦਾ ਮਹਿਤਾ ਕਾਲੂ ਨੂੰ ਸਮਝੌਣਾ 23
- ਗੁਰੂ ਸਾਹਿਬ ਦਾ ਵਿਆਹ 24
- ਮੋਦੀਖਾਨੇ ਤੇਰਾ ਤੇਰਾ 32
- ਬੇਈਂ ਨਦੀ ਵਿਚ ਅਲੋਪ ਹੋਣਾ 33
- ਉਪਦੇਸ਼ ਦੇਣਾ 34
- ਸਾਧਾਂ ਵਾਲਾ ਭੇਸ ਧਾਰਨਾ 35
- ਭਾਈ ਲਾਲੋ/ਮਲਿਕ ਭਾਗੋ 41
- ਸੱਜਣ ਠੱਗ ਨੂੰ ਤਾਰਨਾ 44
- ਭਾਈ ਮਰਦਾਨੇ ਨਾਲ ਸਵਾਲ-ਜਵਾਬ 46
- ਬੇਬੇ ਨਾਨਕੀ ਨੇ ਯਾਦ ਕਰਨਾ 48
- ਗੁਲਾਮ ਬਣਕੇ ਬੁਰਾਈ ਖਤਮ ਕਰਨੀ 49
- ਠੱਗਾਂ ਦੇ ਪਿੰਡ ਜਾਣਾ 52
- ਡਾਕੂ ਭੂਮੀਏ ਨੂੰ ਤਾਰਨਾ 62
- ਮੱਕੇ ਵਿੱਚ ਜਾਣਾ 70
- ਰਾਏ ਬੁਲਾਰ ਦੀ ਪੁੱਤਰ ਲਈ ਬੇਨਤੀ 71
- ਗੁਰੂ ਅਮਰਦਾਸ ਜੀ ਦਾ ਬੀਬੀ ਭਾਨੀ ਨੂੰ ਸਮਝੌਣਾ 72

- ਭਾਈ ਜੇਠਾ ਦਾ ਬਚਪਨ 74
- ਸੇਵਾ, ਵਿਆਹ ਅਤੇ ਗੁਰਗੱਦੀ 80
- ਪ੍ਰਸੰਗ ਬਾਬਾ ਆਦਮ ਜੀ 81
- ਪ੍ਰਸੰਗ ਬੀਬੀ ਰਜਨੀ 91
- ਪ੍ਰਸੰਗ ਸ੍ਰੀ ਹਰਿਮੰਦਰ ਸਾਹਿਬ ਜੀ 98
- ਗੁਰੂ ਅਰਜਨ ਦੇਵ ਜੀ ਗੁਰ ਗੱਦੀ-ਵਿਆਹ 104
- ਚੰਦੂ ਦੀ ਧੀ ਦਾ ਰਿਸ਼ਤਾ ਲੈਣ ਤੋਂ ਨਾਂਹ ਅਤੇ ਸ਼ਹੀਦੀ 115
- ਭਾਈ ਮੰਝ ਜੀ ਪ੍ਰਸੰਗ 122
- ਪ੍ਰਸੰਗ ਭਾਈ ਤਿਲੋਕਾ ਜੀ 132
- ਪ੍ਰਸੰਗ ਭਾਈ ਸੰਮਣ-ਮੂਸਣ ਜੀ 136
- ਪ੍ਰਸੰਗ ਗੁਰੂ ਹਰਿਗੋਬਿੰਦ ਸਾਹਿਬ ਜੀ 144
- ਪ੍ਰਸੰਗ ਬਿਧੀ ਚੰਦ ਦੇ ਘੋੜੇ 154
- ਜੰਗ ਲੱਲਾ ਬੇਗ 169
- ਪ੍ਰਸੰਗ ਭਾਈ ਆਕਲ ਜੀ 176
- ਪ੍ਰਸੰਗ ਭਾਈ ਹਰਪਾਲ ਜੀ 181
- ਪ੍ਰਸੰਗ ਮਾਈ ਦੇਸਾਂ 194
- ਪ੍ਰਸੰਗ ਮੱਖਣ ਸ਼ਾਹ ਲੁਬਾਣਾ 197
- ਕਸ਼ਮੀਰੀ ਪੰਡਤਾਂ ਦਾ ਅਨੰਦਪੁਰ ਸਾਹਿਬ ਆਉਣਾ 204
- ਸ਼ਹੀਦੀ ਗੁਰੂ ਤੇਗ ਬਹਾਦਰ ਜੀ 211

# ਹਿੰਦੋਸਤਾਨ ਦੀ ਹਾਲਤ

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ 1469 ਈਸਵੀ ਨੂੰ ਰਾਏ ਭੋਲੇ ਦੀ ਤਲਵੰਡੀ (ਨਾਨਕਾਣਾ ਸਾਹਿਬ ਪਾਕਿਸਤਾਨ) ਵਿਚ ਮਹਿਤਾ ਕਾਲੂ ਜੀ ਦੇ ਗ੍ਰਿਹਿ ਵਿਖੇ ਅਵਤਾਰ ਧਾਰਿਆ, ਜਿੱਥੇ ਆਪ ਜੀ ਨੇ ਮਾਤਾ ਤ੍ਰਿਪਤਾ ਜੀ ਦੀ ਪਵਿੱਤਰ ਕੁੱਖ ਨੂੰ ਭਾਗ ਲਾਏ ਉਥੇ ਹੀ ਬੇਬੇ ਨਾਨਕੀ ਜੀ ਦੀ ਛੋਟੇ ਵੀਰ ਨੂੰ ਖਿਡੌਣੇ ਦੀ ਤਮੰਨਾ ਵੀ ਪੂਰੀ ਕੀਤੀ। ਆਪ ਜੀ ਦੇ ਅਵਤਾਰ ਧਾਰਨ ਸਮੇਂ ਹਿੰਦੋਸਤਾਨ ਦੀ ਜਨਤਾ ਜਾਤ ਪਾਤ, ਉਸ ਨੀਚ, ਕਰਮ ਕਾਂਡ, ਛੂਤ ਛਾਤ ਅਤੇ ਬਹੁਤ ਹੀ ਵਹਿਮਾਂ ਭਰਮਾਂ ਵਿਚ ਫਸੀ ਹੋਈ ਸੀ, ਬਾਬਰ ਨੇ ਹਿੰਦੋਸਤਾਨ ਕੀ ਪਰਜਾ ਨੂੰ ਲੁੱਟ ਖਸੁੱਟ ਅਤੇ ਜਬਰ ਜ਼ੁਲਮ ਕਰਕੇ ਹੋਰ ਵੀ ਨਿਮਾਣਾ ਨਿਤਾਣਾ ਅਤੇ ਡਰਪੋਕ ਬਣਾ ਦਿੱਤਾ ਸੀ, ਰਾਜੇ ਸ਼ੀਂਹ ਅਤੇ ਮੁਕੱਦਮ ਕੁੱਤਿਆਂ ਦਾ ਰੂਪ ਧਾਰਨ ਕਰਕੇ ਚੁੱਕੇ ਸਨ, ਧੰਨ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਵੰਗਾਰਦੇ ਹੋਏ ਜਮ ਦਾ ਰੂਪ ਕਿਹਾ ਅਤੇ ਪਰਜਾ ਦੀ ਤਰਸ ਯੋਗ ਹਾਲਤ ਦੇਖਕੇ ਪ੍ਰਮਾਤਮਾ ਨੂੰ ਵੀ ਮਿਹਣਾ ਮਾਰਕੇ ਪੁੱਛਿਆ 'ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ, ਇਸ ਤਰ੍ਹਾਂ ਆਪ ਜ਼ੁਲਮ ਦੀ ਤਸਵੀਰ ਇਸ ਤਰ੍ਹਾ ਬਿਆਨ ਕਰਦੇ ਹਨ 'ਜਿਨ ਸਿਰਿ ਸੋਹਿਨ ਪੱਟੀਆਂ ਮਾਗੀ ਪਾਇ ਸੰਧੂਰ, ਸੋ ਧਿਰ ਕਾਤੀ ਮੁੰਨੀ ਅਨਿ ਗਲ ਵਿਚ ਆਵੇ ਧੂੜ। ਆਪ ਜੀ ਨੇ ਧਰਤ ਲੁਕਾਈ ਨੂੰ ਸੋਧਣ ਲਈ ਦੁਨੀਆ ਤੋਂ ਵੱਖਰਾ ਹੀ ਤਰੀਕਾ ਚੁਣਿਆ। ਉਹ ਹਥਿਆਰ ਸਨ ਗੁਰਬਾਣੀ ਅਤੇ ਸੰਗੀਤ, ਇਹਨਾਂ ਹਥਿਆਰਾਂ ਨਾਲ ਕਿਸੇ ਦੀ ਜਾਨ ਨਹੀਂ ਲਈ, ਸਗੋਂ ਜਾਨਾਂ ਲੈਣ ਵਾਲਿਆਂ ਨੂੰ ਸੱਚ ਦਾ ਮਾਰਗ ਦਿਖਾਇਆ, ਸ਼ਬਦ ਦਾ ਜਹਾਜ਼ ਬਣਾਕੇ ਆਪ ਜੀ ਨੇ ਤਕਰੀਬਨ 39000 ਮੀਲ ਦਾ ਸਫਰ ਕੀਤਾ, ਜਿਨ੍ਹਾਂ ਵਿਚ ਅਰਬ ਦੇਸ਼, ਲੰਕਾ, ਤਿੱਬਤ, ਚੀਨ ਅਤੇ ਅੱਜ ਕੱਲ੍ਹ ਦਾ ਬੰਗਲਾ ਦੇਸ਼ ਸ਼ਾਮਿਲ ਹਨ, ਸ਼ਬਦ (ਗੁਰਬਾਣੀ) ਦਾ ਸੂਰਜ ਬਣਾਕੇ ਪਾਪਾਂ ਦੀ ਰਾਤ ਨੂੰ ਚਾਨਣ ਵਿਚ ਬਦਲ ਕੇ ਇਕ ਨਵਾਂ ਹੀ ਇਨਕਲਾਬ ਲਿਆਂਦਾ

ਸੱਚ ਖੰਡ ਦੇ ਵਿਚੋਂ ਇੱਕ ਜੋਤ ਤੁਰੀ, ਸੱਚੇ ਸੌਦੇ ਹੀ ਕਰਨ ਲਈ
ਪੱਥਰਾਂ ਨੂੰ ਮੋਮ ਬਣਾਵਣ ਲਈ, ਰੀਠੇ ਵਿਚ ਅੰਮ੍ਰਿਤ ਭਰਨ ਲਈ.....
ਸੱਚ ਖੰਡ ਦੇ ਵਿਚੋਂ ਇੱਕ ਜੋਤ ਤੁਰੀ............

ਇੱਕ ਭੋਲੀ ਭਾਲੀ ਸੂਰਤ ਨੂੰ ਸੱਪ ਆਕੇ ਛਾਵਾਂ ਕਰਦੇ ਨੇ
ਸਦਕੇ ਤੇਰੀ ਨਜ਼ਰ ਤੋਂ ਉਜੜੇ ਖੇਤ, ਹਰਿਆਲੀ ਦੇ ਨਾਲ ਭਰਦੇ ਨੇ
ਨੀਚਾਂ ਨੂੰ ਗਲੇ ਲਗਾਵਣ ਲਈ, ਦੁਖੀਆਂ ਦੇ ਦੁਖੜੇ ਹਰਨ ਲਈ
ਸੱਚ ਖੰਡ ਦੇ ਵਿਚੋਂ ਇੱਕ ਜੋਤ ਤੁਰੀ............

ਜਦ ਲੋੜਵੰਦਾਂ ਦੀਆਂ ਲੋੜਾਂ ਲਈ, ਸੀ ਆਪਣਾ ਪਰਾਇਆ ਭੁੱਲ ਗਿਆ
ਤੇਰਾ ਤੇਰਾ ਤੋਲੀਂ ਜਾਂਦਾ, ਹੱਟ ਨਾਨਕ ਦਾਸੀ ਖੁੱਲ੍ਹ ਗਿਆ
ਸੱਚੇ ਰਾਹ ਤੁਰਦੇ ਜਾਓ ਜੀ, ਨਾਨਕ ਨੇ ਕਿਹਾ ਨਹੀਂ ਡਰਨ ਲਈ
ਸੱਚ ਖੰਡ ਦੇ ਵਿਚੋਂ ਇੱਕ ਜੋਤ ਤੁਰੀ............

ਭਰਮਾਂ ਵਿਚ ਫਸੀ ਲੁਕਾਈ ਨੂੰ, ਤੂੰ ਸੱਚ ਦਾ ਰਾਹ ਦਿਖਲਾ ਦਿੱਤਾ
ਜਦ ਹਰਦੁਆਰ ਤੋਂ ਪਾਣੀ ਨੂੰ, ਪੰਜਾਬ ਦੇ ਵਿਚ ਪੁਚਾ ਦਿੱਤਾ
ਇਹ ਝੂਠੇ ਪੰਡੇ ਜੋਤਸ਼ੀ, ਸਾਧਾਂ ਤੋਂ ਸਾਵਧਾਨ ਕਰਨ ਲਈ
ਸੱਚ ਖੰਡ ਦੇ ਵਿਚੋਂ ਇੱਕ ਜੋਤ ਤੁਰੀ............

ਕਲਯੁੱਗ ਦੇ ਪਾਪੀ ਜੀਵਾਂ ਲਈ, ਵਾਹਿਗੁਰੂ ਦਾ ਨਾਮ ਜਪਾਵਣ ਲਈ
ਸੱਚਾ ਬੱਸ ਰੱਬ ਦਾ ਨਾਮ ਹੀ ਹੈ, ਇਹ ਗੱਲ ਸਭ ਨੂੰ ਸਮਝਾਵਣ ਲਈ
'ਸੋਮਾ ਆਦਮਪੁਰੀਆ' ਬਾਣੀ, ਬਖਸ਼ੀ ਭਵਜਲ 'ਚੋਂ ਤਰਨ ਲਈ
ਸੱਚ ਖੰਡ ਦੇ ਵਿਚੋਂ ਇੱਕ ਜੋਤ ਤੁਰੀ............

***

# ਬਿਨ ਤੇਰੇ ਬਾਬਾ ਨਾਨਕ ਜੀ

ਗੀਠੇ ਵਿਚ ਅੰਮ੍ਰਿਤ ਪਾਇਆ ਕਿੰਨ, ਬਿਨ ਤੇਰੇ ਬਾਬਾ ਨਾਨਕ ਜੀ
ਪੱਥਰਾਂ ਨੂੰ ਮੋਮ ਬਣਾਇਆ ਕਿੰਨ, ਬਿਨ ਤੇਰੇ ਬਾਬਾ ਨਾਨਕ ਜੀ........
..........................................................

ਜਦ ਭੁੱਖੇ ਸਾਧੂ ਆਣ ਮਿਲੇ, ਚਾਅ ਚੜ੍ਹਿਆ ਸੇਵਾ ਕਰਨੇ ਦਾ
ਉਪਦੇਸ਼ ਦਿੱਤਾ ਗੁਰਸਿੱਖਾਂ ਨੂੰ, ਗੈਰਾਂ ਦੇ ਦੁਖੜੇ ਜਰਨੇ ਦਾ
ਸੱਚੇ ਸੌਦੇ ਐਵ ਡੀ ਕਰਕੇ, ਅੱਜ ਤੱਕ ਹੈ ਲੰਗਰ ਚਲਾਇਆ ਕਿੰਨ
ਬਿੰਨ ਤੇਰੇ ਬਾਬਾ ਨਾਨਕ ਜੀ, ਬਿੰਨ ਤੇਰੇ ਬਾਬਾ..........
..............................................................

ਮਿੱਠੇ ਬੋਲਾਂ ਦੀ ਰੀਸ ਨਹੀਂ, ਹੁੰਦਾ ਗੁੱਸਾ ਸੁਖਦਾਈ ਨਹੀਂ
ਗੁਣ ਨਹੀਂ ਨਿਮਰਤਾ ਜਿਹਾ ਕੋਈ, ਨਫਰਤ ਜਿਹੀ ਕੋਈ ਬੁਰਾਈ ਨਹੀਂ
ਹਰ ਜੀਓ ਹੰਕਾਰ ਨਾ ਭਾਵਈ, ਬਲੀ ਕੰਧਾਰੀ ਨੂੰ ਸਮਝਾਇਆ ਕਿੰਨ.......
ਬਿੰਨ ਤੇਰੇ ਬਾਬਾ ਨਾਨਕ ਜੀ, ਬਿੰਨ ਤੇਰੇ ਬਾਬਾ..........
..............................................................

ਰੁਹੇਲ ਖੰਡ ਦੀ ਧਰਤੀ ਤੇ, ਇੱਕ ਨਵੀਂ ਹੀ ਰੀਤ ਚਲਾ ਦਿੱਤੀ
ਭੈੜੀ ਸੀ ਰਸਮ ਗੁਲਾਮੀ ਦੀ, ਉਹਦੀ ਸਦਾ ਲਈ ਅਲਖ ਮੁਕਾ ਦਿੱਤੀ
ਬੰਦਾ ਬੰਦੇ ਨੂੰ ਪਿਆਰ ਕਰੇ, ਖੁਦ ਬਣਕੇ ਗੁਲਾਮ ਦਿਖਾਇਆ ਕਿੰਨ........
ਬਿੰਨ ਤੇਰੇ ਬਾਬਾ ਨਾਨਕ ਜੀ, ਬਿੰਨ ਤੇਰੇ ਬਾਬਾ..........
..............................................................

ਜੰਤਰ ਮੰਤਰ ਟੂਣੇ ਜਾਦੂ, ਸੱਭ ਝੂਠੇ ਰੋਗ ਤਮਾਸ਼ੇ ਨੇ
ਦੇਹ ਮਿਲੀ ਹੈ ਨਾਮ ਜਪਣ ਦੇ ਲਈ, ਬੱਸ ਚਾਰ ਦਿਨਾਂ ਦੇ ਹਾਸੇ ਨੇ
ਭਵਜਲ ਦੇ ਵਿਚੋਂ ਤਾਰਨ ਲਈ, ਬਾਣੀ ਦਾ ਜਹਾਜ਼ ਬਣਾਇਆ, ਕਿਨ
ਬਿੰਨ ਤੇਰੇ ਬਾਬਾ ਨਾਨਕ ਜੀ, ਬਿੰਨ ਤੇਰੇ ਬਾਬਾ..........
..............................................................
ਸੱਜਣ ਠੱਗ ਭੂਮੀਏ ਡਾਕੂ ਨੂੰ, ਬਾਣੀ ਦਾ ਪਾਠ ਪੜ੍ਹਾ ਦਿੱਤਾ
ਕੌਡੇ ਰਾਕਸ਼ ਤੇ ਭਾਗੋ ਨੂੰ 'ਸੋਮਾ' ਰੱਤ ਪੀਣੋਂ ਹਟਾ ਦਿੱਤਾ
ਆਦਮਪੁਰੀਆ, ਗੁਰੂ ਬਾਣੀ ਹੈ, ਫਿਰ ਸ਼ਬਦ ਗੁਰੂ ਲੜ ਲਾਇਆ ਕਿੰਨ
ਬਿੰਨ ਤੇਰੇ ਬਾਬਾ ਨਾਨਕ ਜੀ, ਬਿੰਨ ਤੇਰੇ ਬਾਬਾ

# ਪ੍ਰਸੰਗ ਗੁਰੂ ਨਾਨਕ ਦੇਵ ਜੀ

## ਕਲੀ

ਰਿਸ਼ੀਆਂ ਮੁਨੀਆਂ ਦੀ ਧਰਤੀ ਸੀ ਜਿਹੜੀ ਭਾਰਤ ਦੀ
ਦਿੱਤੀ ਰੰਗ ਖ਼ੂਨ ਦੇ ਨਾਲ ਵਿਦੇਸ਼ੋਂ ਆਕੇ

ਆਉਂਦੇ ਜਰਵਾਣੇ ਲੈ ਜੰਜ ਪਾਪ ਦੀ ਕਾਬਲ ਤੋਂ
ਵੇਚਣ ਬਹੂ ਬੇਟੀਆਂ ਗਜ਼ਨੀ ਵਿਚ ਲਿਜਾਕੇ।

ਕਿਧਰੇ ਕੌਡੇ ਰਾਕਸ਼ ਵਰਗੇ ਜ਼ੁਲਮ ਕਮਾਉਂਦੇ ਸੀ
ਕਿਧਰੇ ਸੱਜਣ ਠੱਗ ਸੀ ਠੱਗਦੇ ਭੇਸ ਵਟਾਕੇ

ਕਿਧਰੇ ਲਾਲੋ ਜਿਹੇ ਕ੍ਰਿਤੀ ਦੁਤਕਾਰੇ ਜਾਂਦੇ ਸੀ
ਚੌਧਰ ਭਾਗੋ ਵਰਗੇ ਕਰਦੇ ਅੱਖ ਦਿਖਾਕੇ

ਨੇਕੀ ਖੂੰਜੇ ਲਾ ਦਿੱਤੀ ਸੀ ਰਲਕੇ ਬਦੀਆਂ ਨੇ
ਖ਼ੁਸ਼ੀ ਮਨਾਉਂਦੀ ਸੀ ਪਈ ਬਾੜ ਖੇਤ ਨੂੰ ਖਾਕੇ

ਡਰਦੇ ਕੋਤਵਾਲ ਸੀ ਡਾਕੂ ਚੋਰਾਂ ਯਾਰਾਂ ਤੋਂ
ਉਡ ਗਿਆ ਧਰਮ ਸੀ ਕਿੱਥੇ, ਪਤਾ ਨਹੀਂ ਖੰਭ ਲਾਕੇ

ਜੋ ਵੀ ਆਇਆ ਇੱਥੇ ਆਪਣਾ ਨਾਮ ਜਪਾਉਂਦਾ ਸੀ
ਬੇਬਸ ਤੱਕੇ ਸਿਰਜਣਹਾਰ ਰਚਨਾ ਰਚਾਕੇ

'ਸੋਮਾ' ਆਦਮਪੁਰੀਆ' ਸੁਣ ਹੌਕੇ ਮਜ਼ਲੂਮਾਂ ਦੇ
ਪ੍ਰਗਟਿਆ ਨਾਰਾਇਣ ਨਾਨਕ ਰੂਪ ਬਣਾਕੇ

***

ਸਰਬ ਸ਼ਕਤੀਮਾਨ ਅਕਾਲ ਪੁਰਖ ਵਾਹਿਗੁਰੂ ਨੇ ਦੁਖੀਆਂ ਦੀ ਅਵਾਜ਼ ਸੁਣਕੇ ਆਪ ਨਾਨਕ ਦੇ ਰੂਪ ਵਿੱਚ ਮਾਤਲੋਕ ਵਿਚ ਆਉਣ ਦਾ ਫੈਸਲਾ ਕੀਤਾ ਅਤੇ 1469 ਈਸਵੀ ਨੂੰ ਮਾਤਾ ਤ੍ਰਿਪਤਾ ਜੀ ਦੀ ਪਵਿੱਤਰ ਕੁੱਖ ਨੂੰ ਭਾਗ ਲਾਏ। ਉਸ ਸਮੇਂ ਦਾ ਖੁਸ਼ਗਵਾਰ ਵਾਤਾਵਰਣ ਗੀਤ ਵਿਚ ਇਸ ਤਰ੍ਹਾਂ ਕਲਮਬੰਦ ਹੈ।

## ਗੀਤ

ਨਾਨਕ ਦੇ ਰੂਪ ਵਿੱਚ ਰੱਬ ਆਇਆ ਨਨਕਾਣੇ
ਅਰਸ਼ਾਂ ਤੋਂ ਫੁੱਲ ਵਰਸੌਣ ਦੇਵਤੇ, ਅੱਜ ਖੁਸ਼ੀਆਂ
ਖੁਸ਼ੀਆਂ ਦੇ ਗੀਤ ਪਏ ਗਾਉਣ ਦੇਵਤੇ, ਜੀ ਅੱਜ ਖੁਸ਼ੀਆਂ.......
............................................

ਬੇਬੇ ਨਾਨਕੀ ਦੀ ਅੱਜ ਸੁਣੀ ਗਈ ਪੁਕਾਰ ਹੈ
ਮਾਤਾ ਤ੍ਰਿਪਤਾ ਦੀ ਦਿੱਤਾ ਗੋਦੀ ਨੂੰ ਸ਼ਿੰਗਾਰ ਹੈ
ਭਾਗ ਜਾਗੇ ਅੱਜ ਪਿਤਾ ਕਾਲੂ ਪਟਵਾਰੀ ਦੇ ਨੇ
ਦੀਪਮਾਲਾ ਲੱਗੇ ਨੂੰ ਜਲਾਉਣ ਦੇਵਤੇ, ਜੀ ਅੱਜ ਖੁਸ਼ੀਆਂ........
..................................

ਅਰਸ਼ਾਂ ਦੇ ਉਤੇ ਅੱਜ ਹੁੰਦੀ ਜੈ ਜੈ ਕਾਰ ਹੈ
ਧਰਤੀ ਦੇ ਉਤੇ ਆਈ ਨਵੀਂ ਹੀ ਬਹਾਰ ਹੈ
ਦੁਖੀਆਂ ਦੇ ਦੁੱਖੜੇ ਮਿਟੌਣ ਦੇ ਲਈ ਰੱਬ ਆਇਆ
ਸ਼ੁਕਰ ਖੁਦਾ ਦਾ ਪਏ ਮਨਾਉਣ ਦੇਵਤੇ, ਜੀ ਅੱਜ ਖੁਸ਼ੀਆਂ
....................................

ਮੁਰਝਾਏ ਫੁੱਲ ਵੀ ਨੇ ਮਹਿਕਾਂ ਅੱਜ ਵੰਡਦੇ
ਭੰਗੜੇ ਨੇ ਪਾਉਂਦੇ ਚੰਦ ਤਾਰੇ ਬ੍ਰਹਿਮੰਡ ਦੇ
'ਸੋਮਾ ਆਦਮਪੁਰੀਆ' ਸਹਾਰਾ ਆਇਆ ਦੁਖੀਆਂ ਦਾ
ਢੋਲਕੀਆਂ ਛੈਣੇ ਖੜਕਾਉਣ ਦੇਵਤੇ, ਜੀ ਅੱਜ ਖੁਸ਼ੀਆਂ.........
......................................

***

## ਤਰਜ਼:-ਗੜਵਾ ਲੈ ਦੇ ਚਾਂਦੀ ਦਾ

ਆ ਗਿਆ ਜਹਾਨ ਵਿਚ ਬਾਲੀ ਦੋ ਜਹਾਨ ਦਾ
ਉਹਦਾ ਮੁੱਖ ਚੰਨ ਨਾਲੋਂ ਸੋਹਣਾ ਹੈ
ਮਿੱਟੂ ਧੁੰਦ ਜੱਗ ਚਾਨਣ ਹੋਣਾ ਹੈ, ਮਿੱਟੂ ਧੁੰਦ ਜੱਗ ਚਾਨਣ........
......................................

ਵਿਚ ਤਲਵੰਡੀ ਅਵਤਾਰ ਉਹਨੇ ਧਾਰਿਆ
ਮਾਤਾ ਤ੍ਰਿਪਤਾ ਅੱਜ ਗੋਦੀ ਨੂੰ ਸ਼ਿਗਾਰਿਆ
ਸੱਚ ਦੀ ਹੋਵੇਗੀ ਜੈ ਜੈ ਕਾਰ ਘਰ ਘਰ ਵਿੱਚ
ਪਾਪਾਂ ਨੇ ਨੱਸ ਖਲੋਣਾ ਹੈ, ਮਿੱਟੂ ਧੁੰਦ ਜੱਗ ਚਾਨਣ............
......................................

ਸੱਜਣ, ਕੰਧਾਰੀ, ਕੌਡਾ ਸਿੱਧੇ ਰਾਹੇ ਪੈਣਗੇ
ਭੁੱਲਾਂ ਬਖਸ਼ੌਣ ਲਈ ਕਦਮਾਂ 'ਚ ਢੈਣਗੇ
ਧਰਤੀ ਨੂੰ ਲੱਗਾ ਹੋਇਆ ਦਾਗ ਜਿਹੜਾ ਪਾਪਾਂ ਵਾਲਾ
ਗੁਰਬਾਣੀ ਨਾਲ ਧੋਣਾ ਹੈ, ਮਿੱਟੂ ਧੁੰਦ ਜੱਗ ਚਾਨਣ...........
........................................

ਹਿੰਦੂਆਂ ਦਾ ਗੁਰੂ ਅਤੇ ਮੋਮਨਾਂ ਦਾ ਪੀਰ ਹੈ
'ਸੋਮਾ' ਉਹਦੇ ਹੱਥ ਦੁਨੀਆ ਦੀ ਤਕਦੀਰ ਹੈ,।
ਲਾਲੋ ਦੀਆਂ ਰੋਟੀਆਂ 'ਚੋਂ ਦੁੱਧ ਵਗੂ 'ਆਦਮਪੁਰੀਆ'
ਰੱਤ ਭਾਗੋ ਦੀਆਂ ਪੂਰੀਆਂ 'ਚੋਂ ਚੋਣਾ ਹੈ, ਮਿੱਟੂ ਧੁੰਦ ਜੱਗ ਚਾਨਣ......
ਆਇਆ ਬੇਦੀਆਂ ਦੀ ਕੁੱਲ ਸ਼ਿੰਗਾਰ, ਘਰ ਘਰ ਹੋਈ ਚਰਚਾ
ਸੁੱਕੇ ਬੂਟਿਆਂ ਤੇ ਆ ਗਈ ਬਹਾਰ, ਘਰ ਘਰ ਹੋਈ ਚਰਚਾ
..........................................

ਚੰਨ ਪੁੰਨਿਆਂ ਦੇ ਨਾਲੋਂ ਸੋਹਣਾ ਲੱਗਦਾ
ਨੂਰ ਮੁਖੜੇ ਤੇ ਜਿਵੇਂ ਗੋਲਾ ਅੱਗ ਦਾ
ਆਇਆ ਬਣ ਕੇ ਸਹਾਰਾ ਦੁਖੀ ਜੱਗ ਦਾ
ਰੂਪ ਨਾਨਕ ਦੇ ਵਿਚ ਨਿਰੰਕਾਰ, ਘਰ ਘਰ ਹੋਈ ਚਰਚਾ
ਆਇਆ ਬੇਦੀਆਂ ਦੀ ਕੁੱਲ ਦਾ ਸ਼ਿੰਗਾਰ............
..............................................

ਪਿਆ ਪੰਡਤ ਹੈ ਪਤਰੀ ਬਣਾਂਵਦਾ
ਖੁਸ਼ੀ ਨਾਲ ਨਹੀਓਂ ਫੁੱਲਿਆ ਸਮਾਂਵਦਾ
ਗੱਲ ਆਉਣ ਵਾਲੇ ਸਮੇਂ ਦੀ ਸੁਣਾਂਵਦਾ
ਇਹਦੀ ਜੱਗ ਤੇ ਹੋਵੇਗੀ ਜੈ ਜੈ ਕਾਰ, ਘਰ ਘਰ ਹੋਈ ਚਰਚਾ
ਆਇਆ ਬੇਦੀਆਂ ਦੀ ਕੁੱਲ ਦਾ ਸ਼ਿੰਗਾਰ...........
...............................................

ਮਾਤਾ ਤ੍ਰਿਪਤਾ ਨੂੰ ਮਿਲਣ ਵਧਾਈਆਂ
ਘਰ ਵੱਜਦੇ ਬੈਂਡ ਸ਼ਹਿਨਾਈਆਂ
ਭੈਣ ਨਾਨਕੀ ਨੇ ਖੁਸ਼ੀਆਂ ਮਨਾਈਆਂ
'ਸੋਮਾ' ਵੀਰ ਜੀਹਦਾ ਖੁਦ ਕਰਤਾਰ, ਘਰ ਘਰ ਹੋਈ ਚਰਚਾ..........
ਆਇਆ ਬੇਦੀਆਂ ਦੀ ਕੁੱਲ ਦਾ ਸ਼ਿੰਗਾਰ..........
...................................................

***

ਮਹਿਤਾ ਕਾਲੂ ਜੀ ਨੇ ਅੰਮ੍ਰਿਤ ਵੇਲੇ ਹੀ ਪੰਡਤ ਹਰਿਦਿਆਲ ਜੀ ਨੂੰ ਨਾਨਕ ਦੀ ਜਨਮ ਪੱਤਰੀ (ਟੇਵਾ) ਬਣਾਉਣ ਲਈ ਕਿਹਾ, ਪੰਡਤ ਹਰਿਦਿਆਲ ਨੂੰ ਖੁਸ਼ੀ ਵਿੱਚ ਹਿਸਾਬ ਕਿਤਾਬ ਲਾਉਂਦੇ ਦੇਖਕੇ ਪਤਨੀ ਕੁੱਝ ਸਵਾਲ ਕਰਦੀ ਹੈ ਅਤੇ ਪੰਡਤ ਜੀ ਅੱਗੇ ਇਸ ਤਰ੍ਹਾਂ ਜਵਾਬ ਦਿੰਦੇ ਹਨ।

## ਤਰਜ਼:-ਅੰਮੀਏਂ ਬੁੱਝ ਮੇਰੀ ਮੁੱਠੀ ਵਿਚ ਕੀ

ਸਵਾਲ: ਇੱਕ ਪਹਿਰ ਰਾਤ ਅਜੇ ਬਾਕੀ ਦਿਨ ਚੜ੍ਹਨੇ 'ਚ ਹੱਥ ਵਿਚ ਪੱਤਰੀ ਏ ਫੜੀ
ਪੰਡਤ ਜੀ ਹੱਥ ਵਿਚ ਪਤਰੀ ਏ ਫੜੀ................
..................................................

ਜਵਾਬ: ਧੰਨ ਭਾਗ ਸਾਡੇ ਅਤੇ ਧੰਨਭਾਗ ਧਰਤੀ ਦੇ, ਅੱਜ ਦੀ ਹੈ ਭਾਗਾਂ ਵਾਲੀ ਘੜੀ
ਸੁਆਣੀਏ ਅੱਜ ਦੀ ਹੈ ਭਾਗਾਂ ਵਾਲੀ ਘੜੀ..........
.................................................

ਸਵਾਲ: ਰੋਂਦੇ ਕੁਰਲਾਉਂਦੇ ਵਿੱਚ ਫਿਕਰਾਂ ਦੇ ਸੁੱਤੇ ਸੀਗੇ, ਰਾਤੋ ਰਾਤ ਪਰਲੋ ਕੀ ਆਈ
ਪੰਡਤ ਜੀ ਰਾਤੋ ਰਾਤ ਪਰਲੋ ਕੀ ਆਈ..............
.................................................

ਜਵਾਲ: ਇਹੀ ਤੇ ਮੈਂ ਲਾਉਂਦਾ ਹਾਂ ਹਿਸਾਬ ਵਡਭਾਗਣੇ, ਦੁਖੀਆਂ ਦੀ ਸੁਣੀ ਗਈ ਦੁਹਾਈ
ਸੁਆਣੀਏ ਦੁਖੀਆਂ ਦੀ ਸੁਣੀ ਗਈ ਦੁਹਾਈ............
...................................................

ਸਵਾਲ: ਸਿੱਧੀ ਗੱਲ ਕਰਦੇ ਨਾ ਪਾਉਂਦੇ ਹੋ ਬੁਝਾਰਤਾਂ, ਮੇਰੇ ਤਾਂ ਪਿਆ ਨਾ ਕੁੱਝ ਪੱਲੇ
ਪੰਡਤ ਜੀ ਮੇਰੇ ਤਾਂ ਪਿਆ ਨਾ ਕੁੱਝ ਪੱਲੇ.............
...................................................

ਜਵਾਬ: ਸੁਣਦੇ ਸੀ ਸਵਰਗ 'ਚ ਕਿਤੇ ਭਗਵਾਨ ਬੈਠਾ, ਜਾਪਦਾ ਹੈ ਆ ਗਿਆ ਉਹ ਥੱਲੇ
ਸੁਆਣੀਏ ਜਾਪਦਾ ਹੈ ਆ ਗਿਆ ਥੱਲੇ.............
..............................................

ਸਵਾਲ: ਲੱਗਦਾ ਹੈ ਤੁਸਾਂ ਤਾਈਂ ਚੀਜ਼ ਕਿਸੇ ਓਪਰੀ ਨੇ, ਸੁਪਨੇ ਦੇ ਵਿੱਚ ਡਰਾਇਆ
ਪੰਡਤ ਜੀ ਸੁਪਨੇ ਦੇ ਵਿੱਚ ਡਰਾਇਆ
...................................

ਜਵਾਬ: ਸੁਪਨੇ ਦੀ ਗੱਲ ਨਹੀਂ ਕਰਦਾ ਮੈਂ ਭਾਗਵਾਨੇ, ਕਾਲੂ ਘਰ ਕਾਕਾ ਅੱਜ ਆਇਆ
ਸੁਆਣੀਏ ਕਾਲੂ ਘਰ ਕਾਕਾ ਅੱਜ ਆਇਆ..........
....................................

ਜਵਾਬ: ਪੁੱਟਿਆ ਪਹਾੜ ਅਤੇ ਨਿਕਲਿਆ ਚੂਹਾ, ਨਿੱਕੀ ਬਾਤ ਦਾ ਬਤੰਗੜ ਬਣਾਇਆ
ਪੰਡਤ ਜੀ ਬਾਤ ਦਾ ਬਤੰਗੜ ਬਣਾਇਆ..........
.......................................

ਸਵਾਲ: ਭਾਗ ਲੱਗੇ ਅੱਜ ਮਾਤਾ ਦੀ ਕੁੱਖ ਨੂੰ, ਪਾਪੀਆਂ ਦਾ ਹੋਣਾ ਹੈ ਸਫਾਇਆ
ਸੁਆਣੀਏ ਪਾਪੀਆਂ ਦਾ ਹੋਣਾ ਹੈ ਸਫਾਇਆ...........
.........................................

ਜਵਾਬ: ਨਿੱਤ ਇੱਥੇ ਜੰਮਦੇ ਤੇ ਨਿੱਤ ਇਥੇ ਮਰਦੇ, ਤੁਸੀਂ ਕਿਉਂ ਮਗਜ ਖਪਾਉਂਦੇ
ਪੰਡਤ ਜੀ ਤੁਸੀਂ ਕਿਉਂ ਮਗਜ ਖਪਾਉਂਦੇ
...........................................

ਸਵਾਲ: ਇਹੋ ਜਿਹਾ ਲਾਲ ਮਾਤਾ ਵਿਰਲਾ ਕੋਈ ਜੰਮਦੀ ਏ, ਨਿੱਤ ਅਵਤਾਰ ਨਹੀਂ ਆਉਂਦੇ
ਸੁਆਣੀਏ ਨਿੱਤ ਅਵਤਾਰ ਨਹੀਂ ਆਉਂਦੇ.................
................................................

ਜਵਾਬ: ਕੀ ਭਲਾ ਦੱਸਦੀ ਏ ਪੱਤਰੀ ਤੁਸਾਂ ਦੀ, ਬਣੂ ਕਾਨੂਗੋ ਜਾਂ ਬਣੂ ਪਟਵਾਰੀ
ਪੰਡਤ ਜੀ ਕਾਨੂਗੋ ਬਣੂ ਜਾਂ ਪਟਵਾਰੀ.....................
..................................................

ਜਵਾਬ: 'ਸੋਮਾ ਆਦਮਪੁਰੀਆ' ਹੈ ਉਹ ਤੇ ਰੂਪ ਰੱਬ ਦਾ, ਦੁਨੀਆ ਪੂਜੂਗੀ ਉਹਨੂੰ ਸਾਰੀ
ਸੁਆਣੀਏ ਦੁਨੀਆ ਪੂਜੂਗੀ ਉਹਨੂੰ ਸਾਰੀ...............
.....................................................

***

ਜਦੋਂ ਰਸਮਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਗਲ ਵਿਚ ਜੰਜੂ ਪਾਉਣ ਲਈ ਦਿਨ ਮਿਥਿਆ ਗਿਆ ਤਾਂ ਸਾਰੇ ਸਾਕ ਸਬੰਧੀ ਬੁਲਾਏ ਗਏ, ਪੰਡਤ ਜੀ ਜੰਜੂ ਲੈ ਕੇ ਮਹਿਤਾ ਕਾਲੂ ਜੀ ਦੇ ਘਰ ਆ ਗਏ। ਸਾਰੀਆਂ ਤਿਆਰੀਆਂ ਕਰਕੇ ਜਦੋਂ ਜੰਜੂ ਪਾਉਣ ਲੱਗੇ ਤਾਂ ਗੁਰੂ ਸਾਹਿਬ ਨੇ ਜੰਜੂ ਪਾਉਣ ਤੋਂ ਇਨਕਾਰ ਕਰ ਦਿੱਤਾ। ਸਗੋਂ ਆਪ ਜੀ ਨੇ ਪੰਡਤ ਨੂੰ ਕਿਹਾ ਕਿ ਮੈਂ ਜਿਹੋ ਜਿਹਾ ਜੰਜੂ ਪਾਉਣਾ ਚਾਹੁੰਦਾ ਹਾਂ ਅਗਰ ਤੇਰੇ ਕੋਲ ਹੈ ਤਾਂ ਪਾ ਦਿਓ। ਪੰਡਤ ਨੇ ਕਿਹਾ ਕਿ ਤੁਸੀਂ ਕਿਸ ਤਰ੍ਹਾਂ ਦਾ ਜੰਜੂ ਪਾਉਣਾ ਚਾਹੁੰਦੇ ਹੋ ਤਾਂ ਗੁਰੂ ਸਾਹਿਬ ਨੇ ਇਸ ਤਰ੍ਹਾਂ ਦਾ ਜੰਜੂ ਪਾਉਣ ਲਈ ਕਿਹਾ।

**ਤਰਜ਼:-ਟੱਪੇ ਮਾਹੀਆ**

ਜੱਗ ਮਾਰਿਆ ਭਰਮਾਂ ਨੇ, ਜੰਜੂ ਕਿਸ ਕੰਮ ਆਵਣਾ,
ਬੇੜੇ ਬੰਨੇ ਲਾਉਣੇ ਕਰਮਾਂ ਨੇ;

ਤੈਨੂੰ ਜੇ ਮਜਬੂਰੀ ਏ, ਜੰਜੂ ਹੋਵੇ ਇਸ ਢੰਗ ਦਾ,
ਜੋ ਤੂੰ ਪਾਉਣਾ ਜ਼ਰੂਰੀ ਏ,

ਉਹਦੀ ਦਯਾ ਦੀ ਕਪਾਹ ਹੋਵੇ, ਜੇ ਹੈ ਤਾਂ ਪਾ ਪੰਡਤਾ,
ਕਦੇ ਜਲ ਨਾ ਸੁਆਹ ਹੋਵੇ

ਜੰਜੂ ਉਹ ਗਲ ਪਾਈਦਾ,
ਜਤ ਦੀਆਂ ਹੋਣ ਗੰਢਾਂ ਵੱਟ ਹੋਵੇ ਸਚਾਈ ਦਾ

ਉਹਦਾ ਸਵਰ ਦਾ ਸੂਤ ਹੋਵੇ, ਕਦੇ ਨਾ ਜੋ ਟੁੱਟੇ ਪੰਡਤਾ,
ਸੱਚ ਤੋਂ ਵੀ ਮਜ਼ਬੂਤ ਹੋਵੇ

ਗੀਤਾਂ ਝੂਠੀਆਂ ਨੂੰ ਤੋੜ ਦੇਈਏ,
ਜੋ 'ਸੋਮਾ' ਭਾਵੇਂ ਰੱਬ ਨੂੰ ਉਹਨੂੰ ਰਸਮਾਂ 'ਚ ਜੋੜ ਲਈਏ।

***

# ਮੱਝੀਆਂ ਚਾਰਨ ਜਾਣਾ

ਨਾਮ ਦੀ ਖੁਮਾਰੀ ਚੜ੍ਹੀ ਰਹੇ ਦਿਨ ਰਾਤ, ਬਣ ਗਿਆ ਅੱਜ ਚਾਕ
ਦੇਖੋ ਵੱਗ ਦਾ, ਮੱਝੀਆਂ ਚਰਾਉਣ ਚੱਲਿਆ ਦਾਤਾ ਜੱਗ ਦਾ........
.......................................

ਚਿਹਰੇ ਉਤੇ ਨੂਰ ਕੋਈ ਚੜ੍ਹਿਆ ਸਰੂਰ, ਜਾਵੇ ਝੂਮਦਾ ਸ਼ਰਾਬੀਆਂ ਦੇ ਵਾਂਗ ਜੀ
ਉਹਨੇ ਹੱਥ ਵਿਚ ਫੜੀ ਹੋਈ ਏ ਡਾਂਗ ਜੀ...............
.........................................
ਬੈਠਾ ਰੁੱਖ ਥੱਲੇ ਜਾਕੇ, ਦੇਖੋ ਪਰਨਾ ਵਿਛਾਕੇ
ਚਿੱਤ ਪ੍ਰਭੂ ਦਿਆ ਚਰਨਾਂ 'ਚ ਲੱਗਦਾ, ਮੱਝੀਆਂ ਚਰੌਣ ਚੱਲਿਆ..........
...........................................

ਪਏ ਖੇਤ ਲਹਿਰੌਣ ਜਿਵੇਂ ਹੁੰਦੇ ਵਿਚ ਸੌਣ
ਮੱਝਾਂ ਵੜ ਗਈਆਂ ਵਿੱਚ ਟੱਪ ਵਾੜ ਜੀ, ਦਿੱਤਾ ਹਰੇ ਭਰੇ ਖੇਤ ਨੂੰ ਉਜਾੜ ਜੀ
ਭੱਟੀ ਖੇਤ ਵਾਲਾ ਆਇਆ, ਤੱਕ ਖੇਤ ਦਾ ਸਫਾਇਆ
ਬਣ ਗਿਆ ਹੈ ਭਬੂਕਾ ਉਹ ਤੇ ਅੱਗ ਦਾ, ਮੱਝੀਆਂ ਚਰੌਣ ਚੱਲਿਆ...........
..............................................

ਕੰਨੋਂ ਫੜਕੇ ਉਠਾਇਆ, ਰਾਏ ਕੋਲ ਲੈ ਕੇ ਆਇਆ
ਕਹਿੰਦਾ ਮੇਰੀ ਤੇ ਹੈ ਕਿਸਮਤ ਫੁੱਟ ਗਈ,
ਸਾਰੇ ਸਾਲ ਦੀ ਕਮਾਈ ਮੇਰੀ ਲੁੱਟ ਗਈ
ਇਹ ਜੋ ਕਾਲੂ ਦਾ ਹੈ ਲਾਲ, ਮੈਨੂੰ ਕੀਤਾ ਕੰਗਾਲ
ਬਣ ਭੋਲਾ 'ਆਦਮਪੁਰੀਆ' ਹੈ ਠੱਗਦਾ, ਮੱਝੀਆਂ ਚਰੌਣ ਚੱਲਿਆ............

***

**ਤਰਜ਼:-ਦਿਲ ਕੇ ਅਰਮਾਂ ਆਸੂਓਂ ਮੇਂ ਬਹਿ ਗਏ**

ਖੇਤ ਮੇਰਾ ਹਰਾ ਭਰਾ ਸਭ ਖਾ ਲਿਆ
ਕਰ ਮੇਰਾ ਇਨਸਾਫ ਬੱਚਿਆਂ ਵਾਲਿਆ
ਖੇਤ ਮੇਰਾ ਹਰਾ ਭਰਾ ਸਭ...............
...................................

ਤੀਲਾ ਵੀ ਨਹੀਂ ਰਿਹਾ ਖੇਤ ਵਿਚ ਕਣਕ ਦਾ
ਬੜੀਆਂ ਸੱਧਰਾਂ ਨਾਲ ਸੀ ਮੈਂ ਪਾਲਿਆ
ਖੇਤ ਮੇਰਾ ਹਰ ਭਰਾ.......................
...................................

ਕਿਥੋਂ ਹਾਲਾ ਭਰੂ ਮੈਂ ਸਾਰੇ ਸਾਲ ਦਾ
ਕਾਲੂ ਦਾ ਪੁੱਤ ਬੂਹੇ ਤੁਸੀਂ ਚੜ੍ਹਾ ਲਿਆ
ਖੇਤ ਮੇਰਾ ਹਰਾ ਭਰਾ..............
...................................

ਕਿਥੋਂ ਰੋਟੀ ਹੁਣ ਬੱਚੇ ਮੇਰੇ ਖਾਣਗੇ
ਮੈਨੂੰ ਘੇਰਾ ਫਿਕਰਾਂ ਨੇ 'ਸੋਮਾ' ਪਾ ਲਿਆ
ਖੇਤ ਮੇਰਾ ਹਰਾ ਭਰਾ...................

***

ਤਰਜ਼:-ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ

ਅੱਲਾ ਦੀ ਸੌਂਹ ਝੂਠ ਜੇ ਮੈਂ ਬੋਲਾਂ ਰਾਏ ਜੀ
ਜਾਦੂ ਇਸ ਦਿੱਤਾ ਹੈ ਕੋਈ ਦਿਖਾਏ ਜੀ, ਅੱਲਾ ਦੀ ਸੌਂਹ.........
..............................................

ਉਜੜਿਆ ਖੇਤ ਡਿੱਠਾ ਅੱਖਾਂ ਨਾਲ ਮੈਂ
ਐਵੇਂ ਤਾਂ ਨਹੀਂ ਸੀ ਹੋਇਆ ਲਾਲੋ ਲਾਲ ਮੈਂ
ਮੱਝੀਆਂ ਤਾਂ ਕੱਢੀਆਂ ਮੈਂ ਆਪ ਜਾਏ ਜੀ, ਅੱਲਾ ਦੀ ਸੌਂਹ..............
...............................................

ਯੋਗੀ ਅਤੇ ਤਪੇ ਕਈ ਇਹਦੇ ਯਾਰ ਨੇ
ਸਿੱਖ ਲਏ ਹੋਣੇ ਨੇ ਮੰਤਰ ਮਾਰਨੇ ਨੇ
ਚਮਤਕਾਰ ਦਿੱਤੀ ਹੈ ਦਿਖਾਏ ਜੀ, ਅੱਲਾ ਦੀ ਸੌਂਹ.....................
.......................................

ਇਹਨੇ ਵਸ ਕੀਤੇ ਹੋਏ ਸਿੱਧ ਪੀਰ ਨੇ
'ਸੋਮਾ' ਕੀਤੀ ਰੱਖਿਆ ਕਿਸੇ ਫਕੀਰ ਨੇ
ਆਦਮਪੁਰੀਆ ਕੋਈ ਲਿਆ ਧਿਆਏ ਜੀ, ਅੱਲਾ ਦੀ ਸੌਂਹ.........

***

ਪਿਤਾ ਜੀ ਦੇ ਕਹਿਣ ਤੇ ਵੀਹ ਰੁਪਏ ਲੈ ਕੇ ਵਪਾਰ ਕਰਨ ਲਈ ਜਾਂਦੇ ਹਨ, ਨਾਲ ਸਾਥੀ ਭਾਈ ਬਾਲਾ ਹੈ। ਚੂਹੜਕਾਣੇ ਦੀ ਮੰਡੀ ਪਹੁੰਚਣ ਤੋਂ ਪਹਿਲਾਂ ਹੀ ਸਾਧੂਆਂ ਦੀ ਟੋਲੀ ਨਾਲ ਮੁਲਾਕਾਤ ਹੁੰਦੀ ਹੈ। ਸਾਧੂ ਕਈ ਦਿਨਾਂ ਤੋਂ ਭੁੱਖੇ ਹਨ। ਦਿਆਲੂ ਕ੍ਰਿਪਾਲੂ ਗੁਰੂ ਨਾਨਕ ਦੇਵ ਜੀ ਸਾਰੇ ਪੈਸੇ ਸਾਧੂਆਂ ਤੇ ਖਰਚ ਕਰ ਦਿੰਦੇ ਹਨ ਅਤੇ ਸੱਚਾ ਸੌਦਾ ਕਰਕੇ ਘਰ ਖਾਲੀ ਹੱਥ ਆਉਂਦੇ ਹਨ। ਪ੍ਰਸੰਗ ਇਸ ਤਰ੍ਹਾਂ ਹੈ।

ਤਰਜ਼:-ਲੈ ਕੇ ਪਹਿਲਾ ਪਹਿਲਾ ਪਿਆਰ

ਬੇਟਾ ਕਰ ਤੂੰ ਵੀ ਕੋਈ ਕਾਰ, ਖੇਤੀ ਹੱਟੀ ਜਾਂ ਵਿਓਪਾਰ
ਵਿਹਲੇ ਰਹਿ ਕੇ ਨਹੀਂ ਚੱਲਦੇ ਗ੍ਰਿਹਸਤੀਆਂ ਦੇ ਘਰ..........
.......................................................

ਆਖਦੇ ਨਿਖੱਟੂ ਤੈਨੂੰ ਲੋਕ ਜੋ ਗਰਾਂ ਦੇ
ਪੁੱਤ ਹੈ ਸ਼ੁਦਾਈ ਤੇਰਾ ਆਖ ਕੇ ਡਰਾਂਦੇ
ਜ਼ਿੰਮੇਵਾਰੀਆ ਦਾ ਜੋ ਭਾਰ, ਮੇਰੇ ਸਿਰ ਤੋਂ ਕੁੱਝ ਉਤਾਰ
ਵਿਹਲੇ ਰਹਿ ਕੇ ਨਹੀਂ ਚੱਲਦੇ.....................
.......................................................

ਹੋ ਗਿਆ ਜਵਾਨ ਹੁਣ ਹੱਥ ਤੂੰ ਵਟਾਇਆ ਕਰ
ਹਰ ਵੇਲੇ ਰੱਬ ਨੂੰ ਹੀ ਰਗੜੇ ਨਾ ਲਾਇਆ ਕਰ
ਨਾ ਕਰ ਮੈਨੂੰ ਤੂੰ ਖੁਆਰ, ਕੁੱਝ ਤੇ ਤੂੰ ਵੀ ਸੋਚ ਵੀਚਾਰ
ਵਿਹਲੇ ਰਹਿ ਕੇ ਨਹੀਂ ਚੱਲਦੇ.....................
.......................................................

ਰਾਮ ਨਾਮ ਜਪ ਪਰ ਸੋਚ ਕਿਥੋਂ ਖਾਣਾ ਹੈ
'ਸੋਮਾ' ਵਿਹਲੇ ਰਹਿ ਕੇ ਕਿਵੇਂ ਜੀਵਨ ਬਿਤਾਣਾ ਹੈ
ਬਿਨਾਂ ਕਮਾਏ ਬਰਖੁਰਦਾਰ, ਐਥੇ ਕੱਟਣੇ ਨੇ ਦਿਨ ਚਾਰ
ਵਿਹਲੇ ਰਹਿ ਕੇ ਨਹੀਂ ਚੱਲਦੇ.....................

***

ਤਰਜ਼:-ਤੇਰੀਆਂ ਮੁਹੱਬਤਾਂ ਨੇ ਮਾਰ ਸੁਟਿਆ

ਭੱਜ ਕੇ ਤੂੰ ਵੀਹਾਂ ਦੀ ਜਾਹ ਰਸਦ ਲਿਆ ਸੁਣ ਬਾਲਿਆ
ਭੁੱਖੇ ਸਾਧੂਆਂ ਨੂੰ ਦੇਈਏ ਭੋਜਨ ਖੁਆ ਸੁਣ ਬਾਲਿਆ
.....................................

ਆਖਿਆ ਸੀ ਪਿਤਾ ਸੌਦਾ ਖਰਾ ਕਰਨਾ
ਇਹਦੇ ਵਿਚ ਘਾਟਾ ਦਿਸੇ ਪਾਈ ਭਰ ਨਾ
ਮੌਕਾ ਹੈ ਸੁਨਹਿਰੀ ਕਿਤੇ ਲਈਏ ਨਾ ਗੁਆ, ਸੁਣ ਬਾਲਿਆ
ਭੁੱਖੇ ਸਾਧੂਆਂ ਨੂੰ ਦੇਈਏ ਭੋਜਨ.........
...............................................

ਪਤਾ ਨਹੀਂ ਕਦੋਂ ਦੇ ਇਹ ਭੁੱਖੇ ਹੋਣਗੇ
ਭੋਜਨ ਖੁਆਦੇ ਤੇਰੇ ਗੁਣ ਗੌਣਗੇ
ਦੁਖੀਆਂ ਦਾ ਦੁੱਖ ਲਈਏ ਅਸੀਂ ਵੀ ਵੰਡਾ, ਸੁਣ ਬਾਲਿਆ
ਭੁੱਖੇ ਸਾਧੂਆਂ ਨੂੰ ਦੇਈਏ ਭੋਜਨ.........
...............................................

ਦੇਣਗੇ ਅਸੀਸਾਂ ਸਾਨੂੰ ਪੇਟ ਭਰਕੇ
ਅੱਜ ਘਰ ਜਾਈਏ ਸੱਚਾ ਸੌਦਾ ਕਰਕੇ
'ਸੋਮਾ ਆਦਮਪੁਰੀਆ' ਨਾ ਦੇਰ ਹੁਣ ਲਾ, ਸੁਣ ਬਾਲਿਆ
ਭੁੱਖੇ ਸਾਧੂਆਂ ਨੂੰ ਦੇਈਏ ਭੋਜਨ.........

***

**ਤਰਜ਼:-ਸਿੱਠਣੀਆਂ**

ਮਾਇਆ ਦਾ ਭੁੱਖਾ ਐਵੇਂ ਪੁੱਤਰ ਨੂੰ ਮਾਰਦਾ
ਨਾਨਕ ਤੇ ਬਾਬਲਾ ਹੈ ਰੂਪ ਕਰਤਾਰ ਦਾ, ਤੈਨੂੰ ਸਮਝ ਨਾ ਪਈ
ਤੈਨੂੰ ਸਮਝ ਨਾ ਪਈ ਵੇ ਬਾਬਲਾ, ਮੁੜਕੇ ਨਾ ਇਹਨੂੰ ਕੁੱਝ ਕਹੀਂ
..........................................

ਇਹੋ ਜਿਹੇ ਵੀਰੇ ਉਤੋਂ ਮੈਂ ਤਾਂ ਕੁਰਬਾਨ ਵੇ
ਤੇਰੇ ਘਰ ਆਇਆ ਹੋਇਆ ਆਪ ਭਗਵਾਨ ਵੇ, ਖੈਰ ਮੈਂ ਸੁੱਖ ਸੁੱਖ ਲਈ
ਖੈਰ ਮੈਂ ਸੁੱਖ ਸੁੱਖ ਲਈ ਵੇ ਬਾਬਲਾ, ਮੁੜਕੇ ਨਾ ਇਹਨੂੰ ਕੁੱਝ ਕਹੀਂ
..........................................

ਹੋਇਆ ਕੀ ਕਰਦਾ ਨਹੀਂ ਜੇ ਕੋਈ ਵੀ ਕਾਰ ਵੇ
ਮਾਇਆ ਦੇ ਜਾਲ 'ਚ ਫਸਦੇ ਨਹੀਓਂ ਅਵਤਾਰ ਵੇ, ਗੱਲ ਹੈ ਸੋਲਾਂ ਆਨੇ ਸਹੀ
ਗੱਲ ਹੈ ਸੋਲਾਂ ਆਨੇ ਸਹੀ ਵੇ ਬਾਬਲਾ, ਮੁੜਕੇ ਨਾ ਇਹਨੂੰ ਕੁੱਝ ਕਹੀਂ
..........................................

ਪੁੱਤਰ ਤਾਂ ਹੀਰੇ ਹੁੰਦੇ ਡਾਢੇ ਅਨਮੋਲ ਵੇ
'ਸੋਮਾ' ਜੋ ਆਦਮਪੁਰੀਆ ਉਹਦੇ ਇਹ ਬੋਲ ਵੇ, ਦੇਖੀਂ ਗੁਆ ਨਾ ਬਹੀਂ
ਦੇਖੀ ਗੁਆ ਨਾ ਬਹੀਂ ਵੇ ਬਾਬਲਾ, ਮੁੜਕੇ ਨਾ ਇਹਨੂੰ ਕੁੱਝ ਕਹੀਂ
..........................................

***

## ਰਾਏ ਬੁਲਾਰ ਦਾ ਮਹਿਤਾ ਕਾਲੂ ਜੀ ਨੂੰ ਸਮਝੌਣਾ

**ਤਰਜ਼:-ਬਦਲਾ ਲੈ ਲਈ ਸੋਹਣਿਆਂ**

ਕਾਲੂ ਤੈਨੂੰ ਸਮਝ ਨਾ ਇਹ ਰੂਪ ਖੁਦਾਇਆ
ਕੁੱਲ ਦੁਨੀਆ ਨੂੰ ਤਾਰਨੇ ਲਈ ਨਾਨਕ ਆਇਆ.........
...............................................

ਚੌਂਹ ਛਿੱਲੜਾਂ ਲਈ ਰੱਬ ਦੇ ਤੂੰ ਥੱਪੜ ਮਾਰੇ
ਜੀਹਦੇ ਉਤੋਂ ਸੱਪ ਵੀ ਜਾਂਦੇ ਬਲਿਹਾਰੇ
ਰੂਪ ਰੱਬ ਦਾ ਆਮ ਜਿਹਾ ਇਨਸਾਨ ਬਣਾਇਆ
ਕੁੱਲ ਦੁਨੀਆ ਨੂੰ ਤਾਰਨੇ ਲਈ.........
...............................................

ਪੀਰ ਪੈਗੰਬਰ ਔਲੀਏ ਅਵਤਾਰ ਜਾਂ ਆਉਂਦੇ
ਉਹ ਦੁਨੀਆਵੀ ਧੰਦਿਆਂ ਨਾਲ ਮੋਹ ਨਹੀਂ ਪਾਉਂਦੇ
ਤੂੰ ਤਾਂ ਪਿਛਲੇ ਜਨਮ ਦਾ ਕੋਈ ਫਲ ਹੈ ਪਾਇਆ
ਕੁੱਲ ਦੁਨੀਆ ਨੂੰ ਤਾਰਨੇ ਲਈ.........
...............................................

ਹਰੇ ਭਰੇ ਜਦ ਖੇਤ ਸੀ ਮੱਝੀਆਂ ਨੇ ਖਾਏ
ਕਿਹੜੀ ਸ਼ਕਤੀ ਨਾਲ ਸੀ ਉਹ ਮੁੜ ਲਹਿਰਾਏ
'ਸੋਮਾ ਆਦਮਪੁਰੀਆ' ਪਹਿਲਾਂ ਵੀ ਸਮਝਾਇਆ
ਕੁੱਲ ਦੁਨੀਆ ਨੂੰ ਤਾਰਨੇ ਲਈ.........

***

# ਗੁਰੂ ਨਾਨਕ ਜੀ ਦਾ ਵਿਆਹ

## ਵਾਰ

ਚੜ੍ਹੀ ਜੰਜ ਗੁਰਦੇਵ ਦੀ ਜਾਂਜੀ ਜੁੜੇ ਨਾਲ ਸਤਿਕਾਰ
ਵੱਜਣ ਛੈਂਣੇ ਬਾਜੇ ਬੈਂਡ ਜੀ, ਆਈ ਖੁਸ਼ੀਆਂ ਭਰੀ ਬਹਾਰ
ਮਾਤਾ ਤ੍ਰਿਪਤਾ ਨਾ ਫੁੱਲੀ ਸਮਾਂਵਦੀ, ਲਾੜਾ ਬਣਿਆ ਬਰਖੁਰਦਾਰ
ਵਾਗਾਂ ਫੜੀਆਂ ਬੇਬੇ ਨਾਨਕੀ, ਜਾਂਦੀ ਵੀਰੇ ਤੋਂ ਬਲਹਿਾਰ
ਭਾਈਚਾਰਾ ਦਏ ਮੁਬਾਰਕਾਂ, ਘੋੜੀ ਚੜ੍ਹਿਆ ਜਦ ਅਸਵਾਰ
ਅਰਸ਼ੋਂ ਬੱਦਲ ਆਇਆ ਝੂਮ ਕੇ, ਭਿੰਨੀ ਭਿੰਨੀ ਪਈ ਫੁਹਾਰ
ਜਾਂਜੀ ਬਹੁਤੇ ਸੰਤ ਮਹਾਤਮਾ, ਹੁੰਦੀ ਧੰਨ ਕਰਤਾਰ ਕਰਤਾਰ
ਸੋਹਣੇ ਸੀਸ ਤੇ ਸਿਹਰਾ ਫੱਬਦਾ, ਸੋਹਣੀ ਸਿਰ ਉਤੇ ਦਸਤਾਰ
ਚੱਕਰ ਨੂਰੀ ਸੀਸ ਤੇ ਚਮਕਦਾ, ਖੁਸ਼ ਹੋਇਆ ਏ ਨਿਰੰਕਾਰ
'ਸੋਮਾ' ਕਲੀਆਂ ਕਿਕਲੀ ਪਾਉਂਦੀਆਂ, ਮਹਿਕਾਂ ਰਹੇ ਨੇ ਫੁੱਲ ਖਿਲਾਰ

**ਤਰਜ਼:-ਦਮਾ ਦਮ ਮਸਤ ਕਲੰਦਰ**

ਚੜ੍ਹਿਆ ਘੋੜੀ ਮੇਰਾ ਵੀਰ ਕੁੜੇ, ਅੱਜ ਰੋਕੋ ਨਾ, ਨੱਚਣ ਦਿਉ, ਗਾਉਣ ਦਿਓ
ਭਾਬੀ ਨੇ ਪੈਰ ਜਾ ਪਾਉਣਾ, ਬਾਬਲ ਦਾ ਘਰ ਰੁਸ਼ਨੌਣਾ,
ਭਾਬੀ ਨੇ ਪੈਰ ਜਾ ਪਾਉਣਾ, ਬਾਬਲ ਦਾ ਘਰ ਰੁਸ਼ਨੌਣਾ, ਚੜ੍ਹਿਆ ਘੋੜੀ
..........................................................................

ਸਿਹਰਾ ਮੇਰੇ ਵੀਰ ਦਾ ਦੇਖੋ, ਪੀਰਾਂ ਦੇ ਇਸ ਪੀਰ ਨੂੰ ਦੇਖੋ,
ਚੱਲਿਆ ਵਿਆਹੁਣ ਬੇਨਜ਼ੀਰ ਕੁੜੇ, ਅੱਜ ਰੋਕੋ ਨਾ, ਨੱਚਣ ਦਿਉ, ਗਾਉਣ ਦਿਓ
ਭਾਬੀ ਨੇ ਪੈਰ ਜਾ ਪਾਉਣਾ, ਬਾਬਲ ਦਾ ਘਰ.......
..........................................................

ਅੰਮੜੀ ਨੇ ਅੱਜ ਸ਼ਗਨ ਮਨਾਏ, ਲਾਗੀ ਮੰਗਤੇ ਫਕੀਰ ਰਜਾਏ
ਸ਼ਰਮ ਦੀ ਕਰਾਂ ਲੀਰੋ ਲੀਰ ਕੁੜੇ, ਅੱਜ ਰੋਕੋ ਨਾ, ਨੱਚਣ ਦਿਓ, ਗਾਉਣ ਦਿਓ
ਭਾਬੀ ਨੇ ਪੈਰ ਜਾ ਪਾਉਣਾ, ਬਾਬਲ ਦਾ ਘਰ.......
..........................................................

ਬਾਬਲ ਦੀ ਅੱਜ ਸ਼ਾਨ ਨਿਰਾਲੀ, ਮੁਖੜੇ ਤੇ ਡੁੱਲ੍ਹ ਡੁੱਲ੍ਹ ਪੈਂਦੀ ਲਾਲੀ
ਅੱਖੀਆਂ 'ਚ ਖੁਸ਼ੀਆਂ ਦਾ ਨੀਰ ਕੁੜੇ, ਅੱਜ ਰੋਕੋ ਨਾ, ਨੱਚਣ ਦਿਓ, ਗਾਉਣ ਦਿਓ
ਭਾਬੀ ਨੇ ਪੈਰ ਜਾ ਪਾਉਣਾ, ਬਾਬਲ ਦਾ ਘਰ........
.....................................................

ਭਾਬੀ ਨੇ ਜਦ ਘੁੰਡ ਉਠੌਣਾ, ਪਰੀਆਂ ਨੇ ਵੀ ਹੈ ਸ਼ਰਮੌਣਾ
ਹੁਸਨ ਦੀ ਉਹ ਤਸਵੀਰ ਕੁੜੇ, ਅੱਜ ਰੋਕੋ ਨਾ, ਨੱਚਣ ਦਿਉ ਗਾਉਣ ਦਿਓ
ਭਾਬੀ ਨੇ ਪੈਰ ਜਾ ਪਾਉਣਾ, ਬਾਬਲ ਦਾ ਘਰ........
.....................................................

'ਸੋਮਾ ਆਦਮਪੁਰੀਆ, ਗਾਉਂਦਾ, ਨੱਚਦਾ ਟੱਪਦਾ ਭੰਗੜੇ ਪਾਉਂਦਾ
ਭਰਮਾਂ ਦੀ ਤੋੜੂ ਜ਼ੰਜੀਰ ਕੁੜੇ, ਅੱਜ ਰੋਕੋ ਨਾ, ਨੱਚਣ ਦਿਓ, ਗਾਉਣ ਦਿਓ
ਭਾਬੀ ਨੇ ਪੈਰ ਜਾ ਪਾਉਣਾ, ਬਾਬਲ ਦਾ ਘਰ.......................

***

# ਕਲੀ

ਪਹੁੰਚੀ ਜੰਜ ਬਟਾਲੇ ਦੀ ਜੂਹ ਦੇ ਜਾ ਅੰਦਰ ਜੀ
ਭਾਈਚਾਰਾ ਅੱਗੋਂ ਆਓ ਭਗਤ ਲਈ ਆਇਆ

ਨਾਲ ਉਹਨਾਂ ਦੇ ਸੀ ਇੱਕ ਭਾਨੀਮਾਰ ਬਟਾਲੇ ਦਾ
ਤੱਕੀ ਜੰਜ ਜਾ ਉਹਨੇ ਸੌ ਮੱਥੇ ਵੱਟ ਪਾਇਆ

ਕਹਿੰਦਾ ਚੰਗਾ ਕੁੜਮ ਹੈ ਟੋਲਿਆ ਮੂਲੇ ਚੋਣੇਂ ਨੇ
ਜਾਂਜੀ ਲੂਲੇ ਲੰਗੜੇ ਸਾਧੂ ਸੰਤ ਲਿਆਇਆ

ਘਰ ਦੇ ਭਾਗ ਡਿਉੜ੍ਹੀਓਂ ਕਹਿੰਦੀ ਦੁਨੀਆ ਦਿਸ ਪੈਂਦੇ
ਆਖਣ ਉਹ ਤਾਂ ਜੀ ਪਟਵਾਰੀ ਦਾ ਹੈ ਜਾਇਆ

'ਸੋਮਾ ਆਦਮਪੁਰੀਏ' ਵਾਂਗੂ ਭੋਂਦੂ ਲਾੜਾ ਏ
ਚੋਲਾ ਗਿਟਿਆਂ ਤਾਈਂ ਵਾਂਗ ਮੂਰਖਾ ਪਾਇਆ।

**ਤਰਜ਼:-ਸਾਰੀ ਰਾਤ ਤੇਰਾ ਤਕਨੀਆਂ ਰਾਹ**

ਭੁੱਖੇ ਨੰਗਿਆਂ ਦੀ ਜੰਜ ਗਈ ਏ ਆ, ਇਹ ਤਾਂ ਗੱਲ ਨਹੀਓਂ ਜਚਦੀ
ਜੇ ਨਾ ਹੋਵੇ ਵੀਰੋ ਅੱਜ ਇਹ ਵਿਆਹ, ਤਾਂ ਸਾਡੀ ਪੱਤ, ਬਚਦੀ...........
...........................................................

ਦੱਸੋ ਖਾਂ ਸੁਲੱਖਣੀ ਦੇ ਵਿਚ ਕਜ ਕਿਹੜਾ ਏ
ਲੱਗਦਾ ਭਿਖਾਰੀ ਪੂਰਾ, ਦੇਖੋ ਲਾੜਾ ਜਿਹੜਾ ਏ
ਸਿਰ ਸਾਡੇ ਪੈ ਗਈ ਸਭ ਦੇ ਸੁਆਹ, ਇਹ ਤਾਂ ਗੱਲ ਨਹੀਓਂ ਜਚਦੀ
ਜੇ ਨਾ ਹੋਵੇ ਵੀਰੋ ਅੱਜ ਇਹ ਵਿਆਹ, ਤਾਂ ਸਾਡੀ ਪੱਤ.........
...........................................................

ਅਸੀਂ ਵੀ ਹਾਂ ਧੀਆਂ ਵਾਲੇ ਹੋਣ ਦੇਣਾ ਕਹਿਰ ਨਾ
ਮੂਲੇ ਨਾਲ ਕਿਸੇ ਵੀ ਸ਼ਰੀਕ ਦਾ ਕੋਈ ਵੈਰ ਨਾ
ਨਹੀਂ ਹੋਣਾ ਦੇਣਾ ਉਸਨੂੰ ਤਬਾਹ, ਇਹ ਤਾਂ ਗੱਲ ਨਹੀਂਓ ਜਚਦੀ
ਜੇ ਨਾ ਹੋਵੇ ਵੀਰੋ ਅੱਜ ਇਹ ਵਿਆਹ, ਤਾਂ ਸਾਡੀ ਪੱਤ.........
...........................................................................

'ਸੋਮਾ' ਜਹਾ ਸੋਚੇ ਉਥੇ ਕਿਉਂ ਵਿਆਹੁਣ ਲੱਗੇ ਨੇ
ਕਾਂ ਦੀ ਚੁੰਝ ਵਿਚ ਇਹ ਅੰਗੂਰ ਪਾਉਣ ਲੱਗੇ ਨੇ
ਲੱਭੋ ਇੱਜ਼ਤ ਬਚਾਉਣ ਦਾ ਕੋਈ ਰਾਹ, ਤਾਂ ਸਾਡੀ ਪੱਤੀ ਬਚਦੀ
ਜੇ ਨਾ ਹੋਵੇ ਵੀਰੋ ਅੱਜ ਇਹ ਵਿਆਹ, ਤਾਂ ਸਾਡੀ ਪੱਤ...........

***

# ਸਿੱਠਣੀਆਂ

ਅਸਾਂ ਸੀ ਸੁਣਿਆ ਨਾਨਕ ਅੱਲਾ ਦਾ ਯਾਰ ਏ,
ਸਾਨੂੰ ਤੇ ਜਾਪੇ ਨਿਰਾ ਕੋਈ ਗੰਵਾਰ ਏ
ਅੱਲਾ ਦੀ ਯਾਰੀ ਕਿੱਥੇ ਗਈ, ਅੱਲਾ ਦੀ ਯਾਰੀ ਕਿੱਥੇ ਗਈ ਵੇ ਲਾੜਿਆ, ਅੱਲਾ......
.................................

ਅਸਾਂ ਸੀ ਸੁਣਿਆ ਉਹ ਤੇ ਪੁੱਤਰ ਪਟਵਾਰੀ
ਜੰਜ ਤੋਂ ਲੱਗੇ ਇਹ ਤਾਂ ਪੁੱਤਰ ਭਿਖਾਰੀ ਦਾ
ਕਿੱਥੇ ਪਟਵਾਰ ਤੇਰੀ ਗਈ, ਕਿੱਥੇ ਪਟਵਾਰ ਤੇਰੀ ਗਈ ਵੇ, ਕੁੜਮਾ, ਕਿੱਥੇ.........
.................................

ਜਾਂਜੀ ਨੇ ਆਏ ਜਿਹੜੇ ਭੁੱਖੇ ਤੇ ਨੰਗੇ ਨੇ
ਚੁੱਪ ਨੇ ਇੰਜ ਜਿਵੇਂ ਹੁੰਦੇ ਸਭ ਗੁੰਗੇ ਨੇ
ਸਭਨਾਂ ਨੂੰ ਖਾਣ ਦੀ ਪਈ, ਸਭਨਾਂ ਨੂੰ ਖਾਣ ਦੀ ਪਈ ਵੇ ਭੁੱਖਿਓ, ਸਭਨਾਂ ਨੂੰ........
...................................

ਅਸਾਂ ਸੀ ਸੁਣਿਆ ਉਹਨੇ ਪੰਡਤ ਪੜ੍ਹਾਏ ਨੇ
ਉਜੜੇ ਹੋਏ ਖੇਤ ਹਰੇ ਕਰਕੇ ਦਿਖਾਏ ਨੇ
ਇਹ ਤਾਂ ਕੋਈ ਜਾਦੂਗਰ ਹਈ, ਇਹ ਤਾਂ ਕੋਈ ਜਾਦੂਗਰ ਹਈ ਬਚੋਲਿਆ, ਇਹ ਤਾਂ
...................................

ਕੁੜੀ ਤਾਂ ਸਾਡੀ ਨਾਜ਼ਕ ਫੁੱਲਾਂ ਦੀ ਡਾਲੀ ਏ
ਨਾਨਕ ਤਾਂ ਲੱਗੇ 'ਸੋਮਾ' ਸੰਢਿਆਂ ਦਾ ਹਾਲੀ ਏ
ਭੱਤੇ ਢੁਔਂਦਾ ਨਾ ਰਹੀ, ਭੱਤੇ ਢੁਔਂਦਾ ਨਾ ਰਹੀਂ ਵੇ ਲਾੜਿਆ, ਭੱਤੇ ਢੁਔਂਦਾ........

***

**ਤਰਜ਼:-ਤੇਰੇ ਦਿਲ ਦਾ ਮਕਾਨ ਸਈਆਂ ਬੜਾ ਅਲੀਸ਼ਨ**

ਮਾਈ: ਛੇਤੀ ਉਠ ਖੜ ਲਾਲ ਤੇਰੀ ਜਿੰਦ ਦਾ ਸਵਾਲ
ਬਾਕੀ ਫੇਰ ਦੱਸੂੰ ਹਾਲ ਕੰਧ ਢਹਿਣ ਵਾਲੀ ਹੈ
..............................................

ਗੁਰੂ ਜੀ: ਮਾਤਾ ਸੌਖੀ ਗੱਲ ਕਹਿਣੀ, ਇਹ ਤਾਂ ਯੁੱਗ ਯੁੱਗ ਰਹਿਣੀ
ਕੌਣ ਆਖੇ ਕੰਧ ਢਹਿਣੀ ਸਦਾ ਰਹਿਣ ਵਾਲੀ ਹੈ
.............................................

ਮਾਈ: ਘਰੋਂ ਤੂੰ ਆਇਆ ਬੰਨ੍ਹਕੇ ਸਿਹਰੇ ਮੰਗੇਤਰ ਨੂੰ ਵਿਆਹੁਣ
ਪਰ ਕੋਈ ਆਫਤ ਆਵਣ ਵਾਲੀ ਘਰ ਘਰ ਗੱਲਾਂ ਹੋਣ
ਬੁਰੇ ਪਿੰਡ ਦੇ ਖਿਆਲ, ਧੋਖਾ ਹੋਣਾ ਤੇਰੇ ਨਾਲ
ਬਾਕੀ ਫੇਰ ਦੱਸੂੰ ਹਾਲ.......................
..............................................

ਗੁਰੂ ਜੀ: ਹੋਕੇ ਰਹਿੰਦਾ ਉਹੀ ਮਾਤਾ ਜੋ ਕਰਦਾ ਕਰਤਾਰ
ਇਹ ਤੇ ਕੰਧ ਹੈ ਭਾਗਾਂ ਵਾਲੀ ਐਵੇਂ ਕੂੜ ਨਾ ਮਾਰ
ਇਹਨੇ ਤਾਂ ਵਡਿਆਈ ਲੈਣੀ, ਇਥੇ ਸੰਗਤ ਜੁੜ ਜੁੜ ਬਹਿਣੀ
ਕੌਣ ਆਖੇ ਕੰਧ ਢਹਿਣੀ.......................
..................................................

ਮਾਈ: ਸੁਲੱਖਣੀ ਦੀ ਡੋਲੀ ਨਹੀਂ ਜਾਣੀ ਪੱਥਰ ਤੇ ਲਕੀਰ
ਆਖਣ ਜੰਜ ਲਿਆਇਆ ਨਾਨਕ ਸਾਧੂ ਸੰਤ ਫਕੀਰ
ਤੇਰਾ ਆ ਗਿਆ ਜਾਪੇ ਕਾਲ, ਮੌਕਾ ਛੇਤੀ ਤੂੰ ਸੰਭਾਲ
ਬਾਕੀ ਫੇਰ ਦੱਸੂੰ ਹਾਲ.....................
..............................................

ਗੁਰੂ ਜੀ: ਸੁਲੱਖਣੀ ਤੇ ਨਾਨਕ ਦਾ ਲਿਖਿਆ ਹੋਇਆ ਧੁਰੋਂ ਸੰਜੋਗ
ਨਾਨਕ ਡੋਲੀ ਲੈਕੇ ਜਾਊ 'ਸੋਮਾ' ਭੁੱਲੇ ਲੋਗ
ਕੋਈ ਗੱਲ ਨਾ ਪੁੱਠੀ ਪੈਣੀ, ਜਿੱਤ ਸਚਾਈ ਦੀ ਹੈ ਰਹਿਣੀ
ਕੌਣ ਆਖੇ ਕੰਧ ਢਹਿਣੀ.....................

***

## ਤਰਜ਼:-ਨੱਚਦੀ ਦੇ ਖੁੱਲ੍ਹਗੇ ਵਾਲ

ਮਾਤਾ ਜੀ: ਗੱਲ ਸੁਣ ਮੇਰੀ ਚੰਨਾ, ਇਹਨੂੰ ਸੱਚ ਕਰ ਜਾਣੀਂ
ਪਿੰਡ ਵਾਲਿਆਂ ਨੇ ਚੱਲਣੀ ਏ ਚਾਲ
ਤੇਰੇ ਉਤੇ ਕੰਧ ਸੁਟਣੀ, ਇਥੋਂ ਉਠ ਜਾਹ ਫਟਾ ਫਟ ਲਾਲ
ਤੇਰੇ ਉਤੇ ਕੰਧ ਸੁਟਣੀ........................

ਗੁਰੂ ਜੀ: ਗੱਲ ਸੁਣ ਮੇਰੀ ਮਾਤਾ, ਤੇਰਾ ਆਖਿਆ ਵੀ ਠੀਕ
ਪਰ ਜ਼ੁਲਮ ਦੀ ਹੁੰਦੀ ਆਈ ਹਾਰ
ਜਿਹਨੂੰ ਰੱਬ ਚਾਹਵੇ ਰੱਖਣਾ, ਉਹਨੂੰ ਸਕਦਾ ਕੋਈ ਨਹੀਂ ਮਾਰ
ਜਿਹਨੂੰ ਰੱਬ ਚਾਹਵੇ ਰੱਖਣਾ..................
.................................

ਮਾਤਾ ਜੀ: ਐਵੇਂ ਜ਼ਿੱਦ ਨਾ ਤੂੰ ਕਰ ਮੇਰੇ ਚੰਨ ਵੇ
ਗੱਲ ਆਖਦੀ ਮੈਂ ਜਿਹੜੀ ਝੱਟ ਮੰਨ ਵੇ
ਉਹੀ ਬੰਦਾ ਕਾਮਯਾਬ ਹੁੰਦਾ ਇਸ ਜੱਗ ਉਤੇ
ਲੈਂਦਾ ਏ ਜੋ ਸਮੇਂ ਨੂੰ ਸੰਭਾਲ
ਤੇਰੇ ਉਤੇ ਕੰਧ ਸੁਟਣੀ..................
.................................

ਗੁਰੂ ਜੀ: ਜ਼ੋਰ ਆਪਣਾ ਇਹਨਾਂ ਨੂੰ ਮਾਤਾ ਲਾਉਣ ਦੇ
ਜੇ ਹੈ ਢਹਿੰਦੀ ਕੰਧ ਇਹਨਾਂ ਕੋਲੋਂ ਢੌਣ ਦੇ
ਉਠਣਾ ਨਾ ਇਥੋਂ ਤੂੰ ਵੀ ਕਿਉਂ ਘਬਰਾਉਂਦੀ ਮਾਤਾ
ਕਰ ਲੈ ਮੇਰਾ ਇਤਬਾਰ
ਜਿਹਨੂੰ ਰੱਬ ਚਾਹਵੇ ਰੱਖਣਾ.................
....................................

ਮਾਤਾ ਜੀ: ਤੇਰੀ ਚੜ੍ਹਦੀ ਜਵਾਨੀ ਜਿੰਦ ਰੋਲ ਨਾ
ਮੌਤ ਸਿਰ ਤੇ ਹੈ ਬਣ ਅਨਭੋਲ ਨਾ
ਚੰਦਰਾ ਸ਼ਰੀਕਾ ਕਹੇ ਭੇਜਣੀ ਸੁਲੱਖਣੀ ਨਾ
ਅਸੀਂ ਇਹਨਾਂ ਸਾਧੂਆਂ ਦੇ ਨਾਲ
ਤੇਰੇ ਉਤੇ ਕੰਧ ਸੁੱਟਣੀ..................
.......................................

ਗੁਰੂ ਜੀ: ਡੋਲੀ ਵੀ ਹੈ ਜਾਣੀ ਅਤੇ ਕੰਧ ਵੀ ਨਾ ਢਹਿਣੀ
ਸਾਡੇ ਇਹ ਵਿਆਹ ਦੀ ਯਾਦਗਾਰ ਸਦਾ ਰਹਿਣੀ
'ਸੋਮਾ ਆਦਮਪੁਰੀਆ' ਜਾ ਗੀਤ ਲਿਖੂ ਇਹਦੇ ਬਾਰੇ
ਸੁਣੇਗਾ ਸਾਰਾ ਸੰਸਾਰ
ਜਿਹਨੂੰ ਰੱਬ ਚਾਹਵੇ ਰੱਖਣਾ.....................

***

ਸੁਲਤਾਨਪੁਰ ਮੋਦੀਖਾਨੇ ਨੌਕਰੀ ਕਰਨੀ, ਇੱਕ ਦਿਨ ਅਨਾਜ ਤੋਲਦੇ ਹੋਏ ਤੇਰਾਂ ਦੀ ਗਿਣਤੀ ਤੇ ਪਹੁੰਚੇ ਤਾਂ ਤੇਰਾ ਤੇਰਾ ਹੀ ਉਚਾਰਦੇ ਗਏ, ਇਕ ਚੁਗਲਖੋਰ ਨਵਾਬ ਕੋਲ ਜਾਕੇ ਇਸ ਤਰ੍ਹਾਂ ਗੁਰੂ ਸਾਹਿਬ ਦੀ ਸ਼ਿਕਾਇਤ ਲਾਉਂਦਾ ਹੈ।

**ਤਰਜ਼:-ਗੋਰੀ ਦੀਆਂ ਝਾਂਜਰਾਂ ਬਲਾਉਂਦੀਆਂ ਗਈਆਂ**

ਤੇਰਾ ਤੇਰਾ ਤੇਰਾ ਤੇਰਾ ਬੋਲਦਾ ਨਾਨਕ ਤੇਰਾ ਤੇਰਾ
ਪੌਣ ਵਿਚ ਮਿੱਠੇ ਬੋਲ ਘੋਲਦਾ ਨਾਨਕ, ਤੇਰਾ ਤੇਰਾ...............
............................................

ਲੱਗਦਾ ਹੈ ਉਹਨੇ ਪੀਤੀ ਹੋਈ ਭੰਗ ਹੈ
ਜਾਂ ਚੜ੍ਹ ਗਿਆ ਡੋਡਿਆਂ ਦਾ ਰੰਗ ਹੈ
ਅੱਖੀਆਂ ਵੀ ਪੂਰੀਆਂ ਨਹੀਂ ਖੋਹਲਦਾ ਨਾਨਕ, ਤੇਰਾ ਤੇਰਾ..........
..........................................

ਬੰਨ੍ਹ ਬੰਨ੍ਹ ਪੰਡਾਂ ਲੋਕੀਂ ਲਈ ਜਾਂਵਦੇ
ਫੁੱਟੀ ਕੌਡੀ ਵੀ ਨਹੀਂ ਮੁੱਲ ਉਹ ਚੁਕਾਂਵਦੇ
ਬਿੰਨ ਪੈਸਿਆਂ ਤੋਂ ਤੋਲਦਾ ਨਾਨਕ, ਤੇਰਾ ਤੇਰਾ................
..........................................

ਦੇਖਕੇ ਮੈਂ ਆਇਆ ਅੱਖਾਂ ਨਾਲ ਖੜ ਕੇ
ਕੱਢ ਦਊ ਦਿਵਾਲਾ ਤੇਰਾ ਅੱਜ ਫੜਕੇ
ਬਹੀ ਨੂੰ ਵੀ 'ਸੋਮਾ' ਨਹੀਂ ਫੋਲਦਾ ਨਾਨਕ, ਤੇਰਾ ਤੇਰਾ...............

***

ਬੇਈਂ ਨਦੀ ਵਿਚ ਨਹਾਉਣ ਜਾਣਾ, ਗੁਆਂਢਣ ਦੇ ਬੇਬੇ ਨਾਨਕੀ ਜੀ ਨਾਲ ਸਵਾਲ ਜਵਾਬ, ਨਦੀ ਵਿਚੋਂ ਬਾਹਰ ਆਉਣਾ, ਉਦਾਸੀ ਦਾ ਭੇਖ ਧਰਨ ਕਰਨਾ ਅਤੇ 'ਜਗਤ ਜਲੰਦੇ ਨੂੰ ਤਾਰਨ ਬਈ ਪਹਿਲਾ ਸਫਰ (ਪਹਿਲੀ ਉਦਾਸੀ) ਸ਼ੁਰੂ ਕਰਨਾ ਸੰਮਤ 1500 ਈਸਵੀ।

**ਤਰਜ਼:-ਅੱਡੀ ਮਾਰ ਝਾਂਜਰ ਛਣਕਾਈ**

ਗੁਆਂਢਣ: ਭੈਣੇ ਰੱਬ ਨੇ ਕਹਿਰ ਵਰਤਾਇਆ, ਵੀਰ ਤੇਰਾ ਬੇਈਂ ਡੁੱਬਿਆ
..........................................................................

ਬੇਬੇ ਨਾਨਕੀ: ਉਹ ਤੇ ਡੁੱਬਿਆਂ ਨੂੰ ਤਾਰਨ ਆਇਆ, ਵੀਰ ਮੇਰਾ ਨਹੀਂ ਡੁੱਬਿਆ
..........................................................................

ਗੁਆਂਢਣ: ਹੁੰਦੀ ਨਹੀਂ ਝੂਠ ਕਦੇ ਮੌਤ ਵਾਲੀ ਗੱਲ ਨੀ
ਨਦੀ ਉਤੇ ਭੀੜ ਲੱਗੀ ਅੱਖੀਂ ਦੇਖ ਚੱਲ ਨੀ
ਗੋਤੇਖੋਰਾਂ ਨੇ ਵੀ ਜ਼ੋਰ ਲਗਾਇਆ, ਵੀਰ ਤੇਰਾ............
..........................................................................

ਬੇਬੇ ਨਾਨਕੀ: ਹੱਥਾਂ ਤੇ ਜਮਾਕੇ ਸਰ੍ਹੋਂ ਦੱਸੇ ਮੇਰਾ ਵੀਰ ਨੀ
ਜੱਗ ਕੁੱਝ ਕਹੇ ਮੇਰੇ ਦਿਲ ਨੂੰ ਹੈ ਧੀਰ ਨੀ
ਕੋਈ ਨਵਾਂ ਹੋਊ ਕੌਤਕ ਰਚਾਇਆ, ਵੀਰ ਮੇਰਾ..........
..........................................................................

ਗੁਆਂਢਣ: ਵੜਿਆ ਨਦੀ ਦੇ ਵਿਚ ਕਈਆਂ ਨੇ ਹੈ ਤੱਕਿਆ
ਬੀਤ ਗਿਆ ਦਿਨ ਸਾਰਾ ਬਾਹਰ ਆ ਨਾ ਸਕਿਆ
ਨਹੀਂ ਝੂਠਾ ਹੀ ਭੁਲੇਖਾ ਕਿਸੇ ਪਾਇਆ, ਵੀਰ ਤੇਰਾ..........
..........................................................................

ਬੇਬੇ ਨਾਨਕੀ: ਅੱਖੀਆਂ ਨੂੰ ਮੀਟ ਕੇ ਲੁਟਾਵੇ ਮੋਦੀਖਾਨੇ ਨੂੰ
ਸ਼ੇਸ਼ ਨਾਗ ਕਰੇ ਛਾਵਾਂ ਮੁਖੜੇ ਸੁਹਾਣੇ ਨੂੰ
'ਸੋਮਾ' ਪੰਡਤਾਂ ਨੂੰ ਉਹਨੇ ਹੈ ਪੜ੍ਹਾਇਆ, ਵੀਰ ਮੇਰਾ........

ਨਾ ਕੋਈ ਹਿੰਦੂ ਨਾ ਮੁਸਲਮਾਨ, ਸਾਰੇ ਖੁਦਾ ਦੇ ਹਨ ਇਨਸਾਨ
ਬਣ ਸੱਪ ਕਦੇ ਕਿਸੇ ਨੂੰ ਨਾ ਡੰਗੀਏ, ਸਦਾ ਭਲਾ ਸਰਬੱਤ ਦਾ ਹੀ ਮੰਗੀਏ
..........................................................

ਇੱਕ ਰਾਹ ਆਏ ਇੱਕੋ ਜਾਣਾ, ਕੀ ਕੰਗਲਾ ਕੀ ਰਾਜਾ ਰਾਣਾ
ਜਿੰਦ ਕਿਸੇ ਦੀ ਨਾ ਸੂਲੀ ਉਤੇ ਟੱਗੀਏ, ਸਦਾ ਭਲਾ ਸਰਬੱਤ...............
............................................................

ਦੁਨੀਆ ਚਾਰ ਦਿਨਾਂ ਦਾ ਮੇਲਾ, ਪੱਲੇ ਨਾਲ ਨਾ ਜਾਣਾ ਧੇਲਾ
ਮਨ ਨਾਮ ਦੇ ਹੀ ਰੰਗ ਵਿੱਚ ਰੰਗੀਏ, ਸਦਾ ਭਲਾ ਸਰਬੱਤ...............
.............................................................

ਮਿੱਠੇ ਬੋਲ ਤੇ ਨਿਵ ਕੇ ਰਹਿਣ, 'ਸੋਮਾ' ਇਹ ਇਨਸਾਨ ਦਾ ਗਹਿਣਾ
ਨਫਰਤ ਦੇ ਨਾ ਲਾਗਿਉਂ ਦੀ ਲੰਘੀਏ, ਸਦਾ ਭਲਾ ਸਰਬੱਤ...........
ਨਾ ਕੋਈ ਹਿੰਦੂ ਨਾ ਮੁਸਲਮਾਨ, ਸਾਰੇ ਰੱਬ ਦੇ ਹਨ ਇਨਸਾਨ
ਬਣ ਸੱਪ ਕਦੇ ਕਿਸੇ ਨੂੰ ਨਾ ਡੰਗੀਏ, ਸਦਾ ਭਲਾ ਸਰਬੱਤ

***

# ਸਾਕਾ

ਜੁੜ ਗਈ ਲਿਵ ਨਿਰੰਕਾਰ ਨਾਲ ਨਾਨਕ ਦੀ ਭਾਈ
ਹੈ ਹੈ ਕਰਦੀ ਧਰਤ ਤੇ ਸਭ ਦਿਸੀ ਲੁਕਾਈ
ਜ਼ਾਲਮ ਤੇ ਹੰਕਾਰੀਆਂ ਹੈ ਲੁੱਟ ਮਚਾਈ
ਮਜ਼ਲੂਮਾਂ ਦੀ ਸੁਣੇ ਨਾ ਅੱਜ ਕੋਈ ਦੁਹਾਈ
..........................................

ਵਹਿਮਾਂ ਭਰਮਾਂ ਵਿਚ ਫਸੀ ਹੈ ਦੁਨੀਆ ਸਾਰੀ
ਕੋਤਵਾਲਾਂ ਦੀ ਡਾਕੂਆਂ ਚੋਰਾਂ ਨਾਲ ਯਾਰੀ
ਚਾਰੇ ਪਾਸੇ ਝੂਠ ਦੀ ਦਿਸਦੀ ਸਰਦਾਰੀ
ਨਜ਼ਰ ਕੋਈ ਨਾ ਆਂਵਦਾ ਸੱਚ ਦਾ ਵਪਾਰੀ
..........................................

ਬਚਨ ਕੀਤਾ ਕਰਤਾਰ ਨਾਲ ਮੁੜ ਚੇਤੇ ਆਇਆ
ਗੁਰ ਮੰਤਰ ਦੇ ਜਾਪ ਦਾ ਜਹਾਜ਼ ਬਣਾਇਆ
ਮਰਦਾਨਾ ਨਨਕਾਣਿਓਂ 'ਸੋਮਾ' ਸਦ ਬੁਲਾਇਆ
ਨਾਨਕ ਚੱਲਿਆ ਪਾਪੀਆਂ ਦਾ ਕਰਨ ਸਫਾਇਆ।

***

# ਸਵਾਲ-ਜਵਾਬ: ਬੇਬੇ ਨਾਨਕੀ ਜੀ ਅਤੇ ਗੁਰੂ ਜੀ

ਬੇਬੇ ਨਾਨਕੀ: ਸਾਧਾਂ ਦਾ ਭੇਸ ਬਣਾ ਲਿਆ, ਕਿਉਂ ਭਗਵਾਂ ਚੋਲਾ ਪਾ ਲਿਆ
ਕੀ ਵੀਰਾ ਸ਼ਕਲ ਬਣਾਈ
ਪਹਿਲਾਂ ਹੀ ਮੈਨੂੰ ਆਖਣ ਸਖੀਆਂ, ਤੇਰਾ ਵੀਰ ਸ਼ੁਦਾਈ
ਸਾਧਾਂ ਦਾ ਭੇਸ ਬਣਾ ਲਿਆ..............
.....................................

ਗੁਰੂ ਜੀ: ਅੱਤ ਹੋ ਗਈ ਅਤਿਆਚਾਰ ਦੀ, ਰੋ ਰੋ ਧਰਤੀ ਮਾਂ ਪੁਕਾਰਦੀ
ਫਿਕਰ ਹੈ ਤੈਨੂੰ ਕਾਹਦਾ
ਯਾਦ ਕਰੇਂਗੀ ਜਦ ਬੀਬੀ ਮੈਂ ਮਿਲਾਂਗਾ ਮੇਰਾ ਵਾਹਦਾ
ਅੱਤ ਹੋ ਗਈ ਅੱਤਿਆਚਾਰ ਦੀ.................
.......................................

ਬੇਬੇ ਨਾਨਕੀ: ਗੱਲ ਵਿੱਚ ਮਾਲਾ ਹੱਥ ਵਿੱਚ ਮਾਲਾ, ਪਾਈਆਂ ਪੈਰ ਖੜਾਵਾਂ
ਨਾ ਕਰ ਹੱਥੀਂ ਕੰਮ ਤੂੰ ਕੋਈ, ਪਿਤਾ ਨੂੰ ਮੈਂ ਸਮਝਾਵਾਂ
ਮੰਨ ਅਰਜ਼ ਮੇਰੀ ਇੱਕ ਵਾਰ ਤੂੰ, ਨਾ ਜਾਹ ਛੱਡਕੇ ਘਰ ਬਾਹਰ ਤੂੰ
ਪਾਵੀਂ ਨਾ ਵੀਰ ਜੁਦਾਈ, ਪਹਿਲਾਂ ਹੀ ਮੈਨੂੰ...............
..........................................

ਗੁਰੂ ਜੀ: ਦਸਾਂ ਨੌਂਹਾਂ ਦੀ ਕ੍ਰਿਤ ਜੋ ਕਰਦਾ, ਉਹ ਭੁੱਖਾ ਪਿਆ ਮਰਦਾ
ਪੀ ਪੀ ਖ਼ੂਨ ਗਰੀਬਾਂ ਦਾ ਕੋਈ ਵਿਹਲਾ ਮੌਜਾਂ ਕਰਦਾ
ਲਾਲੋ ਨੂੰ ਦੁਤਕਾਰਦੇ, ਤੇ ਭਾਗੋ ਨੂੰ ਸਤਿਕਾਰਦੇ
ਉਲਟੀ ਚੱਲੇ ਮਰਯਾਦਾ, ਯਾਦ ਕਰੇਂਗੀ ਜਦ ਬੀਬੀ............
.................................................

ਬੇਬੇ ਨਾਨਕੀ: ਦੁਨੀਆ ਮਾਰੂ ਮਿਹਣੇ ਵੀਰਨਾ, ਨਾਨਕ ਬਣ ਗਿਆ ਯੋਗੀ
ਤੇਰੇ ਵਿਛੋੜੇ ਦਾ ਦੁੱਖ ਡਾਢਾ ਕਰ ਦਿਊ ਸਭ ਨੂੰ ਰੋਗੀ
ਨਾ ਜਾਵੀਂ ਮੈਥੋਂ ਦੂਰ ਤੂੰ, ਮੇਰੀ ਅੱਖੀਆਂ ਦਾ ਹੈਂ ਨੂਰ ਤੂੰ
ਨਾ ਹੋਰ ਮੇਰਾ ਕੋਈ ਭਾਈ, ਪਹਿਲਾਂ ਹੀ ਮੈਨੂੰ.............
...............................................

ਗੁਰੂ ਜੀ: ਕੌਡੇ ਰਾਕਸ਼ ਵਰਗੇ ਭੋਲੇ ਲੋਕਾਂ ਤਾਈਂ ਸਤਾਉਂਦੇ
ਸੱਜਣ ਠੱਗ ਜਿਹੇ ਲੁੱਟ ਲੋਕਾਂ ਨੂੰ ਅਗਲੇ ਜਨਮ ਪੁਚਾਉਂਦੇ
ਸਭ ਝੂਠੇ ਭਰਮ ਮਿਟਾਵਣੇ, 'ਸੋਮਾ' ਭਟਕੇ ਰਾਹ ਪਾਵਣੇ
ਮੈਨੂੰ ਹੋਇਆ ਹੁਕਮ ਖੁਦਾ ਦਾ, ਯਾਦ ਕਰੇਂਗੀ ਜਦ ਬੀਬੀ...........

***

# ਖੁਦਾ ਦੀ ਨਮਾਜ਼

ਹਰ ਰੋਜ਼ ਦੀ ਤਰ੍ਹਾਂ ਗੁਰੂ ਨਾਨਕ ਦੇਵ ਜੀ ਅੰਮ੍ਰਿਤ ਵੇਲੇ ਬੇਈਂ ਤੇ ਇਸ਼ਨਾਨ ਕਰਨ ਗਏ ਤਿੰਨ ਦਿਨ ਦੁਨੀਆ ਤੋਂ ਅਲੋਪ ਰਹਿਣ ਤੋਂ ਮਗਰੋਂ ਜਦ ਪ੍ਰਗਟ ਹੋਏ ਤਾਂ ਆਪ ਜੀ ਦਾ ਪਹਿਲਾ ਉਪਦੇਸ਼ ਸੀ 'ਨਾ ਕੋਈ ਹਿੰਦੂ, ਨਾ ਮੁਸਲਮਾਨ' ਪੰਡਤ ਅਤੇ ਮੌਲਵੀ ਜੋ ਸਦਾ ਇੱਕ ਦੂਜੇ ਦੇ ਵਿਰੋਧੀ ਰਹੇ ਹਨ, ਜਦੋਂ ਕੋਈ ਸਾਂਝੀ ਗੱਲ ਦੁਖਦਾਈ ਲੱਗਦੀ ਤਾਂ ਝੱਟ ਪੱਟ ਇੱਕ ਮੁੱਠ ਹੋ ਜਾਂਦੇ, ਗੁਰੂ ਸਾਹਿਬ ਦਾ ਇਹ ਉਪਦੇਸ਼ ਦੋਨਾਂ ਨੂੰ ਚੁਭਣ ਲੱਗਾ। ਮੁਸਲਮਾਨ ਕਿਉਂਕ ਹਾਕਮ ਜਮਾਤ ਸੀ, ਇਸ ਲਈ ਉਨ੍ਹਾਂ ਦਾ ਇਸ ਉਪਦੇਸ਼ ਦੇ ਖਿਲਾਫ ਭੜਕ ਪੈਣਾ ਸੁਭਾਵਿਕ ਸੀ, ਮੌਲਾਣਿਆਂ ਨੇ ਨਵਾਬ ਦੌਲਤ ਖਾਂ ਕੋਲ਼ ਸ਼ਿਕਾਇਤ ਕੀਤੀ ਕਿ ਸਾਨੂੰ ਨਹੀਂ ਪਤਾ ਹਿੰਦੂ, ਹਿੰਦੂ ਹਨ ਕਿ ਨਹੀਂ ਪਰ ਮੁਸਲਮਾਨਾਂ ਨੂੰ ਇਹ ਕਹਿਣਾ ਕੇ ਮੁਸਲਮਾਨ ਨਹੀਂ ਹਨ ਇਹ ਸਾਡੀ ਤੌਹੀਨ ਹੈ। ਨਵਾਬ ਦੌਲਤ ਖਾਨ ਨੇ ਬੁਲਾ ਕਿ ਕਿਹਾ ਕਿ ਸਾਰੇ ਇੱਕ ਦੀ ਹੀ ਸੰਤਾਨ ਹਨ ਤਾਂ ਫਿਰ ਸਾਡੇ ਨਾਲ ਮਸਜਿਦ ਵਿਚ ਚੱਲਕੇ ਨਮਾਜ ਕਿਉਂ ਨਹੀਂ ਪੜ੍ਹਦੇ। ਸਤਿਗੁਰਾਂ ਨੇ ਕਿਹਾ ਮੈਨੂੰ ਕੋਈ ਇਤਰਾਜ਼ ਨਹੀਂ ਹੈ। ਜੇਕਰ ਤੁਸੀਂ ਖੁਦਾ ਦੀ ਨਮਾਜ਼ ਪੜ੍ਹੋਗੇ ਤਾਂ ਮੈਂ ਤੁਸਾਂ ਦੇ ਨਾਲ ਨਮਾਜ ਪੜ੍ਹਾਂਗਾ। ਨਮਾਜ਼ ਪੜ੍ਹਨ ਦੀ ਸਾਰੀ ਵਾਰਤਾ ਅਤੇ ਸਵਾਲ ਜਵਾਬ ਇਸ ਤਰ੍ਹਾਂ ਹਨ।

ਨਾ ਕੋਈ ਹਿੰਦੂ ਨਾ ਮੁਸਲਮਾਨ, ਸਾਰੇ ਇੱਕ ਦੀ ਨੇ ਸੰਤਾਨ
ਇੱਕ ਰਾਹ ਇੱਕੋ ਸਭ ਨੇ ਹੈ ਜਾਵਣਾ, ਬੁੱਤ ਮਿੱਟੀ ਹੈ ਮਿੱਟੀ 'ਚ ਮਿਲ ਜਾਵਣਾ

..................................................

ਸੁੰਨਤ ਕੌਣ ਕਰਾਕੇ ਆਇਆ, ਤਿਲਕ ਜੇਨਊ ਰੱਬ ਨਹੀਂ ਪਾਇਆ
ਬੰਦੇ ਨੇ ਬਣਾਈਆਂ ਬੰਦੇ ਲਈ ਰਸਮਾਂ, ਦਾੜ੍ਹੀ ਮੁੰਨ ਕੇ ਰੱਖੋ ਜਾਂ ਲਾਉ ਬਸਮਾਂ

..................................................

ਅੱਲਾ ਬਖਸ਼ ਜਾਂ ਕ੍ਰਿਸ਼ਨ ਮੁਰਾਰੀ, ਸ਼ਰਾਰਤ ਨਾਵਾਂ ਦੀ ਹੈ ਸਾਰੀ
ਨਾਮ ਸੁਣਕੇ ਹੀ ਅੱਗ ਲੱਗ ਜਾਂਵਦੀ, ਤੇਲ ਬਲਦੀ ਦੇ ਉਤੇ ਜਾਤ ਪਾਂਵਦੀ

..................................................

ਪੜ੍ਹ ਨਮਾਜ ਜਾਂ ਟੱਲ ਖੜਕਾਊ, ਹੱਜ ਕਰੋ ਜਾਂ ਤੀਰਥ ਨ੍ਹਾਉ
'ਸੋਮਾ' ਅਮਲਾਂ ਤੇ ਹੋਣਗੇ ਨਬੇੜੇ, ਬੰਦੇ ਅੱਲਾ ਦੇ ਜਾਂ ਰਾਮ ਦੇ ਨੇ ਜਿਹੜੇ

..................................................

***

## ਸਵਾਲ-ਜਵਾਬ

ਕਾਜ਼ੀ: ਚੱਲ ਫਿਰ ਨਿਮਾਜ਼ ਪੜ੍ਹ ਤੂੰ, ਨਾਨਕਾ ਮਸਜਿਦ ਦੇ ਵਿੱਚ ਆਕੇ
............................................................

ਗੁਰੂ ਜੀ: ਮੈਨੂੰ ਇਤਰਾਜ਼ ਨਹੀਂ, ਪੜ੍ਹੋਗੇ ਜੇ ਨਿਮਾਜ਼ ਚਿੱਤ ਲਾਕੇ
............................................................

ਕਾਜ਼ੀ: ਕੀ ਮਤਲਬ ਤੇਰਾ ਹੈ, ਕੀ ਹਾਂ ਅਸੀਂ ਦਿਖਾਵਾ ਕਰਦੇ
ਇਹ ਖੁਦਾ ਜਾਣਦਾ ਹੈ, ਰੋਜ਼ ਹਾਂ ਪੰਜ ਨਿਮਾਜ਼ਾਂ ਪੜ੍ਹਦੇ
ਅੱਲਾ ਖੁਸ਼ ਹੋ ਜਾਂਦਾ, ਦਿੰਦੇ ਹਾਂ ਬਾਂਗ ਜਾਂ ਉੱਚੀ ਸੁਣਾਕੇ
ਚੱਲ ਫਿਰ ਨਿਮਾਜ਼ ਪੜ੍ਹ ਤੂੰ.........................
............................................................

ਗੁਰੂ ਜੀ: ਨਹੀਂ ਗੱਲ ਦਿਖਾਵੇ ਦੀ, ਕਾਜ਼ੀ ਜੀ ਮੈਂ ਕੀਤੀ ਹੈ ਕੋਈ
ਦੱਸੋ ਕਦ ਪੜ੍ਹਨੀ ਹੈ, ਸੱਦਣੀ ਖਲਕਤ ਹੈ ਅਰਜ਼ੋਈ
'ਸੋਮਾ ਆਦਮਪੁਰੀਆ', ਜ਼ਰੂਰ ਲਿਆਉਣਾ ਨਵਾਬ ਬੁਲਾਕੇ
ਮੈਨੂੰ ਇਤਰਾਜ਼ ਨਹੀਂ.............................
............................................................

***

## ਤਰਜ਼:-ਇੱਕ ਪ੍ਰਦੇਸੀ ਮੇਰਾ ਦਿਲ ਲੈ ਗਿਆ

ਕਾਜ਼ੀ: ਪੜ੍ਹੀ ਨਾ ਨਿਮਾਜ਼ ਤੇਰਾ ਖੁੱਲ੍ਹ ਗਿਆ ਪੋਲ
ਖੜਾ ਰਿਹਾ ਨਾਨਕ ਤੂੰ ਕਿਉਂ ਸੀ ਅਡੋਲ
..........................................

ਗੁਰੂ ਜੀ: ਅੱਲਾ ਦੀ ਸੀ ਪੜ੍ਹਨੀ ਨਿਮਾਜ਼ ਤੁਸਾਂ ਨਾਲ
ਪਰ ਤੁਸੀਂ ਚੱਲ ਗਏ ਹੋ ਚਾਲ ਮੇਰੇ ਨਾਲ
..........................................

ਨਵਾਬ: ਸਾਰਿਆਂ ਨੇ ਪੜ੍ਹੀ ਹੈ ਨਿਮਾਜ਼ ਮੈਂ ਵੀ ਤੱਕਿਆ
ਤੈਨੂੰ ਹੁਣ ਦੱਸ ਕਿਹਨੇ ਪੜ੍ਹਨੋਂ ਸੀ ਡੱਕਿਆ
ਮੇਰੇ ਸਾਹਮਣੇ ਤੂੰ ਹੁਣ ਕੁਫਰ ਨਾ ਤੋਲ
ਖੜਾ ਰਿਹਾ ਨਾਨਕਾ ਤੂੰ ਕਿਉਂ ਸੀ ਅਡੋਲ............
..........................................

ਗੁਰੂ ਜੀ: ਭਾਵੇਂ ਤੁਸੀਂ ਇੱਥੇ ਮਨ ਫਿਰਦਾ ਕੰਧਾਰ ਸੀ
ਘੋੜਿਆਂ ਦਾ ਤੁਸੀਂ ਪਏ ਕਰਦੇ ਵਪਾਰ ਸੀ
ਹੋਰ ਹੁਣ ਪੁੱਛੋ ਕੀ ਹੈ ਪੁੱਛਦੇ ਸਵਾਲ
ਅੱਲਾ ਦੀ ਸੀ ਪੜ੍ਹਨ ਨਿਮਾਜ਼ ਤੁਸਾਂ ਨਾਲ..........
..........................................

ਕਾਜ਼ੀ: ਮੇਰੇ ਨਾਲ ਪੜ੍ਹਨੇ 'ਚ ਦੱਸੋ ਕੀ ਹਰਜ਼ ਸੀ
ਕੀਤੇ ਇਕਰਾਰ ਨੂੰ ਨਿਭੌਣਾ ਤਾਂ ਫਰਜ਼ ਸੀ
ਐਵੇਂ ਨਾ ਤੂੰ ਕਰ ਹੁਣ ਗੱਲ ਗੋਲ ਮੋਲ
ਖੜਾ ਰਿਹਾ ਨਾਨਕਾ ਤੂੰ ਕਿਉਂ ਸੀ ਅਡੋਲ..........
..........................................

ਗੁਰੂ ਜੀ: ਮੌਲਵੀ ਜੀ ਤੁਸੀਂ ਕਿਹੜਾ ਪੜ੍ਹਦੇ ਨਿਮਾਜ਼ ਸੀ
ਘੋੜੀ ਦੀ ਬਛੇਰੀ ਆਉਂਦੀ ਮੁੜ ਮੁੜ ਯਾਦ ਸੀ
'ਸੋਮਾ' ਫਸੇ ਰਹੇ ਵਿੱਚ ਮਾਇਆ ਦੇ ਜੰਜਾਲ
ਅੱਲਾ ਦੀ ਸੀ ਪੜ੍ਹਨੀ ਨਿਮਾਜ਼ ਤੁਸਾਂ ਨਾਲ..................

***

ਪਹਿਲੀ ਉਦਾਸੀ ਸਮੇਂ ਏਮਨਾਬਾਦ ਭਾਈ ਲਾਲੋ ਕ੍ਰਿਤੀ ਤਰਖਾਣ ਦੇ ਘਰ ਪਹੁੰਚਣਾ ਤੇ ਖੋਟੀ ਕ੍ਰਿਤ ਕਰਨ ਵਾਲੇ ਮਲਿਕ ਭਾਗੋ ਦਾ ਬ੍ਰਹਮ ਭੋਜ ਠੁਕਰਾਉਣਾ। ਮਲਿਕ ਭਾਗੋ ਨਾਲ ਸਵਾਲ ਜਵਾਬ ਕਰਨੇ, ਹੱਕ ਹਲਾਲ ਅਤੇ ਹਰਾਮ ਦੀ ਕਮਾਈ ਦਾ ਫਰਕ ਦੱਸਣਾ, ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਅਤੇ ਮਲਿਕ ਭਾਗੋ ਦੀਆਂ ਪੂੜੀਆਂ ਵਿੱਚੋਂ ਖੂਨ ਚੁਆ ਕਿ ਦਿਖੌਣਾ।

**ਤਰਜ਼:-ਦੋ ਊਠਾਂ ਵਾਲੇ ਨੀ**

ਗੁਰੂ ਜੀ: ਨਾ ਪਰਖ ਫਕੀਰਾਂ ਨੂੰ ਹਾਕਮਾਂ ਇਹ ਨਹੀਂ ਰੱਬ ਨੂੰ ਭਾਉਂਦਾ
ਉਹਦੇ ਤੋਂ ਗੁੱਝੇ ਨਾ, ਬੰਦਾ ਜੋ ਵੀ ਕਰਮ ਕਮਾਉਂਦਾ
..............................................

ਮਲਿਕ ਭਾਗੋ: ਉਹ ਬੰਦਾ ਕੌਡੀ ਦਾ, ਜਾਤ ਤਰਖਾਣ ਜੋ ਨੀਚ ਸਦਾਈ
ਕੀ ਖੋਟ ਮੇਰੇ ਵਿਚ ਹੈ, ਉਹਦੀ ਦੱਸਦੇ ਕੀ ਵਡਿਆਈ
..............................................

ਗੁਰੂ ਜੀ: ਉਹ ਪ੍ਰਭੂ ਪਿਆਰਾ ਹੈ ਤੈਨੂੰ ਦੌਲਤ ਸਦਾ ਪਿਆਰੀ
ਲਾਲੋ ਦੀਆਂ ਰੋਟੀਆਂ ਨੂੰ ਖਾਕੇ ਚੜ੍ਹਦੀ ਨਾਮ ਖੁਮਾਰੀ
ਉਹ ਕਰਦਾ ਕ੍ਰਿਤ ਜਦੋਂ, ਪ੍ਰਭੂ ਨੂੰ ਸਵਾਸ ਸਵਾਸ ਧਿਔਂਦਾ
ਨਾ ਪਰਖ ਫਕੀਰਾਂ ਨੂੰ, ਹਾਕਮਾਂ.....................
..............................................

ਮਲਿਕ ਭਾਗੋ: ਛੱਤੀ ਕਿਸਮ ਦੇ ਪੱਕਦੇ ਨੇ, ਆਹ ਪਕਵਾਨ ਦੇਖ ਘਰੇ ਮੇਰੇ
ਸਾਧੂ ਰੱਜ ਰੱਜ ਖਾਂਦੇ ਨੇ, ਆਉਂਦੇ ਨੱਕ ਥੱਲੇ ਨਹੀਂ ਤੇਰੇ
ਖਾਕੇ ਤਾਂ ਦੇਖ ਸਹੀ, ਦੇਸੀ ਘਿਓ ਦੀ ਸ਼ੁੱਧ ਮਠਿਆਈ
ਕੀ ਖੋਟ ਮੇਰੇ ਵਿੱਚ ਹੈ.............................
..............................................

ਗੁਰੂ ਜੀ: ਨਾ ਕਰ ਗੁਮਾਨ ਐਵੇਂ ਉੱਚੀ ਜਾਤ ਤੇਰੀ ਕਿਸ ਗੱਲੇ
ਪੀ ਕੇ ਖ਼ੂਨ ਗਰੀਬਾਂ ਦਾ, ਕਰਾਵੇਂ ਆਪਣੀ ਬੱਲੇ ਬੱਲੇ
ਨਾਨਕ ਤਾਂ ਨੀਵਿਆਂ ਨੂੰ, ਸਦਾ ਹੈ ਸੀਨੇ ਦੇ ਨਾਲ ਲਾਉਂਦਾ
ਨਾ ਪਰਖ ਫਕੀਰਾਂ ਨੂੰ, ਹਾਕਮਾਂ......................
................................................

ਮਲਿਕ ਭਾਗੋ: ਇਹ ਮੇਰੀ ਹੇਠੀ ਹੈ, ਇਹਦਾ ਕਰਨਾ ਪਊ ਨਿਤਾਰਾ
'ਸੋਮਾ ਆਦਮਪੁਰੀਆ', ਇਹ ਇਲਜ਼ਾਮ ਮੇਰੇ ਤੇ ਭਾਰਾ
ਕੀ ਜਾਣ ਕੇ ਮੈਨੂੰ ਤੂੰ, ਤੋਹਮਤ ਇਹ ਮੇਰੇ ਤੇ ਲਾਈ
ਕੀ ਖੋਟ ਮੇਰੇ ਵਿੱਚ ਹੈ........................

***

ਇੱਕ ਹੱਥ ਪੂੜੀ ਇੱਕ ਕੋਧਰੇ ਦੀ ਰੋਟੀ
ਇੱਕ ਪਾਸੇ ਜਾਤ ਉੱਚੀ ਇਕ ਪਾਸੇ ਛੋਟੀ
ਸਦਾ ਨੀਵਿਆਂ ਦੇ ਨਾਲ ਮਾਲਕ ਹੈ ਵੱਸਦਾ, ਜੀ ਰੂਪ ਰੱਬ ਦਾ
ਹੱਕ ਤੇ ਹਰਾਮ ਦੀ ਕਮਾਈ ਦੱਸਦਾ ਜੀ ਰੂਪ ਰੱਬ ਦਾ...........
................................................

ਸ਼ਹਿਰ ਵਾਸੀ ਸਾਰੇ ਨੇ ਹੈਰਾਨੀ ਨਾਲ ਤੱਕਦੇ
ਕਿਵੇਂ ਦੱਸੂ ਫਰਕ ਹਰਾਮ ਅਤੇ ਹੱਕ ਦੇ
ਭਾਗੋ ਮਾਣ ਵਿਚ ਪਿਆ ਮੁੱਛਾਂ ਨੂੰ ਸੁਆਰੇ
ਪਰ ਰੱਬੀ ਰੂਪ ਦੇ ਤਾਂ ਚੋਜ ਨੇ ਨਿਆਰੇ
ਨੈਣਾਂ ਵਿਚ ਹੈ ਖੁਮਾਰੀ ਦਾਤਾ ਪਿਆ ਹੱਸਦਾ, ਜੀ ਰੂਪ ਰੱਬ ਦਾ
ਹੱਕ ਤੇ ਹਰਾਮ ਦੀ ਕਮਾਈ..................
................................................

ਸਤਿ ਕਰਤਾਰ ਕਹਿ ਕੇ ਮੁੱਠੀਆਂ ਜਾ ਘੁੱਟੀਆਂ
ਲਹੂ ਅਤੇ ਦੁੱਧ ਦੀਆਂ ਧਾਰਾਂ ਹਨ ਛੁੱਟੀਆਂ
ਪੂਰੀਆਂ 'ਚੋਂ ਰੱਤ, ਦੁੱਧ ਰੋਟੀਆਂ 'ਚੋਂ ਜਾਵੇ
ਸ਼ਾਹੀ ਪਕਵਾਨ ਵਾਲਾ ਭਾਗੋ ਘਬਰਾਵੇ
ਹੋਕੇ ਸ਼ਰਮਿੰਦਾ ਧਰਤੀ 'ਚ ਜਾਵੇ ਧਸਦਾ, ਜੀ ਰੂਪ ਰੱਬ ਦਾ
ਹੱਕ ਤੇ ਹਰਾਮ ਦੀ ਕਮਾਈ......................

ਝੁਕ ਗਏ ਨੇ ਉਚੇ ਸਿਰ ਭਰੇ ਹੋਏ ਹੰਕਾਰ ਦੇ
ਲੋਕੀਂ ਧੰਨ ਨਾਨਕ ਧੰਨ ਨਾਨਕ ਪੁਕਾਰਦੇ।
'ਸੋਮਾ ਆਦਮਪੁਰੀਆ' ਗੁਰਾਂ ਨੇ ਫੁਰਮਾਇਆ
ਰੱਤ ਪੀਣ ਵਾਂਗੂ ਹੁੰਦਾਹੱਕ ਜੋ ਪਰਾਇਆ
ਹੋਇਆ ਘਰ ਘਰ ਬੋਲਬਾਲਾ ਗੁਰੂ ਜੱਸ ਦਾ, ਜੀ ਰੂਪ ਰੱਬ ਦਾ
ਹੱਕ ਤੇ ਹਰਾਮ ਦੀ ਕਮਾਈ ਦੱਸਦਾ........................

***

# ਮਿਲਾਪ ਸੱਜਣ ਠੱਗ ਨਾਲ

ਸ਼ਬਦ ਦੇ ਜਹਾਜ਼ ਤੇ ਸਵਾਰ ਹੋਕੇ, ਸਿਮਰਨ ਅਤੇ ਕੀਰਤਨ ਦਾ ਹਥਿਆਰ ਲੈ ਕੇ ਗੁਰੂ ਨਾਨਕ ਦੇਵ ਜੀ ਮਹਾਰਾਜ, ਠੱਗਾਂ, ਡਾਕੂਆਂ, ਧਾੜਵੀਆਂ, ਯੋਗੀਆਂ ਅਤੇ ਜਾਦੂਗਰਾਂ ਦੇ ਟਿਕਾਣਿਆਂ ਤੇ ਪਹੁੰਚਦੇ ਹਨ, ਜਾਤ ਪਾਤ ਦਾ ਭਿੰਨ ਭੇਦ ਮਿਟਾਉਣ ਲਈ ਅਖੌਤੀ ਨੀਚ ਜਾਤ ਦੇ ਮਰਾਸੀ ਮਰਦਾਨੇ ਨੂੰ ਸਾਥੀ ਬਣਾਇਆ, ਪਹਿਲੀ ਉਦਾਸੀ ਸਮੇਂ ਸੱਭ ਤੋਂ ਪਹਿਲਾ ਪੜਾਅ ਅਖੌਤੀ ਨੀਚ ਜਾਤ ਭਾਈ ਲਾਲੋ ਤਰਖਾਣ ਦੇ ਘਰ ਕੀਤਾ, ਹੁਣ ਆਪ ਜੀ ਭਾਈ ਮਰਦਾਨੇ ਨਾਲ ਸੱਜਣ ਠੱਗ (ਭਾਈ ਸੱਜਣ) ਦੇ ਘਰ ਉਸ ਨੂੰ ਸਿੱਧੇ ਰਾਹ ਪਾਉਣ ਲਈ ਪਹੁੰਚੇ ਹਨ। ਗੁਰਬਾਣੀ ਦੁਆਰਾ ਸੱਜਣ ਨੂੰ ਭਵਸਾਗਰ ਦੇ ਪਾਰ ਹੋਣ ਦਾ ਰਸਤਾ ਦਿਖੌਂਦੇ ਹਨ।

ਤਰਜ਼:-ਕਪਾਹ ਦੀਆਂ ਫੁੱਟੀਆਂ

ਦਿਨ ਰਾਤ ਖੱਟੇ ਪਾਪਾਂ ਦੀਆਂ ਖੱਟੀਆਂ ਖੁਦਾ ਤੋਂ ਨਾ ਡਰੇਂ ਬੰਦਿਆ
ਤੇਰੇ ਕੰਮ ਨੇਕੀਆਂ ਨੇ ਜਦੋਂ ਆਉਣਾ, ਬੁਰਾਈਆਂ ਕਿਉਂ ਕਰੇਂ ਬੰਦਿਆ.........

ਮਾਂ ਪਿਓ ਪੁੱਤ ਧੀਆਂ ਬਹੁਟੀ ਭੈਣਾਂ ਤੇ ਭਰਾ
ਤੇਰੇ ਨਾਲ ਵੀ ਕੋਈ ਜਾਊ ਕਦੇ ਸੋਚ ਤੇ ਜਰਾ
ਤੇਰੇ ਸਕੇ ਤੈਨੂੰ ਛੇਤੀ ਛੇਤੀ ਕੱਢਦੇ ਨੇ ਘਰੋਂ, ਜਦੋਂ ਮਰੇਂ ਬੰਦਿਆ
ਤੇਰੇ ਕੰਮ ਨੇਕੀਆਂ ਨੇ ਜਦੋਂ ਆਉਣਾ, ਬੁਰਾਈਆਂ.........

ਝੂਠੀ ਮਾਇਆ ਉਤੇ ਕਰ ਬੈਠਾ, ਕਿਉਂ ਇਤਵਾਰ
ਕੂੜ ਸਭ ਸੱਚਾ ਰੱਬ ਪਾ ਲੈ ਉਹਦੇ ਨਾਲ ਪਿਆਰ
ਕਿਉਂ ਕੰਮ ਬੇਈਮਾਨੀਆਂ ਦੇ ਕਰਕੇ ਤਜੌਰੀਆਂ ਤੂੰ ਭਰੇਂ ਬੰਦਿਆ
ਤੇਰੇ ਕੰਮ ਨੇਕੀਆਂ ਨੇ ਜਦੋਂ ਆਉਣਾ, ਬੁਰਾਈਆਂ.........

ਇਹਨਾਂ ਦਮਾਂ ਦਾ ਭਰੋਸਾ ਨਹੀਂ ਇੱਕ ਪਲ ਦਾ
'ਸੋਮਾ' ਫਿਰ ਵੀ ਤੂੰ ਰਾਹ ਸੱਚ ਦੇ ਨਹੀਂ ਚੱਲਦਾ
ਨਾਮ ਜਪ ਲੈ ਹਰੀ ਦਾ ਨਦੀ ਪਾਪਾਂ ਦੀ 'ਚੋਂ ਚਾਹੁੰਦਾ ਜੇ ਤੂੰ ਤਰੇਂ ਬੰਦਿਆ
ਤੇਰੇ ਕੰਮ ਨੇਕੀਆਂ ਨੇ ਜਦੋਂ ਆਉਣਾ, ਬੁਰਾਈਆਂ...............

***

ਤਰਜ਼:-ਪਟਿਆਲਿਓਂ ਮੋਗੇ ਆਕੇ

ਪਿੰਡੋਂ ਬਾਹਰ ਆਕੇ ਤੂੰ ਡੇਰਾ ਲਾਇਆ
ਪਰ ਸੱਜਣਾਂ ਨਾ ਸੱਜਣਾਂ ਵਾਲਾ ਕਰਮ ਕਮਾਇਆ।
....................................

ਲੋਕਾਂ ਨੂੰ ਲੁੱਟਣ ਲਈ ਏਥੇ ਧਰਮਸ਼ਾਲ ਬਣਵਾਈ
ਪਰ ਇਹ ਖੱਟੀ ਪਾਪਾਂ ਦੀ ਜੋ ਨਾਲ ਨਾ ਜਾਣੀ ਭਾਈ
ਧੀਆਂ ਪੁੱਤਰ ਅੰਤ ਸਮੇਂ ਕੋਈ ਕੰਮ ਨਾ ਆਉਣਾ
ਜਦ ਪਈ ਜਮਾਂ ਦੀ ਮਾਰ ਸੱਜਣਾਂ ਤੂੰ ਪਛਤਾਉਣਾ
....................................................

ਭੇਸ ਫਕੀਰਾਂ ਵਾਲਾ ਤੇਰਾ ਪਰ ਤੂੰ ਦਿਲ ਦਾ ਕਾਲਾ
ਕਿੰਨੇ ਖ਼ੂਨ ਤੂੰ ਕੀਤੇ ਦੱਸਣ ਮਣਕੇ ਜੋ ਵਿਚ ਮਾਲਾ
ਵਿਚ ਹਨ੍ਹੇਰੇ ਭਟਕ ਗਿਆ, ਰਾਹ ਦਿਸੇ ਨਾ ਕੋਈ
ਪਰ ਹਤਿਆਰਿਆਂ ਨੂੰ ਨਾ ਮਿਲਦੀ ਨਰਕ ਵੀ ਢੋਈ
....................................................

ਸੱਜਣਾਂ ਵਾਲੇ ਕੰਮ ਨਾ ਕਰਦਾ, ਪਰ ਸੱਜਣ ਅਖਵਾਏਂ
ਸੱਚਮੁੱਚ ਜੇ ਤੂੰ ਬਣ ਜਾਏਂ ਸੱਜਣ, ਅਜੇ ਵੀ ਬਖਸ਼ਿਆ ਜਾਏਂ
'ਸੋਮਾ ਆਦਮਪੁਰੀਆ' ਚਰਨੀਂ ਸੀਸ ਝੁਕਾਇਆ
ਧੰਨ ਗੁਰੂ ਨਾਨਕ ਠੱਗਾਂ ਨੂੰ ਜਿਨ ਸਾਧ ਬਣਾਇਆ।
ਪਿੰਡੋਂ ਬਾਹਰ ਆਕੇ ਤੂੰ ਡੇਰਾ ਲਾਇਆ
ਪਰ ਸੱਜਣਾਂ ਨਾ ਸੱਜਣਾਂ ਵਾਲਾ..................

***

ਤਰਜ਼:-ਜੱਟ ਕੁੜੀਆਂ ਤੋਂ ਡਰਦਾ ਮਾਰਾ

ਮਰਦਾਨਾ: ਮਸਾਂ ਜ਼ਿੰਦਗੀ ਮਿਲੀ ਹੈ ਮੈਨੂੰ ਮੁੜਕੇ, ਚੱਲ ਘਰ ਨੱਸ ਚੱਲੀਏ
ਚੱਲ ਘਰ ਨੱਸ ਚੱਲੀਏ, ਦਾਤਾ ਮੇਰਿਆ..........
...........................................

ਗੁਰੂ ਜੀ: ਕੰਮ ਕਰਨੇ ਬੜੇ ਨੇ ਮਰਦਾਨਿਆਂ ਕਿ ਦੱਸ ਕਿੱਥੇ ਨੱਸ ਚੱਲੀਏ
ਕਿ ਦੱਸ ਕਿੱਥੇ ਨੱਸ ਚੱਲੀਏ ਮਰਦਾਨਿਆਂ.............
.............................................

ਮਰਦਾਨਾ: ਮੈਂ ਤਾਂ ਥੱਕਿਆ ਲੰਮੇਰੇ ਪੰਧ ਕਰਕੇ, ਕਿ ਗੱਲ ਨਹੀਓਂ ਮੇਰੇ ਵਸ ਦੀ
ਕਿ ਗੱਲ ਨਹੀਓਂ ਮੇਰੇ ਵਸ ਦਾ ਦਾਤਾ ਮੇਰਿਆ
..................................................

ਗੁਰੂ ਜੀ: ਅਜੇ ਕੱਟਣੀ ਗੁਲਾਮੀ ਗੋਲੇ ਬਣਕੇ, ਕਿ ਆਉਣ ਵਾਲੀ ਘੜੀ ਦੱਸਦੀ
ਕਿ ਆਉਣ ਵਾਲੀ ਘੜੀ ਦੱਸਦੀ ਮਰਦਾਨਿਆਂ...............
..................................................

ਮਰਦਾਨਾ: ਮੈਨੂੰ ਬੱਚਿਆਂ ਦੀ ਯਾਦ ਸਤਾਉਂਦੀ, ਕਿ ਦੁੱਖ ਡਾਢਾ ਹੈ ਜੁਦਾਈ ਦਾ
ਕਿ ਦੁੱਖ ਡਾਢਾ ਹੈ ਜੁਦਾਈ ਦਾ ਦਾਤਾ ਮੇਰਿਆ...............
..................................................

ਗੁਰੂ ਜੀ: ਸੁੱਖ ਘਰ ਦੇ ਨਾ ਚੰਗੇ ਮੈਨੂੰ ਲੱਗਦੇ, ਦੁੱਖ ਖੁਦਾ ਦੀ ਖੁਦਾਈ ਦਾ
ਕਿ ਦੁੱਖ ਖੁਦਾ ਦੀ ਖੁਦਾਈ ਦਾ ਮਰਦਾਨਿਆਂ..................

ਮਰਦਾਨਾ: ਹੋਊ ਕਰਦੀ ਯਾਦ ਬੇਬੇ ਨਾਨਕੀ, ਕਿ ਵਾਹਦਾ ਤੁਸੀਂ ਆਏ ਕਰਕੇ
ਕਿ ਵਾਹਦਾ ਤੁਸੀਂ ਆਏ ਕਰਕੇ ਦਾਤਾ ਮੇਰਿਆ...............
..................................................

ਗੁਰੂ ਜੀ: ਘਰ ਚੱਲਾਂਗੇ ਹੁਕਮ ਜਦੋਂ ਹੋਊਗਾ, ਜਾਣਾ ਨਹੀਂ ਦੁੱਖਾਂ ਤੋਂ ਡਰਕੇ
ਕਿ ਜਾਣਾ ਨਹੀਂ ਦੁੱਖਾਂ ਤੋਂ ਡਰਕੇ ਮਰਦਾਨਿਆਂ........
..................................................

ਮਰਦਾਨਾ: ਨਿੱਤ ਨਵੀਂ ਕੋਈ ਵਿਪਤਾ ਸਹੇੜਦੇ, ਸਰੀਰ ਵਿਚੋਂ ਖ਼ੂਨ ਸੁੱਕਿਆ
ਸਰੀਰ ਵਿਚੋਂ ਖ਼ੂਨ ਸੁਕਿਆ ਦਾਤਾ ਮੇਰਿਆ..............
......................................................

ਗੁਰੂ ਜੀ: ਮੇਰੀ ਮਰਜ਼ੀ ਨਾ ਇੱਥੇ ਕੋਈ ਚੱਲਦੀ, ਮੈਂ ਤਾਂ ਜਿੱਥੇ ਰੋਕੇ ਰੁਕਿਆ
ਕਿ ਮੈਂ ਤਾਂ ਜਿੱਥੇ ਰੋਕੇ ਰੁਕਿਆ ਮਰਦਾਨਿਆਂ..........
......................................................

ਮਰਦਾਨਾ: ਬੜੇ ਲੱਗਦੇ ਨੇ ਜੰਗਲ ਡਰਾਵਣੇ, ਕਿ ਮੌਤ ਖੜੀ ਮੂੰਹ ਅੱਡਕੇ
ਕਿ ਮੌਤ ਖੜੀ ਮੂੰਹ ਅੱਡਕੇ ਦਾਤਾ ਮੇਰਿਆ...........
......................................................

ਗੁਰੂ ਜੀ: 'ਸੋਮਾ ਆਦਮਪੁਰੀਆ' ਨਾ ਐਵੇਂ ਡੋਲ ਤੂੰ, ਜਾਂਦੇ ਨਹੀਂ ਤੈਨੂੰ ਛੱਡਕੇ
ਕਿ ਜਾਂਦੇ ਨਹੀਂ ਤੈਨੂੰ ਛੱਡਕੇ ਮਰਦਾਨਿਆਂ..................
......................................................

***

# ਬੇਬੇ ਨਾਨਕੀ ਨੇ ਯਾਦ ਕਰਨਾ

**ਤਰਜ਼:-ਜਬ ਹਮ ਜਵਾਂ ਹੋਂਗੇ**

ਲਾਈਆਂ ਉਡੀਕਾਂ ਮੈਂ, ਗਿਣਦੀ ਤਰੀਕਾਂ ਮੈਂ, ਹੋਊ ਜੇ ਮੇਰਾ ਵੀਰ
ਫਿਰ ਨਿਸਚੇ ਹੀ ਆਊਗਾ, ਫੁਲਕਾ ਇਹ ਖਾਊਗਾ............
.......................................................

ਤੂੰ ਵਾਹਦਾ ਕੀਤਾ ਸੀ ਛੇਤੀ ਆਉਣ ਦਾ
ਨੂਰੀ ਮੁਖੜੇ ਦੇ ਦਰਸ਼ਨ ਕਰਵਾਵਣ ਦਾ
ਦਰਸ਼ਨ ਦੀ ਜਿਹੜੀ ਪਿਆਸ ਹੈ ਉਸਨੂੰ ਬੁਝਾਊਗਾ
ਨਿਸਚੇ ਹੀ ਆਊਗਾ,....................
..............................................

ਹਰ ਸ਼ੈ ਘਰ ਵਿਚ ਸੁੰਨ ਸੁੰਨੀ ਲੱਗਦੀ ਹੈ
ਮੇਰੀ ਆਤਮਾ ਤੇਰੀ ਸੂਰਤ ਲੱਭਦੀ ਹੈ
ਮੇਰੀ ਜਿਹੀ ਅਭਾਗਣ ਦੇ ਉਹ ਘਰ ਵਿਚ ਪੈਰ ਪਾਊਗਾ
ਨਿਸਚੇ ਹੀ ਆਊਗਾ...............
..............................................

ਮੈਂ ਨਾ ਤੇਰੇ ਤੋਂ ਕੋਈ ਦੌਲਤ ਮੰਗਦੀ ਵੇ
ਪਰ ਨਾ ਬਿਨ ਦੇਖੇ ਘੜੀ ਹੁਣ ਲੰਘਦੀ ਵੇ
ਕੀਤਾ ਸੀ ਵਾਹਦਾ ਜੋ, 'ਸੋਮਾ' ਉਸਨੂੰ ਨਿਭਾਊਗਾ
ਨਿਸਚੇ ਹੀ ਆਊਗਾ.......................
..............................................

***

ਰੁਹੇਲ ਖੰਡ ਦੀ ਧਰਤੀ ਤੇ ਜਾਣਾ, ਗੁਲਾਮ ਬਣਕੇ ਵਿਕ ਜਾਣਾ, ਗੁਲਾਮ ਬਣਕੇ ਪਾਣੀ ਢੋਣਾ, ਖੂਹਾਂ ਦਾ ਪਾਣੀ ਸੁੱਕ ਜਾਣਾ, ਸਾਰੇ ਗੁਲਾਮ ਅਜ਼ਾਦ ਕਰਵਾ ਕੇ, ਸਦਾ ਲਈ ਗੁਲਾਮੀ ਦੀ ਰਸਮ ਖਤਮ ਕਰਵਾਉਣਾ ਅਤੇ ਪ੍ਰਮਾਤਮਾ ਦੀ ਬੰਦਗੀ ਨਾਲ ਜੋੜਨਾ

**ਤਰਜ਼:-ਦੇਦੇ ਹੱਸਕੇ ਦਿਦਾਰ ਦਿਲ ਤੋੜਨਾ**

ਖੜਾ ਬਣਕੇ ਗੁਲਾਮ ਰੂਪ ਰੱਬ ਦਾ
ਫਿਰੇ ਵੈਦ ਰੋਗੀਆਂ ਨੂੰ ਦੇਖੋ ਲੱਭਦਾ, ਫਿਰ ਵੈਦ.........
...........................................

ਘੇਰਾ ਪਾਕੇ ਰੁਹੇਲੇ ਚਾਰ ਪਾਸੇ ਖੜੇ ਨੇ
ਦੂਰ ਦੂਰ ਤੋਂ ਵਪਾਰੀ ਆਏ ਬੜੇ ਬੜੇ ਨੇ
ਆਇਆ ਰੋਗ ਕੱਟਣੇ ਲਈ ਦੇਖੋ ਸਭ ਦਾ
ਫਿਰੇ ਵੈਦ ਰੋਗੀਆਂ ਨੂੰ ਦੇਖੋ.............
...........................................

ਸਰੂ ਜਿਹਾ ਗੱਭਰੂ ਤੇ ਲਾਲੀ ਚਿਹਰੇ ਉਤੇ ਭਖੇ
ਜਿਹੜਾ ਵੀ ਖਰੀਦਦਾਰ ਅੱਖ ਉਹਦੇ ਉਤੇ ਰੱਖੇ
ਮੰਡੀ ਵਿਚ ਸੋਹਣਿਆਂ ਤੋਂ ਸੋਹਣਾ ਲੱਗਦਾ
ਫਿਰੇ ਵੈਦ ਰੋਗੀਆਂ ਨੂੰ ਦੇਖੋ..............
...........................................

ਦੋ ਘੋੜਿਆਂ ਦੇ ਵੱਟੇ ਦੇਖੋ ਰੱਬ ਵਿਕਦਾ
'ਸੋਮਾ ਆਦਮਪੁਰੀਆ' ਨਹੀਂ ਕੁੱਝ ਕੋਲੋਂ ਲਿਖਦਾ
ਡੂੰਘੇ ਟੋਇਆਂ 'ਚ ਬੁਰਾਈਆਂ ਜਾਵੇ ਦੱਬਦਾ
ਫਿਰੇ ਵੈਦ ਰੋਗੀਆਂ ਨੂੰ ਦੇਖੋ...............

***

**ਤਰਜ਼:-ਯੇਹ ਦੇਸ਼ ਹੈ ਵੀਰ ਜਵਾਨੋਂ ਕਾ**

ਪਤਨੀ: ਇਹ ਬੰਦਾ ਕੋਈ ਆਮ ਨਹੀਂ, ਰਹਿ ਸਕਦਾ ਕਦੇ ਗੁਲਾਮ ਨਹੀਂ
ਨਾ ਜਾਣੇ ਕਿਉਂ ਦਿਲ ਡਰਦਾ ਏ, ਉਹ ਹੰਸੂ ਹੰਸੂ ਪਿਆ ਕਰਦਾ ਏ

ਪਤੀ: ਤੈਨੂੰ ਲੱਖ ਵਾਰੀ ਸਮਝਾਇਆ ਏ, ਪਰ ਤੈਨੂੰ ਸਮਝ ਨਾ ਆਇਆ ਏ
ਨਾ ਕੰਮ 'ਚ ਲੱਤ ਅੜਾਇਆ ਕਰ, ਜੋ ਕਹਿੰਦਾ ਹਾਂ ਮੰਨ ਜਾਇਆ ਕਰ
.................................................

ਪਤਨੀ: ਉਹਦੇ ਮੁਖੜੇ ਤੇ ਹੈ ਨੂਰ ਕੋਈ, ਹੈ ਨੈਣਾਂ ਵਿਚ ਸਰੂਰ ਕੋਈ
ਉਹ ਜਿਵੇਂ ਫਰਿਸ਼ਤਾ ਕੋਈ ਹੈ, ਛੱਡ ਦਿਓ ਮੇਰੀ ਅਰਜੋਈ ਹੈ
.................................................

ਪਤੀ: ਮੈਂ ਵਣਜ ਨਫੇ ਦੇ ਕਰਦਾ ਹਾਂ, ਨਾ ਕਦੇ ਕਿਸੇ ਤੋਂ ਡਰਦਾ ਹਾਂ
ਫਰਿਸ਼ਤਾ ਭਾਵੇਂ ਭਗਵਾਨ ਹੋਵੇ, ਕੋਈ ਡਾਕੂ ਜਾਂ ਸ਼ੈਤਾਨ ਹੋਵੇ
.................................................

ਪਤਨੀ: ਜਿਸ ਮਾਂ ਦੀ ਕੁੱਖ ਦਾ ਲਾਲ ਹੋਊ, ਕੀ ਉਹਦਾ ਦੱਸੋ ਹਾਲ ਹੋਊ
ਰੋ ਰੋ ਕੇ ਜਾਨ ਗਵਾਵੇਗੀ, ਮਰਕੇ ਵੀ ਚੈਨ ਨਾ ਪਾਵੇਗੀ
.................................................

ਪਤੀ: ਅੱਜ ਹੋ ਗਿਆ ਤੈਨੂੰ ਕੀ ਭਲਾ, ਕਿਉਂ ਡੋਲੇ ਤੇਰਾ ਜੀ ਭਲਾ
ਮਨ ਮੋਹ ਲਿਆ ਜਾਪੇ ਤੇਰਾ ਨੀ, ਘਰ ਛੱਡਣਾ ਚਾਹੁੰਦੀ ਮੇਰਾ ਨੀ
.................................................

ਪਤਨੀ: ਇਹ ਗੱਲ ਨਹੀਂ ਹੈ ਹੱਸਣ ਦੀ, ਨਾ ਮੇਰੇ ਘਰ ਤੋਂ ਨੱਸਣ ਦੀ
ਉਹ ਲੱਗਦਾ ਨੂਰ ਇਲਾਹੀ ਏ, ਐਵੇਂ ਬਣ ਬੈਠਾ ਰਾਹੀ ਏ
.................................................

ਪਤੀ: ਨਹੀਂ ਮੱਤ ਤੇਰੀ ਦੀ ਲੋੜ ਮੈਨੂੰ, ਆਦਮਪੁਰੀਆ ਨਾ ਮੋੜ ਮੈਨੂੰ
ਮੰਡੀ ਵਿਚ ਲੈਕੇ ਜਾਵਾਂਗਾ, 'ਸੋਮਾ' ਮੈਂ ਬੋਲੀ ਲਾਵਾਂਗਾ।

***

ਤਰਜ਼:-ਉਹ ਵੇਲਾ ਯਾਦ ਕਰ ਉਹ ਵੇਲਾ

ਵਿਕ ਗਿਆ ਨੂਰ ਖੁਦਾ ਦਾ ਵਿਕ ਗਿਆ ਜੀ
ਮੰਡੀ ਦੇ ਵਿਚ ਹੋਵੇ ਬੋਲੀ ਖੜੀ ਅਮੀਰਾਂ ਦੀ ਇੱਕ ਟੋਲੀ
ਗੋਲਾ ਲੈਣ ਲਈ, ਵਿਕ ਗਿਆ ਨੂਰ ਖੁਦਾ ਦਾ, ਵਿਕ ਗਿਆ ਜੀ.........
.....................................................

ਅੱਜ ਪਾਣੀ ਢੋਵੇ ਨਾਨਕ ਆ ਪਰਦੇਸ਼ਾਂ ਤੋਂ
ਗਿੱਠ ਉੱਚੀ ਹੋਕੇ ਤੁਰਦੀ ਸਾਗਰ ਕੇਸਾਂ ਤੋਂ
ਸੁੱਕ ਗਿਆ ਖੂਹਾਂ ਦਾ ਪਾਣੀ, ਲੱਗੇ ਤੜਫਣ ਪਸ਼ੂ ਪਰਾਣੀ
ਜਿੰਦੇ ਰਹਿਣ ਲਈ, ਵਿਕ ਗਿਆ ਨੂਰ ਖੁਦਾ ਦਾ, ਵਿਕ ਗਿਆ ਜੀ.............
.....................................................

ਪਾਣੀ ਦੇ ਦੁਖੋਂ ਹਰ ਕੋਈ ਪਿਆ ਕੁਰਲੌਂਦਾ ਸੀ
ਮਸਤੀ ਵਿਚ ਬਾਬਾ ਨਾਨਕ ਹੀ ਦਿੱਸ ਆਉਂਦਾ ਸੀ
ਲੱਗੀਆਂ ਘਰ ਘਰ ਹੋਣ ਵਿਚਾਰਾਂ, ਰੁਹੇਲੇ ਆਏ ਬੰਨ੍ਹ ਕਤਾਰਾਂ
ਚਰਨੀਂ ਢਹਿਣ ਲਈ, ਵਿਕ ਗਿਆ ਨੂਰ ਖੁਦਾ ਦਾ, ਵਿਕ ਗਿਆ ਗਿਆ ਜੀ...
.....................................................

ਘਰ ਘਰ ਵਿਚ ਹੋਵੇ ਜੈ ਜੈ ਕਾਰ ਅਜ਼ਾਦੀ ਦੀ
ਜੜ੍ਹ ਪੁੱਟ ਕਿ ਸੁੱਟੀ ਨਾਨਕ ਭੈੜੀ ਬਾਦੀ ਦੀ
'ਸੋਮਾ' ਉਹ ਪ੍ਰਉਪਕਾਰੀ, ਜਾਂਦਾ ਦੁਖੜੇ ਆਪ ਸਹਾਰੀ
ਜੋ ਸੱਚ ਕਹਿਣ ਲਈ, ਵਿਕ ਗਿਆ ਨੂਰ ਖੁਦਾ ਦਾ, ਵਿਕ ਗਿਆ ਜੀ.............

***

## ਪ੍ਰਸੰਗ:-ਠੱਗਾਂ ਦਾ ਪਾਰ ਉਤਾਰਾ ਕਰਨਾ

ਇਹ ਸਾਰਾ ਹੀ ਪਿੰਡ ਠੱਗਾਂ ਦਾ ਸੀ, ਜੱਦੀ ਪੁਸ਼ਤੀ ਠੱਗੀਆਂ ਹੀ ਮਾਰਦੇ ਆ ਰਹੇ ਸਨ। ਰਾਹੀਆਂ ਨੂੰ ਲੁੱਟ ਪੁੱਟ ਲੈਂਦੇ ਅਤੇ ਮਾਰਕੇ ਸੁੱਟ ਦਿੰਦੇ ਸਨ। ਗੁਰੂ ਸਾਹਿਬ ਮਰਦਾਨੇ ਨਾਲ ਇੱਥੇ ਪਹੁੰਚਕੇ ਕਿਵੇਂ ਠੱਗਾਂ ਦਾ ਸੁਧਾਰ ਕਰਦੇ ਹਨ ਸਾਰਾ ਪ੍ਰਸੰਗ ਇਸ ਤਰ੍ਹਾਂ ਹੈ।

### ਝੋਕ

ਗੁਰੂ ਜੀ: ਠੱਗਾਂ ਦਾ ਪਿੰਡ ਹੈ ਸਾਰਾ, ਸੁਣ ਲਓ ਗੱਲ ਭਾਈ ਜੀ
ਇਹਨਾਂ ਦੇ ਜ਼ੁਲਮ ਦੀ ਚਾਰੇ ਪਾਸੇ ਦੁਹਾਈ ਜੀ
ਪੁਸ਼ਤਾਂ ਤੋਂ ਖਾਂਦੇ ਨੇ ਲੁੱਟ ਦੀ ਕਮਾਈ ਜੀ
ਦੇਵਣ ਜੋ ਖਾਣ ਨੂੰ ਭੋਜਨ, ਆਪਾਂ ਨਹੀਂ ਖਾਣਾ ਹੈ
ਅੱਗੋਂ ਜੋ ਹੋਣਾ ਉਹ ਵੀ, ਰੱਬ ਦਾ ਹੀ ਭਾਣਾ ਹੈ
ਠੱਗਾਂ ਦਾ ਪਿੰਡ ਹੈ ਸਾਰਾ.....................
..........................................

ਮਰਦਾਨਾ: ਕਰਦੇ ਹੋ ਗੱਲ ਕੀ ਬਾਬਾ, ਭੁੱਖ ਨੇ ਸਤਾਇਆ ਹੈ
ਮੁਸ਼ਕਲ ਨਾਲ ਨਗਰ ਸਾਹਮਣੇ, ਨਜ਼ਰੀਂ ਇੱਕ ਆਇਆ ਹੈ
ਕਰਕੇ ਅਨਹੋਣੀਆਂ ਗੱਲਾਂ, ਮੈਨੂੰ ਡਰਾਇਆ ਹੈ
ਜੰਗਲਾਂ ਦੇ ਪੱਤੇ ਮੁੜ ਮੁੜ, ਖਾਧੇ ਹੋਰ ਜਾਂਦੇ ਨਹੀਂ
ਆਇਆ ਹੁਣ ਖਾਣ ਦਾ ਵੇਲਾ, ਫਿਰ ਵੀ ਕਿਉਂ ਖਾਂਦੇ ਨਹੀਂ
ਕਰਦੇ ਹੋ ਗੱਲ ਕੀ ਬਾਬਾ...............................
..........................................

ਗੁਰੂ ਜੀ: ਇਹੀ ਹੈ ਹੁਕਮ ਅਸਾਂ ਨੂੰ ਸੁਣ ਲੈ ਕਰਤਾਰ ਦਾ
ਭੋਜਨ ਵੀ ਮਿਲ ਜਾਊਗਾ, ਹਿੰਮਤ ਕਿਉਂ ਹਾਰਦਾ
ਗੱਲ ਹੈ ਇੱਕ ਰਾਤ ਦੀ ਹੀ, ਕਿਉਂ ਨਹੀਂ ਵਿਚਾਰਦਾ
ਸੂਰਜ ਚੜ੍ਹਨ ਤੋਂ ਪਹਿਲਾਂ, ਆਪਾਂ ਟੁਰ ਜਾਣਾ ਹੈ
ਅੱਗੇ ਜੋ ਹੋਣਾ ਉਹ ਵੀ....................
..............................................

ਮਰਦਾਨਾ: ਠੱਗੀਆਂ ਤਾਂ ਇਹ ਮਾਰਦੇ ਸਾਨੂੰ ਡਰ ਕਾਹਦਾ ਏ
ਬਹੁਤਾ ਨਹੀਂ ਥੋੜ੍ਹਾ ਖਾ ਲਉ, ਮੇਰਾ ਇਹ ਵਾਹਦਾ ਏ
ਭੁੱਖਿਆਂ ਨਾ ਮਰ ਜਾਵਾਂ ਦੱਸ ਭਰੋਸਾ ਕੀ ਸਾਹ ਦਾ ਏ
ਡਰਨਾ ਤਾਂ ਤੂੰ ਡਰ 'ਸੋਮਾ' ਆਪਾਂ ਘਬਰਾਂਦੇ ਨਹੀਂ
ਆਇਆ ਹੁਣ ਖਾਣ ਦਾ ਵੇਲ......................
............................................

***

ਤਰਜ਼:-ਗਿੱਧੇ ਵਿੱਚ ਨੱਚਦੀ ਦੀ, ਭਿੱਜ ਗਈ

ਹੋਇਆ ਜਦ ਸਵੇਰਾ ਅੱਖ ਖੁੱਲ੍ਹੀ ਫਿਰ ਸਾਰਿਆਂ ਦੀ
ਮਚ ਗਈ ਚੁਫੇਰੇ ਹਾਹਾਕਾਰ, ਕਿਵੇਂ ਹਨ ਖਿਸਕ ਗਏ
ਉਹ ਦੋਨੋਂ ਸ਼ਾਹੂਕਾਰ, ਕਿਵੇਂ ਹਨ ਖਿਸਕ ਗਏ........
..............................................

ਕੋਈ ਕਹਿੰਦਾ ਕਿੱਥੇ ਜਾਣਾ ਇਹਨਾਂ ਭੱਜਕੇ
ਹੁਣੇ ਫੜਕੇ ਲਿਆਉਂਦੇ ਹਾਂ ਜੀ ਲੱਭਕੇ
ਚੱਕ ਲਈਆਂ ਡਾਂਗਾਂ ਤਲਵਾਰਾਂ ਮੁੰਡੇ ਖੁੰਡਿਆਂ ਨੇ
ਤੁਰ ਪਏ ਲੱਭਣ ਸ਼ਿਕਾਰ, ਕਿੱਥੇ ਹਨ ਖਿਸਕ ਗਏ
ਉਹ ਦੋਨੋਂ ਸ਼ਾਹੂਕਾਰ, ਕਿਵੇਂ ਹਨ ਖਿਸਕ ਗਏ........
..............................................

ਬੁੱਢੇ ਫਿਰਦੇ ਗੁਹਾੜੀਆਂ ਫਰੋਲਦੇ
ਕਈ ਕੁੱਪੀਆਂ ਭੜੋਲਿਆਂ 'ਚ ਟੋਲਦੇ
ਟੋਏ ਟਿੱਬੇ ਖੱਲਾਂ ਖੂੰਜੇ ਛਾਣ ਮਾਰੇ ਨਗਰ ਦੇ
ਮਿਹਨਤ ਗਈ ਬੇਕਾਰ, ਕਿੱਥੇ ਹਨ ਖਿਸਕ ਗਏ
ਉਹ ਦੋਨੋਂ ਸ਼ਾਹੂਕਾਰ, ਕਿਵੇਂ ਹਨ ਖਿਸਕ ਗਏ........
..............................................

ਸ਼ੱਕ ਇੱਕ ਦੂਜੇ ਉਤੇ ਵੀ ਨੇ ਕਰਦੇ
'ਸੋਮਾ ਆਦਮਪੁਰੀਆ' ਨੇ ਚੋਰ ਘਰ ਦੇ
ਲੱਗਦਾ ਹੈ ਲੁੱਟ ਪੁੱਟ ਮਾਲ ਕਿਸੇ ਲਿਆ ਸਾਰਾ
ਮਗਰੋਂ ਬੁਲਾਏ ਮਾਰ, ਕਿੱਥੇ ਹਨ ਖਿਸਕ ਗਏ
ਉਹ ਦੋਨੋਂ ਸ਼ਾਹੂਕਾਰ, ਕਿਵੇਂ ਹਨ ਖਿਸਕ ਗਏ........

***

# ਮਰਦਾਨੇ ਦੀ ਬੇਨਤੀ

ਔਹ ਆ ਗਏ ਉਹੀ ਫੇਰ ਦੌੜ ਹੁਣ ਲਾ ਬਾਬਾ
ਮੈਂ ਕੱਲਾ ਮਾਂ ਦਾ ਪੁੱਤ ਨਾ ਦਈਂ ਮਰਵਾ ਬਾਬਾ.........
...............................................

ਇੱਕ ਵਾਰ ਤਾਂ ਬਚ ਗਏ ਹੁਣ ਨਾ ਬਚਦੇ ਜੀ
ਤੁਸੀਂ ਐਵੇਂ ਬਣੇ ਪੁਜਾਰੀ ਫਿਰਦੇ ਸੱਚ ਦੇ ਜੀ
ਤੇਰੀ ਮਿਚਕ ਮਿਚਕ ਨੇ ਲਿਆ ਸਿਆਪਾ ਪਾ ਬਾਬਾ
ਮੈਂ ਕੱਲਾ ਮਾਂ ਦਾ ਪੁੱਤ ਨਾ ਦਈਂ
...............................................

ਹੁਣ ਕੌਣ ਜਮਾਂ ਤੋਂ ਸਾਨੂੰ ਦੱਸ ਛਡਾਊਗਾ
ਜੇ ਮਰ ਗਏ ਕਿਹੜਾ ਘਰ ਵਿਚ ਖਬਰ ਪੁਚਾਊਗਾ
ਹੁਣ ਚੋਰ ਚੋਰ ਦਾ ਰਲਕੇ ਰੌਲਾ ਪਾ ਬਾਬਾ
...............................................

ਨਾ ਆਉਂਦੀ ਆਫਤ ਜੇ ਮੇਰੀ ਮੰਨ ਲੈਂਦੇ ਜੀ
'ਸੋਮਾ' ਜੰਗਲਾਂ ਦੀ ਥਾਂ ਰਾਹ ਪੰਜਾਬ ਦੇ ਪੈਂਦੇ ਜੀ
ਗਈ ਜਿੰਦ ਲਬਾਂ ਤੇ ਆਦਮਪੁਰੀਆ ਆ ਬਾਬਾ
ਮੈਂ ਕੱਲਾ ਮਾਂ ਦਾ ਪੁੱਤ ਨਾ ਦਈਂ.................

***

**ਤਰਜ਼:-ਗੁੜ ਨਾਲੋਂ ਇਸ਼ਕ ਮਿੱਠਾ**

ਗੁਰੂ ਜੀ: ਕੀ ਅਸੀਂ ਚੁੱਕਿਆ ਹੈ 'ਲੋਕੋ', ਸਾਡੇ ਮਗਰ ਕਿਉਂ ਹੋ ਆਏ,
ਕੀ.......
.........................................................

ਠੱਗ: ਹੁਣੇ ਪਤਾ ਲੱਗ ਜਾਊਗਾ 'ਠਹਿਰੋ' ਖੂੰਡੇ ਮੌਰ 'ਚ ਜਾ ਖੜਕਾਏ,
ਹੁਣ.......
.........................................................

ਗੁਰੂ ਜੀ: ਐਵੇਂ ਭਰਮ ਤੁਸੀਂ ਕਰਦੇ, ਅਸੀਂ ਨਹੀਂ ਤੁਸਾਂ ਦਾ ਕੁੱਝ ਚੁਰਾਇਆ,
ਐਵੇਂ.......
.........................................................

ਠੱਗ: ਕੱਢ ਦਿਓ ਹੁਣ ਛੇਤੀ ਸਾਰਾ; ਜਿਹੜਾ ਮਾਲ ਹੈ ਤੁਸੀਂ ਛੁਪਾਇਆ,
ਕੱਢ.......
.........................................................

ਗੁਰੂ ਜੀ: ਰਾਮ ਦੇ ਰਾਮ ਬਿਨਾਂ ਸਾਡੇ ਪੱਲੇ ਹੋਰ ਨਹੀਂ ਕੋਈ ਪਾਈ, ਰਾਮ..............
.........................................................

ਠੱਗ: ਬਣਦੇ ਚਤਰ ਤੁਸੀਂ ਬਹੁਤੇ, ਹੁਣ ਨਾ ਚੱਲਣੀ ਕੋਈ ਚਤਰਾਈ,
ਬਣਦੇ........
.........................................................

ਗੁਰੂ ਜੀ: ਰੱਬ ਤੋਂ ਕੁੱਝ ਤਾਂ ਡਰੋ ਸੱਜਣੋ, ਕਿਉਂ ਸੰਤਾਂ ਨਾਲ ਵੈਰ ਕਮੌਂਦੇ,
ਰੱਬ............
.........................................................

ਠੱਗ: ਹੁਣ ਨਹੀਂ ਜਾ ਸਕਦੇ ਬਚਕੇ, ਸਾਨੂੰ ਬੁੱਧੂ ਤੁਸੀਂ ਬਣਾਉਂਦੇ,
ਹੁਣ............
.........................................................

ਮਰਦਾਨਾ: ਸੁਣ ਲਓ ਗੱਲ ਸਾਡੀ ਭਗਤੋ, ਇਹ ਹੈ ਨਾਨਕ ਮੈਂ ਮਰਦਾਨਾ,
ਸੁਣ......

.........................................................

ਠੱਗ: ਅਸੀਂ ਕਦੇ ਨਾਂ ਪੁੱਛਦੇ ਤੁਹਾਡੇ, ਸਾਨੂੰ ਚਾਹੀਦਾ ਬੱਸ ਖਜ਼ਾਨਾ,
ਅਸੀਂ........

.........................................................

ਮਰਦਾਨ: ਆਹ ਲੈ ਰਬਾਬ ਮੇਰੀ ਬਾਬਾ, ਨਾਲੇ ਤੁਸੀਂ ਵੀ ਦੇ ਦਿਓ ਮਾਲਾ,
ਆਹ.......

.........................................................

ਠੱਗ: ਸੁਣ 'ਸੋਮਾ ਆਦਮਪੁਰੀਆ', ਕਰ ਦਿਓ ਇਹਨਾਂ ਦਾ ਘਾਲਾ ਮਾਲਾ,
ਸੁਣ.......

.........................................................

***

# ਗੁਰੂ ਜੀ ਦਾ ਜਵਾਬ

## ਸਾਕਾ

ਕਰ ਲਓ ਦਿਲ ਖੁਸ਼ ਆਪਣਾ ਨਹੀਂ ਮਰਨੋਂ ਡਰਦੇ
ਪਰ ਤੁਸੀਂ ਪਾਪ ਇਹ ਸੱਜਣੋਂ ਕਾਹਦੇ ਲਈ ਕਰਦੇ
ਖੜ ਗਈ ਮੌਤ ਜਦ ਸਾਹਮਣੇ ਨਾ ਕੰਮ ਆਉਣੇ ਘਰ ਦੇ
ਵਿੱਚ ਕਚਹਿਰੀ ਧਰਮ ਰਾਜ ਦੇ ਖੁਲ੍ਹਣੇ ਪਰਦੇ

................................................

ਖੂਨ ਮਸੂਮਾਂ ਦੇ ਦੀ ਜੋ ਹੱਥੀਂ ਲਾਉਂਦੇ ਮਹਿੰਦੀ
ਮਾਰ ਜਮਾਂ ਦੀ ਉਹਨਾਂ ਨੂੰ ਨਰਕਾਂ ਵਿਚ ਪੈਂਦੀ
ਜਿੰਦ ਚੁਰਾਸੀ ਗੇੜ ਵਿਚ ਹੈ ਭਾਉਂਦੀ ਰਹਿੰਦੀ
ਦਸੋ ਤੁਹਾਡੀ ਆਤਮਾ ਹੁਣ ਕੀ ਹੈ ਕਹਿੰਦੀ

................................................

ਸੁਣ ਲਓ ਮਿੰਨਤ ਆਖਰੀ, ਸਾਨੂੰ ਮਾਰ ਮੁਕਾਕੇ
ਕਰ ਲੱਕੜਾਂ ਕੁੱਝ ਕੱਠੀਆਂ ਜਾਣਾ ਅੱਗ ਲਾਕੇ
ਫੜ ਨਾ ਲਏ ਪੁਲੀਸ ਤੁਸਾਂ ਨੂੰ ਕਿਧਰੇ ਆਕੇ
'ਸੋਮਾ ਆਦਮਪੁਰੀਆ' ਸਬੂਤ ਮਿਟਾਕੇ

***

ਮੁਰਦੇ ਦੀ ਆਤਮਾ ਗੁਰੂ ਜੀ ਦੀ ਕ੍ਰਿਪਾ ਨਾਲ ਅਮਰ ਹੋ ਗਈ। ਠੱਗਾਂ ਦਾ ਜਲਦੀ ਚਿਤਾ ਵਿਚੋਂ ਅੱਗ ਲੈਣ ਜਾਣਾ, ਦੇਵ-ਗਣ ਅਤੇ ਯਮਾਂ ਦਾ ਝਗੜਾ ਸੁਣਕੇ ਕਾਰਨ ਪੁੱਛਣਾ। ਉਤਰ ਇਸ ਤਰ੍ਹਾਂ ਮਿਲਣਾ।

ਔਹ ਜੋ ਚੋਲਾ ਪਾਈ ਖੜੇ ਦਾਤਾਰ ਇਹ ਦੁਨੀਆ ਦੇ
ਭਵਸਾਗਰ 'ਚੋਂ ਬੇੜੇ ਲਾਉਂਦੇ ਪਾਰ ਇਹ ਦੁਨੀਆਂ ਦੇ
........................................................

ਝਗੜਾ ਹੈ ਸਾਡਾ ਜਿਸ ਗਲੋਂ ਸੁਣੋਂ ਸੁਣਾਉਂਦੇ ਹਾਂ
ਗੱਲ ਮਮੂਲੀ ਤੁਸਾਂ ਤੋਂ ਹੀ ਇਨਸਾਫ ਕਰਾਉਂਦੇ ਹਾਂ
ਤੁਸੀਂ ਜਾਪਦੇ ਬੰਦੇ ਸਮਝਦਾਰ ਇਹ ਦੁਨੀਆ ਦੇ
ਭਵਸਾਗਰ 'ਚੋਂ ਬੇੜੇ ਲਾਉਂਦੇ......................
........................................................

ਬੰਦਾ ਸੀ ਇਹ ਪਾਪੀ ਮਰ ਗਿਆ ਪਾਪ ਕਮਾਉਂਦਾ ਹੀ
ਲੁੱਟ ਮਾਰ ਤੇ ਹੱਕ ਬਿਗਾਨੇ ਸਦਾ ਦਬਾਉਂਦਾ ਸੀ
ਇਹੀ ਤੇ ਦਸਤੂਰ ਨੇ ਆਖਰਕਾਰ ਇਹ ਦੁਨੀਆਂ ਦੇ
ਭਵਸਾਗਰ 'ਚੋਂ ਬੇੜੇ ਲਾਉਂਦੇ......................
........................................................

ਅਸੀਂ ਹਾਂ ਜਮ ਹੁਣ ਇਹਨੂੰ ਲੈਕੇ ਨਰਕ 'ਚ ਜਾਣਾ ਹੈ
ਦੇਵਤੇ ਆਕੇ ਖੜ ਗਏ 'ਸੋਮਾ' ਸਵਰਗ ਪੁਚਾਣਾ ਹੈ
ਹੱਲ ਕਰਨੇ ਮਾਮਲੇ ਜੋ ਦੁਸ਼ਵਾਰ ਨੇ ਦੁਨੀਆ ਦੇ
ਭਵਸਾਗਰ 'ਚੋਂ ਬੇੜੇ ਲਾਉਂਦੇ......................

***

## ਠੱਗਾਂ ਵਲੋਂ ਮਾਫੀ ਮੰਗਣਾ

**ਤਰਜ਼:-ਕਾਲਾ ਡੋਰੀਆ ਕੁੰਡੇ ਨਾਲ**

ਕਰ ਦਿਓ ਮਾਫ ਭੁੱਲ ਜੋ ਸਾਤੋਂ ਹੋਈ ਹੈ
ਹੱਥ ਬੰਨ੍ਹ ਚਰਨਾਂ ਵਿਚ ਸਾਡੀ ਅਰਜੋਈ ਹੈ
ਸਾਨੂੰ ਪਿਆ ਭੁਲੇਖਾ ਸ਼ਾਹੂਕਾਰਾਂ ਦਾ
ਚਸਕਾ ਪਿਆ ਹੋਇਆ ਹੈ ਲੁੱਟਾਂ ਮਾਰਾਂ ਦਾ
ਕਰ ਦਿਓ ਮਾਫ ਭੁੱਲ ਜੋ............
.......................................

ਦੁੱਖ ਪੁਚਾਇਆ ਹੈ ਜੋ ਸਾਨੂੰ ਡੰਨ ਦਿਓ
ਅੱਖਾਂ ਕੱਢ ਦਿਓ ਜਾਂ ਗੋਡੇ ਭੰਨ ਦਿਓ
ਹੈ ਮਨਜ਼ੂਰ ਸਜ਼ਾ ਜਿਹੜੀ ਸੁਣਾਓਂਗੇ
ਕਰਾਂਗੇ ਕੰਮ ਉਹੀ ਜੋ ਵੀ ਫਰਮਾਓਂਗੇ
ਕਰ ਦਿਓ ਮਾਫ ਭੁੱਲ ਜੋ............
.......................................

ਪਾਪੀ ਅਸੀਂ ਮਗਰ ਹੋ ਬਖਸ਼ਣਹਾਰ ਤੁਸੀਂ
ਪਾਓ ਚਰਨ ਨਗਰ ਸਾਡੇ ਦਾਤਾਰ ਤੁਸੀਂ
ਅੱਜ ਤੱਕ ਰਹੇ ਭਟਕਦੇ ਵਿਚ ਹਨ੍ਹੇਰੇ ਸੀ
ਸਾਧੂ ਸੰਤਾਂ ਦੇ ਨਾਂ ਤੱਕੇ ਚਿਹਰੇ ਸੀ
ਕਰ ਦਿਓ ਮਾਫ ਭੁੱਲ ਜੋ............
.......................................

ਬੁੱਧੀ ਹੀਣ ਲੁਟੇਰੇ ਚੋਰ ਗੰਵਾਰ ਅਸੀਂ
ਤੌਬਾ ਪਾਪਾਂ ਤੋਂ ਕਰਦੇ ਇਕਰਾਰ ਅਸੀਂ
ਰਾਹ ਜੋ ਸੱਚ ਦਾ ਹੈ ਸਾਨੂੰ ਦਿਖਲਾਓ ਜੀ
'ਸੋਮਾ ਆਦਮਪੁਰੀਆ' ਚਰਨੀਂ ਲਾਓ ਜੀ
ਕਰ ਦਿਓ ਮਾਫ ਭੁੱਲ ਜੋ...............

***

## ਠੱਗਾਂ ਨੂੰ ਬਖਸ਼ਣਾ

ਸੱਜਣੋਂ ਬਈ ਸੱਜਣੋਂ ਆਓ ਸੱਜਣੋਂ
ਕੀਹਦੇ ਲਈ ਤੁਸੀਂ ਪਾਪ ਹੋ ਕਮਾਂਵਦੇ, ਬਈ ਗੱਲ ਸਮਝਾਓ ਸੱਜਣੋਂ
ਸੱਜਣੋਂ ਬਈ ਸੱਜਣੋਂ ਆਓ......................
.....................................................

ਧੀਆਂ ਪੁੱਤ ਬਹੁਟੀ ਕੋਈ ਸਾਥ ਨਹੀਓਂ ਜਾਵਣਾ
ਝੂਠੇ ਇਹ ਸਬੰਧ ਦਿਨ ਚਾਰ ਦੇ
ਅੰਤ ਸਮੇਂ ਕੰਮ ਨਹੀਓਂ ਕਿਸੇ ਨੇ ਵੀ ਆਵਣਾ
ਰਿਸ਼ਤੇ ਇਹ ਸਮਝੋ ਉਧਾਰ ਦੇ
ਝੂਠੀ ਸਭ ਦੀ ਪਰੀਤ, ਇਹੀ ਜੱਗ ਦੀ ਹੈ ਰੀਤ
ਕਦੇ ਕਰੋਗੇ ਨਾ ਮਾੜਾ ਕੰਮ ਮੁੜਕੇ, ਕੰਨਾਂ ਨੂੰ ਹੱਥ ਲਾਓ ਸੱਜਣੋਂ
ਸੱਜਣੋਂ ਬਈ ਸੱਜਣੋਂ ਆਓ......................
.....................................................

ਮਾਨਸ ਜਨਮ ਨਹੀਓਂ ਵਾਰ ਵਾਰ ਮਿਲਣਾ
ਕਿਉਂ ਕੌਡੀ ਬਦਲੇ ਗਵਾਵਣਾ
ਪਾਪਾਂ ਕੋਲੋਂ ਕਰੋ ਤੌਬਾ, ਕ੍ਰਿਤ ਕਮਾਈ ਕਰੋ
ਜਨਮ ਜੇ ਸਫਲ ਬਣਾਵਣਾ
ਕਰੋ ਨਾਲੇ ਪੁੰਨ ਦਾਨ, ਸੇਵਾ ਹੁੰਦੀ ਏ ਮਹਾਨ
ਘੜੀ ਅੱਧੀ ਘੜੀ ਵਿਚ ਸਤਿਸੰਗ ਦੇ, ਕਦੇ ਤਾਂ ਮਨ ਲਾਓ ਸੱਜਣੋਂ
ਸੱਜਣੋਂ ਬਈ ਸੱਜਣੋ ਆਓ......................
.....................................................

ਕਰਕੇ ਕ੍ਰਿਤ ਬਣਵਾਓਗੇ ਧਰਮਸ਼ਾਲ
ਦਸੋ ਇਕਰਾਰ ਜੇ ਹੋ ਕਰਦੇ
ਪਿਛਲੇ ਗੁਨਾਹ ਜਾਣ ਬਖਸ਼ੇ ਤੁਸਾਂ ਦੇ ਸਾਰੇ
ਬਣ ਜਾਓ ਸੇਵਕ ਗੁਰੂ ਘਰ ਦੇ
ਰਾਮ ਨਾਮ ਦਾ ਵਪਾਰ, ਦਿੰਦਾ ਕੁੱਲਾਂ ਤਾਈਂ ਤਾਰ
'ਸੋਮਾ ਆਦਮਪੁਰੀਆ' ਪੈਗਾਮ ਰੱਬ ਦਾ, ਦਿਲ 'ਚ ਵਸਾਓ ਸੱਜਣੋਂ
ਸੱਜਣੋਂ ਬਈ ਸੱਜਣੋਂ ਆਓ......................

***

# ਪ੍ਰਸੰਗਃ-ਭਾਈ (ਡਾਕੂ) ਭੂਮੀਆਂ

## ਵਾਰ

ਧਰਤੀ ਢਾਕੇ ਸ਼ਹਿਰ ਦੀ ਵਿਚ ਵਸਦਾ ਜਿਮੀਂਦਾਰ
ਦਾਬਾ ਰੱਖਦਾ ਵਾਂਗੂ ਰਾਜਿਆਂ, ਲੋਕੀਂ ਕਰਨ ਬਹੁਤ ਸਤਿਕਾਰ

ਉਹਦੀ ਸੋਭਾ ਸਾਰੇ ਗਾਂਵਦੇ, ਬੱਚੇ ਬੁੱਢੇ ਨਰ ਨਾਰ
ਲੰਗਰ ਅੱਠੇ ਪਹਿਰ ਸੀ ਚੱਲਦਾ, ਕਰੋ ਗਰੀਬਾਂ ਤੇ ਉਪਕਾਰ

ਸਾਧੂ ਸੰਤ ਫਕੀਰ ਮਹਾਤਮਾ, ਨਿੱਤ ਆਉਂਦੇ ਉਹਦੇ ਦੁਆਰ
ਸੇਵਾ ਕਰਦਾ ਹੱਥੀਂ ਆਪਣੇ, ਉਹ ਡਾਢੇ ਚਾਵਾਂ ਨਾਲ

ਦੁਨੀਆ ਦਾਨੀ ਉਸਨੂੰ ਸਮਝਦੀ, ਐਪਰ ਕੰਮ ਉਹਦਾ ਲੁੱਟ-ਮਾਰ
'ਸੋਮਾ ਆਦਮਪੁਰੀਆ' ਲੁੱਟ ਕੇ, ਉਹਨੇ ਕਈ ਲਗਾਏ ਪਾਰ
'ਸੋਮਾਂ ਆਦਮੁਪਰੀਆ' ਲੁੱਟਕੇ.............

***

# ਬੈਂਤ

ਫਿਰੇ ਤਾਰਦਾ ਜੱਗ ਦੇ ਪਾਪੀਆਂ ਨੂੰ, ਗੁਰੂ ਨਾਨਕ ਰੱਬ ਦਾ ਨੂਰ ਭਾਈ
ਗਲੇ ਲਾਂਵਦਾ ਚੁੱਕ ਕੇ ਨੀਂਵਿਆਂ ਨੂੰ, ਤੋੜੇ ਹੰਕਾਰੀਆਂ ਦਾ ਗਰੂਰ ਭਾਈ

ਸਤਿਨਾਮ ਦੇ ਮਾਰਦਾ ਉਹ ਛੱਟੇ, ਗਿਆ ਵਿਚ ਬਸਤੀ ਦੇ ਆ ਭਾਈ
ਇੱਕ ਸਿੱਖ ਗਰੀਬੜਾ ਜਿਹਾ ਡਿੱਠਾ, ਦਿੱਤੀ ਦਰ ਤੇ ਅਲਖ ਜਗਾ ਭਾਈ

ਹੱਥ ਜੋੜ ਗੁਰਸਿੱਖ ਨੇ ਕਿਹਾ ਅੱਗੋਂ, ਅੱਜ ਕੀੜੀ ਦੇ ਘਰ ਭਗਵਾਨ ਆਇਆ
ਧੰਨ ਭਾਗ ਗਰੀਬ ਦੇ ਘਰ ਜਿਹੜਾ, ਤੇਜ ਰੂਪ ਤਪਸਵੀ ਮਹਾਨ ਆਇਆ

ਦਿਲ ਝੂਮਦਾ ਚੜ੍ਹੇ ਨੇ ਚਾਅ ਡਾਢੇ, ਖੁਸ਼ੀ ਵਿਚ ਨਾ ਫੁੱਲਿਆ ਸਮਾਂਵਦਾ ਏ
ਸੇਵਾ ਕਰੇ ਕਿਵੇਂ ਡਰ ਭੂਮੀਏ ਦਾ, ਤਾਹੀਂਓਂ ਸੇਵਾ ਤੋਂ ਕੰਨੀ ਕਤਰਾਂਵਦਾ ਏ

ਗੁਰਾਂ ਆਖਿਆ ਲੱਗੀ ਏ ਭੁੱਖ ਡਾਢੀ, ਕੁੱਝ ਅੰਨ ਪਾਣੀ ਤੇ ਛਕਾ ਭਾਈ
'ਸੋਮਾ' ਆਦਮਪੁਰੀਏ' ਗੱਲਾਂ ਸਾਰੀ, ਦਿੱਤੀ ਗੁਰਾਂ ਨੂੰ ਸਭ ਸਮਝਾ ਭਾਈ

ਡਾਕੂ ਭੂਮੀਏ ਦਾ ਸਭ ਨੂੰ ਹੁਕਮ ਸੀ ਕਿ ਕੋਈ ਵੀ ਕਿਸ ਸਾਧ ਸੰਤ ਨੂੰ ਭੋਜਨ ਨਾ ਖੁਆਵੇ। ਜੋ ਵੀ ਸਾਧੂ ਸੰਤ ਆਵੇ ਭੂਮੀਏ ਦੇ ਘਰ ਭੇਜ ਦਿੰਦੇ ਸਨ।

***

# ਗੁਰੂ ਨਾਨਕ ਦੇਵ ਜੀ ਵਲੋਂ ਭੋਜਨ ਕਰਨ ਤੋਂ ਇਨਕਾਰ ਕਰਨਾ

## ਕਲੀ

ਲੈ ਆਇਆ ਘਰ ਆਪਣੇ ਡਾਢੇ ਚਾਵਾਂ ਨਾਲ ਜੀ
ਤਰ੍ਹਾਂ ਤਰ੍ਹਾਂ ਦੇ ਸੀ ਉਹਨੇ ਪਕਵਾਨ ਬਣਾਏ
ਹੱਥ ਧੁਆਕੇ ਉਹਨੇ ਸੱਚੇ ਸਤਿਗੁਰ ਨਾਨਕ ਦੇ
ਥਾਲਾਂ ਵਿਚ ਸਜਾਕੇ ਅੱਗੇ ਆਣ ਟਿਕਾਏ
ਡਿੱਠਾ ਭਾਂਤ ਭਾਂਤ ਦਾ ਭੋਜਨ ਜਾਣੀ ਜਾਣ ਜਦੋਂ
ਤੱਕ ਕੇ ਭੂਮੀਏ ਤਾਈਂ ਸਤਿਗੁਰ ਜੀ ਮੁਸਕਰਾਏ
'ਸੋਮਾ ਆਦਮਪੁਰੀਆ' ਜ਼ਹਿਰ ਇਹਦੇ ਵਿਚ ਮਿਲਿਆ ਏ
ਤੂਹੀਓਂ ਦੱਸ ਭਲਾ ਬਈ ਇਹਨੂੰ ਕਿਹੜਾ ਖਾਏ

***

## ਡਾਕੂ ਭੂਮੀਏਂ ਦਾ ਜਵਾਬ

ਚੋਰੀ ਲੁੱਟ ਮਾਰ ਮੈਂ ਕਰਕੇ, ਧਰਮ ਲੇਖੇ ਹਾਂ ਲਾਉਂਦਾ
ਇਹ ਕੰਮ ਪੁਸ਼ਤਾਂ ਤੋਂ, ਸਾਡਾ ਚਲਿਆ ਆਉਂਦਾ, ਜੀ ਇਹ ਕੰਮ
..................................

ਲੁੱਟ ਮਾਰ ਤੋਂ ਬਿਨਾਂ ਸੰਤ ਜੀ ਔਖਾ ਲੰਗਰ ਲਾਉਣਾ
ਸਾਧੂ ਸੰਤਾਂ ਦੀ ਖਾਤਰ ਹੀ, ਇਹ ਮੈਂ ਕਰਮ ਕਮਾਉਨਾਂ
ਸਾਧੂ ਸੰਤ ਫਕੀਰ ਦੀ ਸੇਵਾ ਕਰਕੇ ਸ਼ੁਕਰ ਮਨਾਉਂਦਾ, ਇਹ ਕੰਮ........
..................................

ਸਾਰੇ ਖਾ ਖਾ ਜਾਂਦੇ ਇੱਥੇ ਤੁਸੀਂ ਵੀ ਭੋਜਨ ਖਾਓ
ਸ਼ਰਧਾ ਦੇ ਨਾਲ ਮੈਂ ਬਣਵਾਇਆ, ਮੇਰੀ ਆਸ ਪੁਜਾਓ
ਪਾਕੇ ਖਾਣੇ ਦੇ ਵਿਚ ਜ਼ਹਿਰ ਮੈਂ ਸੰਤ ਨਹੀਂ ਮਰਵਾਉਂਦਾ, ਇਹ ਕੰਮ........
..................................

ਖਾ ਲਓ ਭਾਵੇਂ ਥੋੜ੍ਹਾ ਹੀ ਸਹੀ, ਦਿਲ ਨਾ ਮੇਰਾ ਤੋੜੋ
'ਸੋਮਾ ਆਦਮਪੁਰੀਆ' ਥਾਲੀ ਸੁੱਚੀ ਨਾ ਹੁਣ ਮੋੜੋ
ਐਵੇਂ ਨਾ ਜੀ ਵਹਿਮ ਕਰੋ ਉੱਠ ਚਰਨੀਂ ਸੀਸ ਝੁਕੌਂਦਾ
ਇਹ ਕੰਮ ਪੁਸ਼ਤਾਂ ਤੋਂ ਸਾਡਾ ਚੱਲਿਆ ਆਉਂਦਾ.........
..................................

***

ਗੁਰੂ ਨਾਨਕ ਦੇਵ ਜੀ ਨੇ ਭੂਮੀਏਂ ਤੋਂ ਤਿੰਨ ਬਚਨ ਲੈਣੇ ਅਤੇ ਬਖਸ਼ ਦੇਣਾ।

ਡਾਕੂ ਭੂਮੀਏ ਦਾ ਇਕਰਾਰ 1. ਗਰੀਬ ਮਾਰ ਨਹੀਂ ਨਹੀਂ ਕਰਨੀ 2. ਲੂਣ ਹਰਾਮ ਨਹੀਂ ਕਰਨਾ 3. ਝੂਠ ਨਹੀਂ ਬੋਲਣਾ।

## ਸਾਕਾ

ਦਿਲ ਵਿਚ ਸੋਚਾਂ ਸੋਚਦਾ ਕੀ ਕਰੀਏ ਕਾਰਾ
ਕਿੱਦਾਂ ਲੰਗਰ ਚੱਲਣਾ, ਕਿੰਜ ਹੋਊ ਗੁਜ਼ਾਰਾ

ਫੁਰਨਾ ਫੁਰਿਆ ਅੰਤ ਨੂੰ ਇੱਕ ਬੜਾ ਨਿਆਰਾ
ਲੁੱਟਾਂ ਖਜ਼ਾਨਾ ਬਾਦਸ਼ਾਹ ਦਾ ਜਾਕੇ ਸਾਰਾ

ਬੀਤੀ ਅੱਧੀ ਰਾਤ ਜਾਂ ਫਿਰ ਭੇਸ ਵਟਾਇਆ
ਵਾਂਗੂੰ ਸੀ ਸ਼ਹਿਜ਼ਾਦਿਆਂ ਦੇ ਬਾਣਾ ਪਾਇਆ

ਚੜ੍ਹ ਘੋੜੇ ਤੇ ਬਾਦਸ਼ਾਹ ਦੇ ਮਹਿਲੀਂ ਆਇਆ
ਥੰਮ ਆਖ ਦਰਵਾਨ ਨੇ 'ਸੋਮਾ' ਅਟਕਾਇਆ।

***

ਇਹ ਸੋਚ ਕੇ ਕਿ ਸ਼ਾਹੀ ਖਜ਼ਾਨਾ ਲੁੱਟਣਾ ਗਰੀਬ ਮਾਰ ਨਹੀਂ ਹੈ। ਬਾਦਸ਼ਾਹ ਦੇ ਮਹਿਲਾਂ ਅੰਦਰ ਆਉਣਾ। ਦਰਵਾਨ ਵਲੋਂ ਰੋਕਣ ਤੇ ਸੱਚ ਬੋਲਣਾ। ਗਲਤੀ ਨਾਲ ਲੂਣ ਖਾ ਲੈਣ ਤੇ ਸਭ ਕੁੱਝ ਛੱਡ ਕੇ ਖਾਲੀ ਹੱਥ ਤੁਰ ਜਾਣਾ।

## ਕਬਿੱਤ

ਕੌਣ ਏਂ ਤੂੰ ਇਸ ਵੇਲੇ ਚਲਿਆਂ ਜੋ ਮਹਿਲਾਂ ਵਿਚ
ਅੱਧੀ ਰਾਤ ਵੇਲੇ ਉਥੇ ਕੰਮ ਕੀ ਏ ਤੇਰਾ ਬਈ

ਚੋਰ ਹਾਂ ਮੈਂ ਚੱਲਿਆਂ ਹਾਂ, ਮਹਿਲਾਂ ਵਿਚ ਚੋਰੀ ਹਿੱਤ
ਹੋਰ ਭਲਾ ਦੱਸ ਉਥੇ ਕੰਮ ਕੀ ਏ ਮੇਰਾ ਬਈ

ਸੋਚੇ ਦਰਵਾਨ ਇਹ ਤਾਂ ਹੋਣਾ ਸ਼ਹਿਜ਼ਾਦਾ ਕੋਈ
ਹੱਥ ਜੋੜ ਕਹਿੰਦਾ ਮੇਰੀ ਮਾਫ ਕਰੋ ਭੁੱਲ ਜੀ

ਹੋ ਗਈ ਅਵੱਗਿਆ ਜੋ ਰੋਕਿਆ ਤੁਸਾਂ ਦੇ ਤਾਈਂ
ਪਲਾਂ ਵਿਚ ਗੇਟ ਮਹਿਲਾਂ ਵਾਲਾ ਗਿਆ ਖੁੱਲ੍ਹ ਜੀ

ਗਹਿਣੇ ਗੱਟੇ ਕੱਢਕੇ ਤਿਜੌਰੀਆਂ 'ਚੋਂ ਰਾਣੀਆਂ ਦੇ
ਬੰਨ੍ਹ ਲਈ ਏ ਵੱਡੀ ਸਾਰੀ ਭੂਮੀਏ ਨੇ ਪੰਡ ਜੀ

ਅੱਗੇ ਦੇਖੋ ਕੀ ਏ ਵਰਤਾਉਂਦਾ ਕਰਤਾਰ ਭਾਣਾ
ਖਾ ਲਿਆ ਨਿਮਕ ਉਹਨੇ ਸਮਝ ਕੇ ਖੰਡ ਜੀ

ਲੂਣ ਖਾਕੇ ਕਰੀਂ ਨਾ ਹਰਾਮ ਤੂੰ ਉਮਰ ਸਾਰੀ
ਕੀਤਾ ਜੋ ਬਚਨ ਸੀ ਗੁਰਾਂ ਨੇ ਚੇਤੇ ਆਂਵਦਾ

ਸਭ ਕੁੱਝ ਛੱਡ ਉਥੇ ਤੁਰ ਪਿਆ ਖਾਲ੍ਹੀ ਹੱਥ
'ਸੋਮਾ ਆਦਮਪੁਰੀਆ' ਜੀ ਵਾਹਦਾ ਹੈ ਨਿਭਾਂਵਦਾ

***

ਡਾਕੂ ਭੂਮੀਏ ਤੋਂ ਭਾਈ ਭੂਮੀਆਂ ਬਣਕੇ ਸੱਚ ਨੂੰ ਕਬੂਲ ਲੈਣਾ

## ਵਾਰ

ਮੁੱਕੀ ਰਾਤ ਸਵੇਰਾ ਹੋ ਗਿਆ, ਮਚ ਗਈ ਚੁਫੇਰੇ ਹਾਹਾਕਾਰ
ਗਈਆਂ ਲੁੱਟੀਆਂ ਬੇਗਮਾਂ ਸਾਰੀਆਂ ਛਿੜੀ ਚਰਚਾ ਵਿਚ ਬਜ਼ਾਰ
..........................................................

ਆਇਆ ਗੁੱਸੇ ਦੇ ਵਿਚ ਬਾਦਸ਼ਾਹ, ਕੱਠੇ ਕਰਕੇ ਅਹਿਲਕਾਰ
ਕਹਿੰਦਾ ਪਤਾ ਕਰੋ ਤੁਸੀਂ ਚੋਰ ਦਾ, ਦਿਓ ਮੌਤ ਦੇ ਘਾਟ ਉਤਾਰ
..........................................................

ਕੱਠੇ ਨੌਕਰ ਚਾਕਰ ਕਰ ਲਏ, ਪੈਂਦੀ ਡੰਗਰਾਂ ਵਾਂਗੂੰ ਮਾਰ
ਬੇਦੋਸ਼ੇ ਚੀਕਾਂ ਮਾਰਦੇ ਪਰ ਸੁਣੇ ਨਾ ਕੋਈ ਪੁਕਾਰ
..........................................................

ਘਰ ਬੈਠਾ ਭੂਮੀਆ ਸੋਚਦਾ, ਇਹ ਵੀ ਤੇ ਅਤਿਆਚਾਰ
ਦੋਸ਼ ਮੇਰਾ ਭੁਗਤਦੇ ਹੋਰ ਨੇ, ਹੋਇਆ ਹਾਜ਼ਰ ਵਿਚ ਦਰਬਾਰ
..........................................................

ਉਹਨੇ ਕੀਤਾ ਜੁਰਮ ਕਬੂਲ, ਸਕਿਆ ਨਾ ਜ਼ੁਲਮ ਸਹਾਰ
'ਸੋਮਾ ਆਦਮਪੁਰੀਆ' ਆਖਦਾ, ਵਾਹ ਵਾਹ ਚੋਜ ਤੇਰੇ ਨਿਰੰਕਾਰ

***

ਭਾਈ ਭੂਮੀਏ ਵਲੋਂ ਆਪਣੇ ਆਪ ਹੀ ਬਾਦਸ਼ਾਹ ਅੱਗੇ ਪੇਸ਼ ਹੋਕੇ ਜੁਰਮ ਕਬੂਲ ਲੈਣਾ ਸਾਰੀ ਵਾਰਤਾ ਸੁਣਕੇ ਬਾਦਸ਼ਾਹ ਵਲੋਂ ਅਹਿਲਕਾਰ ਨਿਯੁਕਤ ਕਰ ਦੇਣਾ।

**ਤਰਜ਼:-ਜੀ ਟੀ. ਰੋਡ ਤੇ ਦੁਹਾਈਆਂ ਪਾਵੇ**

ਚੋਰ ਸਾਹਮਣੇ ਖੜਾ ਹੈ ਰਾਜਾ ਤੇਰਾ, ਬਈ ਛੱਡ ਦੇ ਬੇਦੋਸ਼ਿਆਂ ਨੂੰ
..........................................

ਇੱਕ ਦਿਨ ਘਰ ਮੇਰੇ ਆਇਆ ਰੂਪ ਰੱਬ ਦਾ
ਪੈਰਾਂ 'ਚ ਖੜਾਵਾਂ ਲੰਮਾ ਚੋਲਾ ਸੋਹਣਾ ਫੱਬਦਾ
ਪੀਰ ਮਾਰਦੇ ਸਬੱਬ ਨਾਲ ਫੇਰਾ, ਬਈ ਛੱਡ ਦੇ.........
..........................................

ਕੀਤੇ ਇਕਰਾਰ ਉਹਦੇ ਨਾਲ ਜੋ ਨਿਭਾਏ ਸੀ
ਬੋਲਿਆ ਜਾ ਸੱਚ ਪਹਿਰੇਦਾਰ ਘਬਰਾਏ ਸੀ
ਝੱਲ ਸਕੇ ਨਾ ਰੋਹਬ ਉਹ ਮੇਰਾ, ਬਈ ਛੱਡ ਦੇ..........
..........................................

ਕੱਢ ਲਏ ਮੈਂ ਹੀਰੇ ਮੋਤੀ ਗਹਿਣੇ ਤਾਲੇ ਭੰਨਕੇ
ਖੰਡ ਦੇ ਭੁਲੇਖੇ ਲੂਣ ਖਾਧਾ ਪੰਡ ਬੰਨ੍ਹਕੇ
ਮੰਨੀ ਆਤਮਾ ਨਾ ਦਿਲ ਕਹੇ ਬਥੇਰਾ, ਬਈ ਛੱਡਦੇ.......
..........................................

ਸੁਣ ਨਾ ਮੈਂ ਸਕਿਆ ਦੁਹਾਈ ਬੇਕਸੂਰਾਂ ਦੀ
ਭੋਲੇ ਭਾਲੇ ਨੌਕਰਾਂ ਤੇ ਚੰਨ ਜਿਹੀਆਂ ਹੂਰਾਂ ਦੀ
ਮੋਮ ਬਣ ਗਿਆ ਪੱਥਰ ਦਾ ਜੇਰਾ, ਬਈ ਛੱਡ ਦੇ.........
..........................................

ਅੰਗ ਅੰਗ ਕੱਟਦੇ ਜਾਂ ਫਾਂਸੀ ਹੁਣ ਚਾਹੜਦੇ
'ਸੋਮਾ' ਆਦਮਪੁਰੀਆ' ਤੂੰ ਜਿੰਦਾ ਭਾਵੇਂ ਸਾੜਦੇ
ਸੋਚਾਂ ਸੋਚਦਾ ਕੀ ਹੁੰਦਾ ਹੈ ਅਵੇਰਾ, ਬਈ ਛੱਡ ਦੇ...........

***

# ਮੱਕੇ ਵਿਚ ਰੱਬ ਦੀ ਹੋਂਦ ਦਰਸਾਉਣੀ

ਸੁੱਤਿਆਂ ਨੂੰ ਸਾਨੂੰ ਕਿਹੜੀ ਗੱਲ ਤੋਂ ਜਗਾਇਆ
ਅਸੀਂ ਕੀ ਹੈ ਤੇਰਾ ਭਲੇਮਾਣਸਾ ਚੁਰਾਇਆ
ਕਿਉਂ ਖਫਾ ਹੋਂਵਦਾ ਤੂੰ ਅਸੀਂ ਨਹੀਂਓਂ ਡਰਦੇ
ਜਿੱਥੇ ਰੱਬ ਨਹੀਂ, ਉਧਰ ਨੂੰ ਪੈਰ ਸਾਡੇ ਆਪ ਕਰਦੇ, ਜਿੱਥੇ.........
..................................................

ਬੱਝਿਆ ਨਹੀਂ ਹੋਇਆ ਰੱਬ ਕਿਸੇ ਇੱਕ ਥਾਂ ਤੇ
ਜੰਗਲ ਪਹਾੜ ਨਹੀਂ ਰਹਿੰਦਾ ਆਸਮਾਂ ਤੇ
ਕਣ ਕਣ ਵਿਚ ਉਹਦਾ ਰੂਪ ਹੈ ਸਮਾਇਆ
ਪੀਰਾਂ ਤੇ ਪਗੰਬਰਾਂ ਨੇ ਇਹੀ ਫੁਰਮਾਇਆ
ਸਾਰੇ ਬੰਦੇ ਇਸ ਗੱਲ ਦੀ ਗਵਾਹੀ ਭਰਦੇ
ਜਿੱਥੇ ਰੱਬ ਨਹੀਂ, ਉਧਰ ਨੂੰ ਪੈਰ ਸਾਡੇ ਆਪ ਕਰਦੇ, ਜਿੱਥੇ........
..................................................

ਖੁਦਾ ਦਿਆ ਬੰਦਿਆ ਖੁਦਾ ਕਿੱਥੇ ਦੱਸ ਓਏ
ਬੰਦੇ 'ਚ ਹੈ ਰੱਬ, ਰੱਬ ਬੰਦੇ ਦੇ ਹੈ ਵਸ ਓਏ
ਬੰਦੇ ਨਾਲ ਬੰਦਾ ਇਥੇ ਐਵੇਂ ਲੜੀ ਜਾਵੇ,
ਹਉਮੈਂ ਦਾ ਗਰੂਰ ਦਿਨੋਂ ਦਿਨ ਚੜ੍ਹੀ ਜਾਵੇ
ਪ੍ਰੇਮ ਵਾਲੀ ਨਦੀ ਵਿਚ ਵਿਰਲੇ ਹੀ ਤਰਦੇ,
ਜਿੱਥੇ ਰੱਬ ਨਹੀਂ, ਉਧਰ ਨੂੰ ਪੈਰ ਸਾਡੇ ਆਪ ਕਰਦੇ.........
..................................................

ਅਸੀਂ ਪਰਦੇਸੀ ਤੇਰੇ ਸ਼ਹਿਰ ਵਿਚ ਆਏ ਓਏ
ਪਰ ਤੂੰ ਤਾਂ ਸਾਡੇ ਨਾਲ ਝਗੜੇ ਹੀ ਪਾਏ ਓਏ
ਝਗੜਾ ਨਹੀਂ ਚੰਗਾ ਸਤਿਗੁਰਾਂ ਨੇ ਸੁਣਾਇਆ
ਖੱਟਿਆ ਨਾ ਕਦੇ ਕਿਸੇ ਸਦਾ ਹੀ ਗੁਆਇਆ
'ਸੋਮਾ' ਹੁੰਦੇ ਨਹੀਂ ਅਸੂਲ ਇਹ ਖੁਦਾ ਦੇ ਘਰ ਦੇ,
ਜਿੱਥੇ ਰੱਬ ਨਹੀਂ, ਉਧਰ ਨੂੰ ਪੈਰ ਸਾਡੇ ਆਪ ਕਰਦੇ........
..................................................

***

ਰਾਏ ਭੋਏ ਦੀ ਤਲਵੰਡੀ ਦਾ ਜਗੀਰਦਾਰ ਰਾਏ ਬੁਲਾਰ ਸੱਚਾ ਸੁੱਚਾ ਅਤੇ ਰੱਬ ਦਾ ਪਿਆਰਾ ਬੰਦਾ ਸੀ। ਗੁਰੂ ਨਾਨਕ ਦੇਵ ਜੀ ਨੂੰ ਅਕਾਲ ਰੂਪ ਮੰਨਣ ਵਾਲਾ ਉਹ ਦਾਈ ਅਤੇ ਬੇਬੇ ਨਾਨਕੀ ਜੀ ਤੋਂ ਬਾਅਦ ਤੀਜਾ ਇਨਸਾਨ ਸੀ। ਸਾਰੇ ਦੁਨਿਆਵੀ ਸੁੱਖ ਪ੍ਰਾਪਤ ਸਨ, ਪੰਦਰਾਂ ਸੌ ਮੁਰੱਬੇ ਜ਼ਮੀਨ ਦਾ ਮਾਲਕ ਸੀ ਪਰ ਘਰ ਵਿਚ ਕੋਈ ਸੰਤਾਨ ਨਹੀਂ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਖੁਦਾ ਦਾ ਰੂਪ ਜਾਣਦੇ ਹੋਏ ਵੀ ਪੁੱਤਾਂ ਵਾਂਗ ਪਿਆਰ ਕਰਦਾ ਸੀ। ਆਪਣੇ ਖੂਨ ਦੇ ਪੁੱਤਰ ਦੀ ਖਾਹਿਸ਼ ਐਨਾ ਜ਼ੋਰ ਫੜ ਗਈ ਕਿ ਇੱਕ ਦਿਨ ਸਾਹਿਬ ਦੇ ਚਰਨਾਂ ਵਿਚ ਡਿੱਗ ਪਿਆ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਰਾਏ ਬੁਲਾਰ ਨੂੰ ਉਠਾ ਕੇ ਗਲ ਨਾਲ ਲਾਕੇ ਦਿਲ ਦਾ ਦਰਦ ਪੁੱਛਦੇ ਹਨ,ਰਾਏ ਬੁਲਾਰ ਗੁਰੂ ਸਾਹਿਬ ਨੂੰ ਅੱਗੋਂ ਇੰਜ ਜਵਾਬ ਦਿੰਦਾ ਹੈ ਅਤੇ ਗੁਰੂ ਸਾਹਿਬ ਪੁੱਤਰ ਦੀ ਦਾਤ ਦਾ ਵਰ ਬਖਸ਼ ਦਿੰਦੇ ਹਨ।

**ਤਰਜ਼:-ਜਬ ਹਮ ਜਵਾਂ ਹੋਂਗੇ**

ਸਭਨਾਂ ਦਾ ਦਾਤਾ ਤੂੰ, ਸਭ ਦਾ ਵਿਧਾਤਾ ਤੂੰ
ਮੇਰਾ ਗੁਨਾਹ ਹੈ ਕੀ, ਜਰਾ ਮੈਨੂੰ ਸਮਝਾਵਣਾ, ਸ਼ੰਕਾ ਮਿਟਾਵਣਾ
ਸਭਨਾਂ ਦਾ ਦਾਤਾ ਤੂੰ...................

ਤੂੰ ਅੱਲਾ ਦਾ ਬੇਲੀ ਅੱਲਾ ਤੇਰਾ ਹੈ
ਫਰਕ ਨਾ ਰੱਤੀ ਭਰ ਵੀ ਨਿਸਚਾ ਮੇਰਾ ਹੈ
ਘਰ ਝਰਨਾ ਵਗਦਾ ਏ, ਛਪੜੀ ਨਾ ਨਹਾਵਣਾ, ਸ਼ੰਕਾ ਮਿਟਾਵਣਾ
ਸਭਨਾਂ ਦਾ ਦਾਤਾ ਤੂੰ...................

ਸਭਨਾਂ ਦੇ ਦੁੱਖ ਦਰਦ ਦਾਤਿਆ ਜਾਣੇ ਤੂੰ
ਜੋ ਜੋ ਰੋਗੀ ਸਭ ਦੀ ਨਬਜ਼ ਪਛਾਣੇ ਤੂੰ
ਤੇਰੇ ਤੋਂ ਛੁਪਿਆ ਕੀ, ਜੋ ਦਰਦੇ ਦਿਲ ਸੁਣਾਵਣਾ, ਸ਼ੰਕਾ ਮਿਟਾਵਣਾ
ਸਭਨਾਂ ਦਾ ਦਾਤਾ ਤੂੰ...................

'ਸੋਮਾ ਆਦਮਪੁਰੀਆ' ਇਹ ਅਰਜੋਈ ਹੈ
ਦਾਤ ਬਖਸ਼ ਦੇ ਮੈਥੋਂ ਜਿਹੜੀ ਲਕੋਈ ਹੈ
ਉਜੜੀ ਹੋਈ ਦੁਨੀਆ ਮੇਰੀ ਤੂੰ ਹੀ ਵਸਾਵਣਾ, ਸ਼ੰਕਾ ਮਿਟਾਵਣਾ
ਸਭਨਾਂ ਦਾ ਦਾਤਾ ਤੂੰ...................

***

ਗੁਰੂ ਅਮਰਦਾਸ ਜੀ ਮਹਾਰਾਜ ਸਰੀਰਕ ਪੱਖੋਂ ਕਾਫੀ ਬ੍ਰਿਧ ਹੋ ਚੁੱਕੇ ਸਨ। ਇਕ ਦਿਨ ਇਸ਼ਨਾਨ ਕਰਦੇ ਸਮੇਂ ਚੌਂਕੀ ਦਾ ਪਾਵਾ (ਜਿਸ ਉਤੇ ਬੈਠਕੇ ਇਸ਼ਨਾਨ ਕਰਦੇ ਸਨ) ਅਚਾਨਕ ਟੁੱਟ ਗਿਆ। ਆਪ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਨੇ ਸੋਚਿਆ ਕਿ ਪਿਤਾ ਜੀ ਕਿੱਧਰੇ ਡਿੱਗ ਨਾ ਪੈਣ। ਇਸ ਲਈ ਕਾਹਲੀ ਨਾਲ ਆਪਣਾ ਹੱਥ ਪਾਵੇ ਦੀ ਜਗ੍ਹਾ ਦੇ ਦਿੱਤਾ। ਗੁਰੂ ਅਮਰਦਾਸ ਜੀ ਨੂੰ ਜਦੋਂ ਪਤਾ ਲੱਗਾ ਤਾਂ ਬਹੁਤ ਦੁਖੀ ਹੋਏ। ਬੀਬੀ ਭਾਨੀ ਜੀ ਦਾ ਪਿਤਾ ਪ੍ਰਤੀ ਪਿਆਰ ਦੇਖਕੇ ਪ੍ਰਸੰਨ ਹੋਕੇ ਵਰ ਮੰਗਣ ਲਈ ਕਹਿ ਦਿੱਤਾ। ਬੀਬੀ ਭਾਨੀ ਜੀ ਨੇ ਕਿਹਾ ਕਿ ਅਗਰ ਬਚਨ ਦਿੱਤਾ ਹੈ ਤਾਂ ਮੈਂ ਚਾਹੁੰਦੀ ਹਾਂ ਕਿ ਗੁਰੂ ਗੱਦੀ ਘਰ ਵਿਚ ਹੀ ਰਹੇ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਬੀਬੀ ਭਾਨੀ ਨੂੰ ਇਸ ਤਰ੍ਹਾਂ ਸਮਝਾਉਂਦੇ ਹਨ ਅਤੇ ਆਉਣ ਵਾਲੇ ਸਮੇਂ ਦੀ ਤਸਵੀਰ ਤੋਂ ਬੀਬੀ ਭਾਨੀ ਜੀ ਨੂੰ ਇਸ ਤਰ੍ਹਾਂ ਜਾਣੂ ਕਰਵਾਉਂਦੇ ਹਨ।

**ਤਰਜ਼:-ਜਰਾ ਸਾਹਮਣੇ ਤੋ ਆਓ ਛੱਲੀਏ**

ਤੂੰ ਤੇ ਵਗਦੇ ਪਾਣੀ ਨੂੰ ਬੰਨ੍ਹ ਮਾਰਿਆ
ਨਾ ਤੂੰ ਸੋਚਿਆ ਤੇ ਨਾ ਤੂੰ ਵਿਚਾਰਿਆ
ਜਿਹੜਾ ਟੁੱਟਣਾ ਕਹਿਰ ਤੇਰੇ ਵੰਸ਼ ਤੇ
ਭਾਨੀ ਤੇਰੇ ਕੋਲੋਂ ਜਾਣਾ ਨਹੀਂ ਸਹਾਰਿਆ, ਤੂੰ ਤੇ ਵਗਦੇ ਪਾਣੀ........
....................................................

ਅਜੇ ਸਮਾਂ ਕੁੱਝ ਹੋਰ ਤੂੰ ਮੰਗ ਲੈ, ਛੱਡ ਕਿ ਮੰਗ ਗੁਰਆਈ ਦੀ
ਗੁਰ ਗੱਦੀ ਸੇਵਾ ਦਾ ਮੇਵਾ, ਘਰ ਨਹੀਂ ਰਹਿਣੀ ਚਾਹੀਦੀ
ਗੁਰੂ ਨਾਨਕ ਨੇ ਰੀਤ ਇਹ ਚਲਾਈ ਹੈ, ਸੇਵਾ ਵਾਲੇ ਨੂੰ ਹੀ ਦਿੱਤੀ ਗੁਰਿਆਈ ਹੈ
ਤੂੰ ਤੇ ਸੇਵਾ ਕੀਤੀ ਪਿਤਾ ਜਾਣਕੇ, ਦੇਕੇ ਬਚਨ ਅਸੀਂ ਕਰਜ਼ਾ ਉਤਾਰਿਆ
ਤੂੰ ਤੇ ਵਗਦੇ ਪਾਣੀ ਨੂੰ ਬੰਨ੍ਹ ਮਾਰਿਆ
....................................................

ਦੇਖ ਨਜ਼ਾਰਾ ਬੰਦ ਕਰ ਅੱਖੀਆਂ, ਇਹ ਸਭ ਹੋਕੇ ਰਹਿਣਾ ਹੈ
ਪੁੱਤਰ ਤੇਰੇ ਨੂੰ ਤੱਤੀਆਂ ਤਵੀਆਂ ਉਤੇ ਬੈਠਣਾ ਪੈਣਾ ਹੈ
ਐਸਾ ਚਲਣਾ ਸ਼ਹੀਦੀਆਂ ਦਾ ਦੌਰ ਹੈ, ਜੀਹਦੇ ਨਾਲ ਦੀ ਮਿਸਾਲ ਨਾ ਕੋਈ ਹੋਰ ਹੈ
ਸੀਸ ਕੱਟਣਾ ਤੇਗ ਦਾ ਜ਼ਾਲਮਾਂ, ਰਾਜਾ ਆਵਣਾ ਏ ਐਸਾ ਹੰਕਾਰਿਆ
ਤੂੰ ਤੇ ਵਗਦੇ ਪਾਣੀ ਨੂੰ ਬੰਨ੍ਹ ਮਾਰਿਆ..........................
....................................................

ਘਰ ਘਾਟ ਸਭ ਉਜੜ ਜਾਣੇ, ਫਿਰਨਾਂ ਵਾਂਗ ਫਕੀਰਾਂ ਦੇ
ਨੀਂਹਾਂ ਵਿਚ ਵੀ ਚਿਣੇ ਜਾਣਗੇ, ਫੱਟ ਖਾਣਗੇ ਤੀਰਾਂ ਦੇ
ਤੇਰੇ ਵੰਸ਼ ਦੀਆਂ ਆਖਰੀ ਨਿਸ਼ਾਨੀਆਂ, ਮਿਟ ਜਾਂਦੀਆਂ ਨੇ ਦੇਕੇ ਕੁਰਬਾਨੀਆਂ
ਆਦਮਪੁਰੀਆ ਰਹਿ ਜਾਣਾ ਇਤਿਹਾਸ ਹੀ, 'ਸੋਮਾ' ਗੁਰੂ ਅਮਰਦਾਸ ਨੇ ਉਚਾਰਿਆ
ਤੂੰ ਤੇ ਵਗਦੇ ਪਾਣੀ ਨੂੰ ਬੰਨ੍ਹ ਮਾਰਿਆ
.................................................

***

# ਪ੍ਰਸੰਗ:-ਭਾਈ ਜੇਠਾ ਜੀ

ਭਾਈ ਜੇਠਾ ਜੀ ਦੇ ਪਿਤਾ ਜੀ ਅਕਾਲ ਚਲਾਣਾ ਕਰ ਚੁੱਕੇ ਸਨ। ਆਪ ਆਪਣੇ ਮਾਤਾ ਪਿਤਾ ਦੀ ਇੱਕਲੌਤੀ ਸੰਤਾਨ ਸਨ। ਘਰ ਵਿਚ ਕਮਾਈ ਕਰਨ ਵਾਲਾ ਹੋਰ ਕੋਈ ਨਹੀਂ ਸੀ। ਮਜਬੂਰੀ ਵਸ ਮਾਤਾ ਜੀ ਨੇ ਭਾਈ ਜੇਠਾ ਜੀ ਨੂੰ ਘੁੰਗਣੀਆਂ ਵੇਚਣ ਲਈ ਤਿਆਰ ਕਰਨਾ, ਭਾਈ ਜੇਠਾ ਜੀ ਨੇ ਲਾਹੌਰ ਸ਼ਹਿਰ ਵਿਚ ਘੁੰਗਣੀਆਂ ਵੇਚਣੀਆਂ ਇੱਕ ਫਕੀਰ ਨਾਲ ਮੁਲਾਕਾਤ ਅਤੇ ਸਵਾਲ-ਜਵਾਬ। ਕੁੱਝ ਸਮੇਂ ਮਗਰੋਂ ਮਾਤਾ ਸਮੇਤ ਨਾਨਕੇ ਪਿੰਡ ਬਾਸਰਕੇ ਚਲੇ ਜਾਣਾ। ਸੰਗਤ ਦੇ ਨਾਲ ਸ੍ਰੀ ਗੋਇੰਦਵਾਲ ਸਾਹਿਬ ਜਾਣਾ 'ਗੁਰੂ ਘਰ ਦੀ ਨਿਸ਼ਕਾਮ ਸੇਵਾ ਕਰਨੀ। ਗੁਰੂ ਅਮਰਦਾਸ ਜੀ ਨੇ ਸੇਵਾ ਤੋਂ ਖੁਸ਼ ਹੋਕੇ ਬੀਬੀ ਭਾਨੀ ਜੀ ਦੀ ਸ਼ਾਦੀ ਭਾਈ ਜੇਠਾ ਜੀ ਨਾਲ ਕਰਨੀ।

# ਵਿਆਹ ਬੀਬੀ ਭਾਨੀ ਜੀ

**'ਵਾਰ'**

ਉਠ ਗਿਆ ਸਾਇਆ ਸਿਰ ਤੋਂ ਪਤੀ ਦਾ, ਜਿੱਦਾਂ ਲਿਖਿਆ ਧੁਰੋਂ ਕਰਤਾਰ
ਔਖਾ ਹੋ ਗਿਆ ਟੱਬਰ ਪਾਲਣਾ, ਨਾ ਮਿਲਦਾ ਕਿਤੇ ਉਧਾਰ
ਇੱਕ ਦਿਨ ਮਾਤਾ ਕਹਿੰਦੀ ਲਾਲ ਜੀ, ਕੁੱਝ ਕਰਨੀ ਸਿੱਖੋ ਕਾਰ
ਮੇਰੇ ਸਿਰ ਤੇ ਭਾਰ ਗ੍ਰਹਿਸਤ ਦਾ, ਹੌਲਾ ਕਰਦੇ ਬਰਖ਼ੁਰਦਾਰ
ਪੁੱਤਰ ਘਰ ਵਿਚ ਹੋਏ ਜਵਾਨ ਜੇ, ਮਾਪੇ ਰਹਿਣ ਕਿਉਂ ਦੁਖਿਆਰ
ਬਣਕੇ ਸਰਵਣ ਪੁੱਤਰ ਮਾਂ ਦਾ, ਹੁਣ ਸਾਂਭ ਸਾਰਾ ਘਰ ਬਾਹਰ
ਰੱਖਾਂ ਤੇਰੇ ਸਿਰ ਤੇ ਅੱਜ ਤੋਂ, ਜਿੰਮੇਵਾਰੀਆਂ ਦਾ ਜੋ ਭਾਰ
'ਸੋਮਾ' ਸਤਿ ਬਚਨ ਕਿਹਾ ਹੱਸਕੇ, ਆਦਮਪੁਰੀਆ ਨਾਲ ਸਤਿਕਾਰ

***

ਬਜ਼ਾਰ ਵਿਚ ਇਕ ਫਕੀਰ ਨੇ ਘੁੰਗਣੀਆਂ ਦੀ ਮੰਗ ਕਰਨੀ ਫ਼ਕੀਰ ਅਤੇ ਭਾਈ ਜੇਠਾ ਜੀ ਦੇ ਸਵਾਲ-ਜਵਾਬ।

## ਝੋਕ

ਫਕੀਰ: ਦੇਦੇ ਲੱਪ ਘੁੰਗਣੀਆਂ ਦੀ ਬੇਟਾ ਫਕੀਰ ਨੂੰ
ਲਾਊਗਾ ਚਾਰ ਚੰਨ ਰੱਬ ਤੇਰੀ ਤਕਦੀਰ ਨੂੰ
ਮਿਲ ਜਾਊਗਾ ਭਾੜਾ ਥੱਕੇ ਟੁੱਟੇ ਸਰੀਰ ਨੂੰ
ਰੱਖੇ ਰੱਬ ਰਾਜ਼ੀ, ਵਧੇ ਫੁੱਲੇ ਪ੍ਰੀਵਾਰ ਤੇਰਾ
ਜੱਗ ਤੇ ਨਾਂ ਰੌਸ਼ਨ ਕਰਸੀ, ਇਕ ਦਿਨ ਕਰਤਾਰ ਤੇਰਾ
ਦੁਨੀਆ ਵਿਚ ਚਮਕੇਂਗਾ ਤੂੰ.................

ਭਾਈ ਜੇਠਾ: ਮੇਰਾ ਨਹੀਂ ਕੁੱਝ ਵੀ ਇਹ ਸਭ ਦਿੱਤਾ ਭਗਵਾਨ ਦਾ
ਭੁੱਖੇ ਨੂੰ ਅੰਨ ਛਕਾਉਣਾ ਫਰਜ਼ ਇਨਸਾਨ ਦਾ
ਨਾਨਕ ਦਾ ਸੱਚਾ ਸੌਦਾ, ਰਸਤਾ ਜਹਾਨ ਦਾ
ਖਾ ਲਓ ਦਿਲ ਭਰਕੇ ਜਿਹੜੇ, ਬਾਕੀ ਹਨ ਰਹਿੰਦੇ ਜੀ
ਖਾਂਦੇ ਸਭ ਆਪਣਾ ਆਪਣਾ, ਸਾਡਾ ਕੀ ਲੈਂਦੇ ਜੀ
ਖਾਂਦੇ ਸਭ ਆਪਣਾ ਆਪਣਾ...................

ਫਕੀਰ: ਬੰਦਾ ਉਹ ਕਾਹਦਾ ਜਿਹੜਾ ਦਰਦ ਵੰਡਾਵੇ ਨਾ
ਔਖੇ ਵੇਲੇ ਕੰਮ ਜਿਹੜਾ ਬੰਦੇ ਦੇ ਆਵੇ ਨਾ
ਦਸਾਂ ਨੌਂਹਾਂ ਦੀ ਕ੍ਰਿਤ 'ਚੋਂ, ਭੁੱਖੇ ਨੂੰ ਖੁਆਵੇ ਨਾ
ਲਾਊ ਫਲ ਆਦਮਪੁਰੀਆ, ਇਹ ਜੋ ਉਪਕਾਰ ਤੇਰਾ
ਜੱਗ ਤੇ ਨਾਂ ਰੌਸ਼ਨ ਕਰਸੀ, ਇੱਕ ਦਿਨ ਕਰਤਾਰ ਤੇਰਾ
ਦੁਨੀਆ ਵਿਚ ਚਮਕੇਂਗਾ ਤੂੰ.....................

ਭਾਈ ਜੇਠਾ: ਘੁੰਗਣੀਆਂ ਖਾਧੀਆਂ, ਦਾਣੇ ਪਾਣੀ ਦਾ ਖੇਲ੍ਹ ਜੀ
ਕਰਮਾਂ ਨਾਲ ਹੁੰਦਾ ਸਾਧਾਂ ਸੰਤਾਂ ਦਾ ਮੇਲ ਜੀ
ਮੇਰੇ ਧੰਨ ਭਾਗ ਜੋ ਦਿੱਤੇ ਦਰਸ਼ਨ ਕੱਢ ਵਿਹਲ ਜੀ
'ਸੋਮਾ' ਧਰਿਗ ਹੱਥ ਪੈਰ ਬਿਨਾ ਸੇਵਾ ਸਭ ਕਹਿੰਦੇ ਜੀ
ਖਾਂਦੇ ਸਭ ਆਪਣਾ ਆਪਣਾ, ਸਾਡਾ ਕੀ ਲੈਂਦੇ ਜੀ
ਖਾਂਦੇ ਸਭ ਆਪਣਾ ਆਪਣਾ....................

***

ਲਹੌਰ ਤੋਂ ਨਾਨਕ ਪਿੰਡ ਬਾਸਰਕੇ ਚਲੇ ਜਾਣਾ। ਸੰਗਤ ਨਾਲ ਰਲਕੇ ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਜਾਕੇ ਸੇਵਾ ਵਿਚ ਤਨ ਮਨ ਅਰਪਣ ਕਰ ਦੇਣਾ।

ਕੁੱਝ ਦਿਨ ਰਹਿਕੇ ਮੋੜੇ ਸੰਗਤਾਂ ਨੇ ਪਾਏ
ਤਨ ਮਨ ਧਨ ਨਾਲ ਸੇਵਾ ਕਰ ਆਏ
ਪਰ ਮੁੜੇ ਨਾ ਜੇਠਾ ਜੀ ਸੇਵਾ ਰਹੇ ਕਰਦੇ, ਜੀ ਨਿੱਤ ਕਰਦੇ
ਕਰਦੇ ਸੇਵਾ ਤੇ ਨਾਲੇ ਬਾਣੀ ਪੜ੍ਹਦੇ ਜੀ, ਸੇਵਾ ਕਰਦੇ........
...............................................

ਚੁੱਕਦੇ ਉਹ ਟੋਕਰੀ ਹੈ ਭਾਰੀ ਜਿਹੜੀ ਸਭ ਤੋਂ
ਭਲਾ ਸਰਬੱਤ ਦਾ ਉਹ ਮੰਗਦੇ ਨੇ ਰੱਬ ਤੋਂ
ਸੇਵਾ ਅਤੇ ਬਾਣੀ ਨਿੱਤ ਨੇਮ ਹੈ ਬਣਾਇਆ
ਝੂਠਾ ਮੋਹ ਜੋ ਦੁਨੀਆ ਦਾ ਮਨ ਤੋਂ ਭੁਲਾਇਆ
ਸੇਵਾਦਾਰ ਬਣ ਗਏ ਨੇ ਗੁਰੂ ਘਰ ਦੇ ਜੀ, ਨਿੱਤ ਕਰਦੇ
ਕਰਦੇ ਸੇਵਾ ਤੇ ਨਾਲੇ ਬਾਣੀ ਪੜ੍ਹਦੇ ਜੀ, ਸੇਵਾ ਕਰਦੇ........
...............................................

ਸੰਗਤਾਂ ਨੇ ਹੁੰਦੀਆਂ ਹੈਰਾਨ ਸੇਵਾ ਤੱਕ ਕੇ
ਪਾਉਂਦਾ ਏ ਨਿਖਾਰ ਸੋਨਾ ਅੱਗ ਵਿਚ ਤਪ ਕੇ
ਦਿਲ ਨਾ ਤਮੰਨਾ ਕੋਈ, ਨਿਸ਼ਕਾਮ ਸੇਵਾ
ਗੁਰੂ ਘਰ ਲੱਗੇ ਸਦਾ ਸੇਵਾ ਨੂੰ ਹੀ ਮੇਵਾ
ਇਸ ਗੱਲ ਦੀ ਗਵਾਹੀ ਰਹੇ ਗੁਰੂ ਭਰਦੇ, ਜੀ ਨਿੱਤ ਕਰਦੇ
ਕਰਦੇ ਸੇਵਾ ਤੇ ਨਾਲ ਬਾਣੀ ਪੜ੍ਹਦੇ ਜੀ, ਸੇਵਾ ਕਰਦੇ...........

ਜੂਠੇ ਭਾਂਡੇ ਮਾਂਜਦੇ ਨੇ, ਕਦੇ ਜੋੜੇ ਝਾੜਦੇ
'ਸੋਮਾ ਆਦਮਪੁਰੀਆ' ਹਿੰਮਤ ਨਹੀਓਂ ਹਾਰਦੇ
ਜਿਉਂ ਜਿਉਂ ਸੇਵਾ ਦਾ ਪ੍ਰੇਮ ਵਧੀ ਜਾਵੇ
ਤਿਉਂ ਤਿਉਂ ਜੇਠੇ ਨੂੰ ਅਨੰਦ ਪਿਆ ਆਵੇ
ਦੁੱਖ ਸੁੱਖ ਸਾਰੇ ਹੱਸ ਹੱਸ ਪਏ ਨੇ ਜਰਦੇ, ਜੀ ਸੇਵਾ ਕਰਦੇ
ਕਰਦੇ ਸੇਵਾ ਤੇ ਨਾਲੇ ਬਾਣੀ ਪੜ੍ਹਦੇ ਜੀ, ਸੇਵਾ ਕਰਦੇ.............

***

ਗੁਰੂ ਅਮਰਦਾਸ ਜੀ ਵਲੋਂ ਪੰਡਤ ਨੂੰ ਬੁਲਾਕੇ ਬੀਬੀ ਭਾਨੀ ਜੀ ਲਈ ਯੋਗ ਵਰ ਦੀ ਤਲਾਸ਼ ਕਰਨ ਲਈ ਕਹਿਣਾ।

ਗੱਲ ਸੁਣ ਲਓ ਪੰਡਤ ਜੀਓ, ਵਰ ਲੱਭਣਾ ਜਗਤ ਤੋਂ ਨਿਆਰਾ
ਫੁੱਲਾਂ ਵਿੱਚ ਜਿਉਂ ਫੁੱਲ ਗੁਲਾਬੀ, ਤਾਰਿਆਂ ਵਿਚ ਧਰੂ ਤਾਰਾ
ਗੱਲ ਸੁਣ ਲਓ ਪੰਡਤ ਜੀਓ........................

ਦੇਖ ਦੇਖ ਜੀਹਨੂੰ ਦੁਨੀਆ ਆਖੇ ਵਰ ਹੋਵੇ ਤਾਂ ਐਸਾ
ਖਾਨਦਾਨ ਦੀ ਇੱਜ਼ਤ ਹੋਵੇ, ਕ੍ਰਿਤ ਦਾ ਹੋਵੇ ਪੈਸਾ
ਮਹਿਲ ਮੁਨਾਰੇ ਦੂਰੋਂ ਜਾਪਣੇ, ਸਵਰਗ ਦਾ ਜਿਵੇਂ ਨਜ਼ਾਰਾ
ਗੱਲ ਸੁਣ ਲਓ ਪੰਡਤ ਜੀਓ........................

ਬੜੀ ਲਾਡਲੀ ਧੀ ਹੈ ਮੇਰੀ ਲਾਡਾਂ ਦੇ ਨਾਲ ਪਾਲੀ
ਉੱਥੇ ਇਹਦਾ ਰਿਸ਼ਤਾ ਕਰਨਾ, ਜਿੱਥੇ ਰਹੇ ਸੁਖਾਲੀ
ਪੂਜਾ ਪਾਠ ਤੇ ਪੁੰਨ ਦਾਨ ਕਰ, ਕਰ ਲਏ ਜਿੱਥੇ ਗੁਜ਼ਾਰਾ
ਗੱਲ ਸੁਣ ਲਓ ਪੰਡਤ ਜੀਓ..........................

ਕਲਹ ਕਲੇਸ਼ ਨਾ ਘਰ ਵਿਚ ਹੋਵੇ ਰੱਬ ਦਾ ਹੋਏ ਪੁਜਾਰੀ
'ਸੋਮਾ' ਨਿਮਰਤਾ ਉਸ ਵਿਚ ਹੋਵੇ, ਵਾਂਗਰ ਕੁੜੀ ਕੁਆਰੀ
ਸੋਚ ਸਮਝਕੇ 'ਆਦਮਪੁਰੀਆ' ਕੰਮ ਕਰਨਾ ਏਂ ਸਾਰਾ
ਗੱਲ ਸੁਣ ਲਓ ਪੰਡਤ ਜੀਓ...............

***

ਭਾਈ ਜੇਠਾ ਜੀ ਸੇਵਾ ਵਿਚ ਮਗਨ ਸਿਰ ਉਤੇ ਮਿੱਟੀ ਦਾ ਟੋਕਰਾ ਚੁੱਕੀ ਜਾ ਰਹੇ ਹਨ। ਬੀਬੀ ਭਾਨੀ ਜੀ ਦੇ ਮਾਤਾ ਜੀ ਭਾਈ ਜੇਠਾ ਜੀ ਵਲ ਦੇਖਕੇ ਪੰਡਤ ਨੂੰ ਕਹਿੰਦੇ ਹਨ ਕਿ ਵਰ ਇਹੋ ਜਿਹਾ ਨੌਜਵਾਨ ਵਰਗਾ ਹੋਣਾ ਚਾਹੀਦਾ ਹੈ। ਇਹ ਸੁਣਕੇ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਇਹਦੇ ਵਰਗਾ ਇਹੀ ਹੈ ਹੋਰ ਕੋਈ ਨਹੀਂ। ਪੰਡਤ ਨੂੰ ਮਨ੍ਹਾ ਕਰਕੇ ਗੁਰੁ ਅਮਰਦਾਸ ਜੀ ਭਾਈ ਜੇਠਾ ਜੀ ਨਾਲ ਇਸ ਤਰ੍ਹਾਂ ਸਵਾਲ-ਜਵਾਬ ਕਰਦੇ ਹਨ।

**ਤਰਜ਼:-ਜੱਗਾ**

ਗੁਰੂ ਅਮਰਦਾਸ ਜੀ: ਕੀ ਨਾਮ ਤੇ ਕਿੰਨੇ ਨੇ ਭੈਣ ਭਾਈ ਜੀ
ਮਾਪੇ ਕਿੱਥੇ ਕੰਮ ਕਰਦੇ ਦੱਸਦੇ
ਕਿ ਕਿੱਥੇ ਤੇਰੇ ਮਾਈ ਬਾਪ ਨੇ ਚੰਨ ਵਸਦੇ
..........................................

ਭਾਈ ਜੇਠਾ ਜੀ: ਰਾਮ ਦਾਸ ਹੈ ਨਾਮ ਜੇਠਾ ਕਹਿੰਦੇ
ਜੇਠਾ ਪੁੱਤ ਹੋਣ ਕਰਕੇ ਦਾਤਾ
ਦਾਤਾ ਕਿ ਹੋਰ ਕੋਈ ਭੈਣ ਭਾਈ ਨਹੀਂ ਇੱਕ ਮਾਤਾ........
..........................................

ਗੁਰੂ ਅਮਰਦਾਸ ਜੀ: ਕੀ ਕਰਦਾ ਵਣਜ ਪਿਤਾ ਤੇਰਾ, ਕੀ ਕਰਦਾ
ਕੀ ਕਰਦਾ ਵਣਜ ਪਿਤਾ ਤੇਰਾ
ਲਾਲ ਏਂ ਤੂੰ ਕਿਹੜੀ ਕੁੱਲ ਦਾ ਦਸਦੇ
ਦੱਸਦੇ ਕਿ ਕਿੱਥੇ ਤੇਰੇ ਮਾਈ ਬਾਪ ਨੇ.............
..........................................

ਭਾਈ ਜੇਠਾ ਜੀ: ਨਹੀਂ ਸਿਰ ਤੇ ਪਿਤਾ ਦਾ ਸਾਇਆ, ਨਹੀਂ ਸਿਰ ਤੇ
ਨਹੀਂ ਸਿਰ ਤੇ ਪਿਤਾ ਦਾ ਸਾਇਆ
ਸੋਢੀਆਂ ਦੀ ਕੁੱਲ ਦਾਸ ਦੀ ਦਾਤਾ, ਦਾਤਾ
ਹੋਰ ਕੋਈ ਭੈਣ ਭਾਈ ਨਹੀਂ ਇੱਕ ਮਾਤਾ
..........................................

ਗੁਰੂ ਅਮਰਦਾਸ ਜੀ: ਕਿੱਤਾ ਕੀ ਏ ਤੇ ਕੀਹਦਾ ਏਂ ਪੁਜਾਰੀ, ਕਿੱਤਾ ਕੀ ਏ
ਕਿੱਤਾ ਕੀ ਏ ਤੇ ਕੀਹਦਾ ਏਂ ਪੁਜਾਰੀ,
ਇੱਥੇ ਭਲਾ ਕਿਵੇਂ ਆ ਗਿਆ ਦੱਸਦੇ, ਦੱਸਦੇ
ਦੱਸਦੇ ਕਿੱਥੇ ਤੇਰੇ ਮਾਈ ਬਾਪ ਨੇ..............
..........................................

ਭਾਈ ਜੇਠਾ ਜੀ: ਕਿੱਤਾ ਸਾਧ ਸੰਗਤ ਦੀ ਸੇਵਾ, ਕਿੱਤਾ ਸਾਧ
ਕਿੱਤਾ ਸਾਧ ਸੰਗਤ ਦੀ ਸੇਵਾ
ਪੁਜਾਰੀ ਗੁਰੂ ਨਾਨਕ ਦਾ, ਦਾਤਾ.......
ਦਾਤਾ ਹੋਰ ਕੋਈ ਭੈਣ ਭਾਈ ਨਹੀਂ ਇੱਕ ਮਾਤਾ

ਗੁਰੂ ਅਮਰਦਾਸ ਜੀ: ਕਦੋਂ ਤੱਕ ਹੈ ਨਿਭੌਣੀ ਸੇਵਾ, ਕਦੋਂ ਤੱਕ ਹੈ
ਕਦੋਂ ਤੱਕ ਹੈ ਨਿਭੌਣੀ ਸੇਵਾ
ਫੇਰ ਕੀ ਇਰਾਦਾ ਸੋਹਣਿਆਂ ਦੱਸਦੇ
ਦੱਸਦੇ ਕਿ ਕਿੱਥੇ ਤੇਰੇ ਮਾਈ ਬਾਪ ਨੇ...........
..........................................

ਭਾਈ ਜੇਠਾ ਜੀ: 'ਸੋਮਾ' ਹੋਰ ਨਾ ਖਾਹਸ਼ ਹੁਣ ਕੋਈ, ਸੋਮਾ ਹੋਰ ਨਾ
'ਸੋਮਾ' ਹੋਰ ਨਾ ਖਾਹਸ਼ ਹੁਣ ਕੋਈ
ਸੇਵਾ ਲੇਖੇ ਜ਼ਿੰਦਗੀ ਲੱਗੇ ਦਾਤਾ,
ਦਾਤਾ ਹੋਰ ਕੋਈ ਭੈਣ ਭਾਈ ਨਹੀਂ ਇੱਕ ਮਾਤਾ
..........................................

***

ਭਾਈ ਜੇਠਾ ਜੀ ਨੂੰ ਚੰਗੀ ਤਰ੍ਹਾਂ ਪਰਖ ਕੇ ਅਤੇ ਗੁਰ ਗੱਦੀ ਦੇ ਲਾਇਕ ਜਾਣਕੇ ਗੁਰੂ ਅਮਰਦਾਸ ਜੀ ਬੀਬੀ ਭਾਨੀ ਜੀ ਦੀ ਸ਼ਾਦੀ ਭਾਈ ਜੇਠਾ ਜੀ ਨਾਲ ਕਰਦੇ ਹਨ।

ਨਿਮਾਣਿਆਂ ਦੇ ਮਾਣ ਗੁਰੂ ਅਮਰਦਾਸ ਜੀ
ਨਿਤਾਣਿਆਂ ਦੇ ਤਾਣ ਗੁਰੂ ਅਮਰਦਾਸ ਜੀ
ਭਾਈ ਜੇਠੇ ਨਾਲ ਕਰਕੇ ਸਗਾਈ ਜੀ
ਲਿਖ ਚਿੱਠੀ ਸ਼ਾਦੀ ਦੀ ਲਹੌਰ ਪਾਈ ਜੀ

ਆ ਗਏ ਬਾਸਰਕੇ ਤੋਂ ਨਾਨਕੇ ਚੱਲਕੇ
ਸਾਕ ਸਨਬੰਧੀ ਸੱਦੇ ਲਾਗੀ ਘੱਲਕੇ
ਗੋਇੰਦਵਾਲ ਵਾਸੀ ਖੁਸ਼ੀਆਂ ਮਨਾਂਵਦੇ
ਸ਼ਾਦੀ ਵਾਲੇ ਗੀਤ ਘੋੜੀਆਂ ਨੇ ਗਾਂਵਦੇ

ਬਿਕ੍ਰਮੀ 1610 ਫੱਗਣ ਬਾਈ ਜੀ
ਗੁਰਾਂ ਬੀਬੀ ਭਾਨੀ ਜੇਠੇ ਲੜ ਲਾਈ ਜੀ
ਖੁਸ਼ੀਆਂ ਦੇ ਹੰਝੂ ਅੱਖੀਆਂ 'ਚੋਂ ਵੱਗਦੇ
ਰਿਵਾਜ ਪੂਰੇ ਕਰਨੇ ਹੀ ਪੈਂਦੇ ਜੱਗ ਦੇ

ਗੁਰੂ ਨਾਨਕ ਤੋਂ ਲੈ ਕੇ ਮਨਜ਼ੂਰੀ ਜੀ
ਸ਼ਾਦੀ ਦੀ ਰਸਮ ਸਭ ਹੋਈ ਪੂਰੀ ਜੀ
ਪ੍ਰਸੰਗ 'ਸੋਮਾ ਆਦਮਪੁਰੀਏ' ਬਣਾਇਆ ਏ
ਰਹਿਮਤ ਗੁਰਾਂ ਦੀ ਨਾਲ ਲਿਖ ਪਾਇਆ ਏ

***

## ਪ੍ਰਸੰਗ: ਬਾਬਾ ਆਦਮ ਜੀ

ਗੁਰੂ ਘਰ ਦਾ ਸ਼ਰਧਾਲੂ, ਪ੍ਰਮਾਤਮਾ ਦੇ ਰੰਗ ਵਿਚ ਰੰਗਿਆ ਹੋਇਆ ਗੁਰੂ ਸਿੱਖ ਭਾਈ ਹਜ਼ੂਰੀਆ ਸਿੱਖੀ ਦਾ ਪ੍ਰਚਾਰ ਕਰਦਾ ਹੋਇਆ ਬਾਬਾ ਆਦਮ ਜੀ ਦੇ ਪਿੰਡ ਵਿਚ ਆ ਗਿਆ। ਗੁਰਸਿੱਖ ਦਾ ਘਰ ਜਾਣਕੇ ਭੋਜਨ ਛਕਣ ਦੀ ਬੇਨਤੀ ਕੀਤੀ। ਬਾਬਾ ਆਦਮ ਜੀ ਨੇ ਬਹੁਤ ਸਤਿਕਾਰ ਕੀਤਾ ਅਤੇ ਘਰ ਵਾਲੀ ਨਾਲ ਮਿਲਕੇ ਭੋਜਨ ਤਿਆਰ ਕਰਨ ਲੱਗ ਪਏ। ਸ਼ਰਧਾ ਅਤੇ ਪ੍ਰੇਮ ਨਾਲ ਬਾਣੀ ਦਾ ਜਾਪ ਕਰਦੇ ਹੋਏ ਭੋਜਨ ਤਿਆਰ ਕੀਤਾ। ਗੁਰੂ ਦੇ ਸਿੱਖ ਨੂੰ ਗੁਰੂ ਰੂਪ ਜਾਣਕੇ ਹੱਥ ਸੁੱਚੇ ਕਰਵਾਕੇ ਭੋਜਨ ਛਕਣ ਦੀ ਬੇਨਤੀ ਕੀਤੀ, ਗੁਰੂ ਸਿੱਖ ਨੇ ਸਹਿਜ ਸੁਭਾ ਹੀ ਕਿਹਾ ਕਿ ਬਾਬਾ ਜੀ ਤੁਸੀਂ ਐਨੀ ਖੇਚਲ ਕਿਉਂ ਕਰਦੇ ਹੋ। ਕਿਸੇ ਬੱਚੇ ਨੂੰ ਬੁਲਾ ਲਓ ਜੋ ਆ ਕੇ ਪ੍ਰਸ਼ਾਦਾ ਛਕਾ ਦੇਵੇ, ਇਹ ਸੁਣਕੇ ਬਾਬਾ ਆਦਮ ਜੀ ਨੇ ਇਕ ਲੰਬਾ ਹੌਂਕਾ ਭਰਿਆ ਅਤੇ ਨਾਲ ਅੱਖਾਂ ਵਿਚ ਪਾਣੀ ਭਰ ਆਇਆ। ਇਹ ਦੇਖਕੇ ਗੁਰਸਿੱਖ ਹੈਰਾਨ ਹੋ ਕੇ ਇਸ ਦਾ ਕਾਰਨ ਪੁੱਛਦਾ ਹੈ, ਬਾਬਾ ਆਦਮ ਜੀ ਦਿਲ ਦਾ ਦਰਦ ਕਿਸ ਤਰ੍ਹਾਂ ਦੱਸਦੇ ਹਨ ਅਤੇ ਇਸ ਦਰਦ ਦੀ ਦਵਾ ਕਿਥੋਂ ਅਤੇ ਕਿਸ ਤਰ੍ਹਾਂ ਪ੍ਰਾਪਤ ਹੁੰਦੀ ਹੈ ਇਸ ਪ੍ਰਸੰਗ ਵਿਚ ਕਲਮਬੰਦ ਹੈ।

### ਸਾਕਾ

ਪੁੱਛੇ ਸਿੱਖ ਗੁਰੂ ਦਾ ਕਿਉਂ ਹੌਂਕੇ ਭਰਦਾ
ਤੈਨੂੰ ਗਮ ਕਿਸ ਗੱਲ ਦਾ ਕਿਸ ਗੱਲੋਂ ਡਰਦਾ
ਇਹ ਵੀ ਜਾਪੇ ਤੂੰ ਤੇ ਭੁੱਖਾ ਨਹੀਂ ਮਰਦਾ
ਲਛਮੀ ਦੀ ਵੀ ਮਿਹਰ ਹੈ ਦੱਸੇ ਬੂਹਾ ਘਰ ਦਾ
ਲੋੜਵੰਦ ਦੀ ਪ੍ਰੇਮ ਨਾਲ ਸੇਵਾ ਵੀ ਕਰਦਾ
ਕਿਹੜੀ ਚਿੰਤਾ ਜਿਸ ਨੇ ਰੰਗ ਕੀਤਾ ਜਰਦਾ
ਕਿਹੜਾ ਬੇੜਾ ਡੁਬਿਆ ਜਿਹੜਾ ਨਹੀਂ ਤਰਦਾ
'ਸੋਮਾ' ਕੁੱਝ ਤੇ ਦੱਸ ਭਾਈ ਕਿਉਂ ਰੱਖੇਂ ਪਰਦਾ।

***

ਬਾਬਾ ਆਦਮ ਜੀ ਨੇ ਦਿਲ ਦਾ ਹਾਲ ਦੱਸਣਾ।

## ਝੋਕ

ਜੁੜ ਗਏ ਹੱਥ ਜਾਵਣ ਲੱਗਾ ਅੱਖੀਆਂ 'ਚੋਂ ਨੀਰ ਜੀ
ਕਹਿੰਦਾ ਕਈ ਮੰਨਤਾਂ ਮੰਨੀਆਂ ਪੂਜੇ ਕਈ ਪੀਰ ਜੀ
ਐਵੇਂ ਜੱਗ ਆਖੇ ਉਪਰ ਵਾਲਾ ਨਿਰਵੈਰ ਜੀ
ਮੈਨੂੰ ਨਹੀਂ ਅੱਜ ਤੱਕ ਮਿਲਿਆ ਪੁੱਤਰ ਦਾ ਖੈਰ ਜੀ
ਮੈਨੂੰ ਨਹੀਂ ਅੱਜ ਤੱਕ..................
...........................................

ਬੀਤੇ ਕਈ ਸਾਲ ਜਦੋਂ ਦਾ ਤੜਫਾਂ ਇੱਕ ਲਾਲ ਲਈ
ਫਿਰ ਫਿਰ ਕੇ ਨੰਗੇ ਪੈਰੀਂ ਦੁਨੀਆ ਹੈ ਭਾਲ ਲਈ
ਧੋ ਧੋ ਕੇ ਪੀਤੇ ਕਈਆਂ ਸਾਧਾਂ ਦੇ ਪੈਰ ਜੀ
ਮੈਨੂੰ ਨਹੀਂ ਅੱਜ ਤੱਕ..................
...........................................

ਸਿਵਿਆਂ ਵਿਚ ਜਾਕੇ ਨ੍ਹਾਤਾ ਮੱਸਿਆ ਦੀ ਰਾਤ ਨੂੰ
ਚੁਰਸਤਿਆਂ ਵਿਚ ਟੂਣੇ ਕੀਤੇ ਪਾਉਣ ਲਈ ਦਾਤ ਨੂੰ
ਐਪਰ ਨਹੀਂ ਘਰ ਵਿਚ ਆਈ ਖੁਸ਼ੀਆਂ ਦੀ ਲਹਿਰ ਜੀ
ਮੈਨੂੰ ਨਹੀਂ ਅੱਜ ਤੱਕ..................
...........................................

ਮੜ੍ਹੀਆਂ ਤੇ ਦੀਵੇ ਬਾਲੇ ਪਹਿਨੇ ਤਵੀਤ ਵੀ
ਤਨ ਮਨ ਤੇ ਧਨ ਨਾਲ ਕੀਤੀ ਪੂਰੀ ਹਰ ਰੀਤ ਵੀ
ਪੁੱਤਰ ਲਈ ਕਿਹੜਾ ਹੈ ਜੋ ਝੱਲਿਆ ਨਹੀਂ ਕਹਿਰ ਜੀ
ਮੈਨੂੰ ਨਹੀਂ ਅੱਜ ਤੱਕ..................
...........................................

ਤੁਰ ਜਾਂਗੇ ਇਥੋਂ ਔਂਤਰੇ, ਹੁਣ ਤੇ ਕੋਈ ਆਸ ਨਹੀਂ
ਮੇਰੇ ਦੁੱਖਾਂ ਦਾ 'ਸੋਮਾ' ਕਰਦਾ ਕੋਈ ਨਾਸ ਨਹੀਂ
ਦਿਲ ਤੇ ਕਰਦਾ ਮਰ ਜਾਈਏ, ਖਾ ਕੇ ਕੋਈ ਜ਼ਹਿਰ ਜੀ
ਮੈਨੂੰ ਨਹੀਂ ਅੱਜ ਤੱਕ..................
...........................................

ਭਾਈ ਹਜ਼ੂਰੀਏ ਦਾ ਬਾਬਾ ਆਦਮ ਜੀ ਨੂੰ ਸੱਚ ਦੇ ਰਾਹ ਪਾਉਣਾ।

## ਜੱਗਾ

ਸੱਚੀ ਗੱਲ ਹੈ ਪੁੱਤਾਂ ਦੇ ਦੁੱਖ ਭਾਰੀ, ਸੱਚੀ ਗੱਲ ਹੈ
ਤੇ ਦਾਰੂ ਵੀ ਹਰੇਕ ਰੋਗ ਦਾ ਝੂਰ ਨਾ, ਝੂਰ ਨਾ
ਕਿ ਤੇਰੇ ਸੁੱਤੇ ਭਾਗ ਜਾਗਣੇ ਸਮਾਂ ਦੂਰ ਨਾ..........
....................................

ਸਦਾ ਲੱਗਦਾ ਸੇਵਾ ਨੂੰ ਮੇਵਾ, ਸਦਾ ਲੱਗਦਾ
ਤੂੰ ਸੇਵਾ ਕਰੀਂ ਸੰਗਤਾਂ ਦੀ ਝੂਰ ਨਾ, ਝੂਰ ਨਾ
ਕਿ ਸੁੱਤੇ ਤੇਰੇ ਭਾਗ ਜਾਗਣੇ.............
.............................................

ਪੂਰੀ ਹੋਵੇਗੀ ਮੁਰਾਦ ਗੁਰੂ ਘਰ ਤੋਂ, ਪੂਰੀ ਹੋਵੇਗੀ
ਜਾਣੀ ਜਾਣ ਸੱਚਾ ਪਾਤਸ਼ਾਹ, ਝੂਰ ਨਾ, ਝੂਰ ਨਾ
ਕਿ ਸੁੱਤੇ ਤੇਰੇ ਭਾਗ ਜਾਗਣੇ.............
.............................................

ਰਾਮ ਦਾਸ ਜੀ ਗੁਰੂ ਕੇ ਚੱਕ ਬੈਠੇ, ਰਾਮ ਦਾਸ ਜੀ
ਜੋ ਗੱਦੀ ਗੁਰੂ ਨਾਨਕ ਦੀ, ਝੂਰ ਨਾ, ਝੂਰ ਨਾ
ਕਿ ਸੁੱਤੇ ਤੇਰੇ ਭਾਗ ਜਾਗਣੇ.............
.............................................

ਦੁੱਧ ਪੁੱਤ ਦਾ ਖਜ਼ਾਨਾ ਹੱਥ ਉਹਨਾਂ ਦੇ, ਦੁੱਧ ਪੁੱਤ ਦਾ
ਨਿਆਸਰੇ ਨੂੰ ਦੇਣ ਆਸਰਾ, ਝੂਰ ਨਾ, ਝੂਰ ਨਾ
ਕਿ ਸੁੱਤੇ ਤੇਰੇ ਭਾਗ ਜਾਗਣੇ.............
.............................................

ਰੱਖੀਂ ਸਿਦਕ ਭਰੋਸਾ ਗੁਰੂ ਘਰ ਤੇ, ਰੱਖੀਂ ਸ਼ਿਦਕ
'ਸੋਮਾ' ਘਾਲ ਥਾਏਂ ਪਏਗੀ, ਝੂਰ ਨਾ, ਝੂਰ ਨਾ
ਕਿ ਸੁੱਤੇ ਤੇਰੇ ਭਾਗ ਜਾਗਣੇ.............
................................................

***

ਬਾਬਾ ਆਦਮ ਜੀ ਪਤਨੀ ਨੂੰ ਨਾਲ ਲੈ ਕੇ ਗੁਰੂ ਕੇ ਚੱਕ ਆਕੇ ਗੁਰੂ ਘਰ ਦੀ ਸੇਵਾ ਵਿਚ ਲੱਗ ਜਾਂਦੇ ਹਨ।

**ਤਰਜ਼: ਡਿਉੜ ਛੰਦ**

ਚੱਲ ਪਿਆ ਆਦਮ ਗੁਰੂ ਦੇ ਚੱਕ ਨੂੰ, ਨਾਲ ਘਰ ਵਾਲੀ ਹੈ
ਹੋਵੇ ਸੱਚਾ ਗੁਰੂ ਅੰਬ ਲਾ ਦਏ ਅੱਕ ਨੂੰ, ਸੇਵਾ ਆ ਸੰਭਾਲੀ ਹੈ
...............................................

ਸੇਵਾ ਨੂੰ ਮੇਵਾ ਦੀ ਆਸ ਦਿਲ ਰੱਖਕੇ, ਜੰਗਲ ਨੂੰ ਜਾਂਵਦਾ
ਸਿਰ ਤੇ ਦੋ ਲੱਕੜਾਂ ਦੇ ਭਾਰੇ ਚੁੱਕਕੇ, ਨਿੱਤ ਹੈ ਲਿਆਂਵਦਾ
...............................................

ਢੋਵੇ ਲੱਕੜਾਂ ਤੇ ਨਾਲੇ ਬਾਣੀ ਪੜ੍ਹਦਾ, ਸਿੱਖ ਨਾਲ ਪਿਆਰ ਦੇ
ਇੱਕ ਭਾਰਾ ਘਰ, ਇੱਕ ਲੰਗਰ ਧਰਦਾ, ਨਾਲ ਸਤਿਕਾਰ ਦੇ
...............................................

ਰੋਟੀ ਕੱਪੜੇ ਲਈ ਕਰਦਾ ਮਜ਼ੂਰੀ ਜੀ, ਇਹੀ ਕਾਰ ਨਿੱਤ ਦੀ
ਨਾਲੇ ਨਿੱਤ ਕਰੇ ਸੰਗਤ ਜ਼ਰੂਰੀ ਜੀ, ਨਾ ਖੋਲ੍ਹੇ ਘੁੰਡੀ ਚਿੱਤ ਦੀ
...............................................

ਭਾਂਡੇ ਜੂਠੇ ਮਾਂਜੇ ਘਰ ਦੀ ਸੁਆਣੀ ਜੀ, ਜਾਗਿਆ ਪ੍ਰੇਮ ਹੈ
ਸੁਆਸ ਸੁਆਸ ਸਿਮਰਦੀ ਗੁਰਬਾਣੀ ਜੀ, ਇਹੀ ਨਿੱਤ ਨੇਮ ਹੈ
...............................................

ਦਿਲ ਵਿਚ ਸੋਚੇ ਕਿੱਡੀ ਮੈਂ ਅਭਾਗਣੀ, ਰੱਬ ਭਾਗ ਲਾਏ ਨਾ
ਸੁੱਤੀ ਤਕਦੀਰ ਖੌਰੇ ਕਦੋਂ ਜਾਗਣੀ, ਸੇਵਾ ਐਵੇਂ ਜਾਏ ਨਾ
...............................................

ਪੋਹ ਦਾ ਮਹੀਨਾ ਠੰਡੀ ਪੌਣ ਵਗਦੀ, ਲੱਗੀ ਹੋਈ ਝੜੀ ਏ
ਸੁੱਕੀ ਲੱਕੜ ਨਾ ਕਿਧਰੇ ਵੀ ਲੱਭਦੀ, ਮੁਸ਼ਕਲ ਬੜੀ ਏ
...............................................

ਸੰਗਤ ਨੂੰ ਪਾਲੇ ਨਾਲ ਦੁਖੀ ਤੱਕ ਕੇ, ਥਾਏਂ ਪਾਈ ਘਾਲ ਜੀ
ਲੱਕੜਾਂ ਦੇ ਭਾਰੇ ਘਰੋਂ ਲੈ ਆਏ ਚੁੱਕਕੇ, ਘਰ ਵਾਲੀ ਨਾਲ ਜੀ
..............................................

ਡੇਰਿਆਂ ਦੇ ਵਿਚ ਵੰਡ ਦਿੱਤੀ ਲੱਕੜੀ, ਪਰਉਪਕਾਰੀ ਨੇ
ਪ੍ਰੇਮ ਦੀ ਇਹ ਤਾਰ ਗੁਰਾਂ ਕੋਲ ਅਪੜੀ, ਜਾਂਦੇ ਬਲਿਹਾਰੀ ਨੇ
..............................................

ਸੰਗਤਾਂ ਨੇ ਦਿੱਤੀਆਂ ਅਸੀਸਾਂ ਸਭ ਨੇ, ਰੱਬ ਭਾਗ ਲਾਏਗਾ
ਪੁੰਨ ਵਾਲਾ ਕੰਮ ਸਿੱਖਾਂ ਕੀਤਾ ਅੱਜ ਜੋ, ਪੋਤਰੇ ਖਿਡਾਏਗਾ
..............................................

ਗੁਰੂ ਦੀ ਹੈ ਖੁਸ਼ੀ ਸੰਗਤਾਂ ਦੀ ਸੇਵਾ ਜੀ, 'ਸੋਮਾ' ਸੱਚੀ ਗੱਲ ਹੈ
'ਆਦਮਪੁਰੀਆ' ਸੇਵਾ ਨੂੰ ਲੱਗੇ ਮੇਵਾ ਜੀ, ਬਚਨ ਅਟੱਲ ਹੈ।

***

ਸੇਵਾ ਤੇ ਖੁਸ਼ ਹੋਕੇ ਗੁਰੂ ਰਾਮਦਾਸ ਜੀ ਬਾਬਾ ਜੀ ਨੂੰ ਕਹਿੰਦੇ ਹਨ ਕਿ ਜੋ ਮੰਗਣਾ ਹੈ ਮੰਗ ਲਓ, ਹਰ ਮੁਰਾਦ ਪੂਰੀ ਹੋਵੇਗੀ। ਬੁਢਾਪੇ ਵਲ ਦੇਖਦੇ ਹੋਏ ਬਾਬਾ ਜੀ ਪੁੱਤਰ ਦੀ ਦਾਤ ਮੰਗਣ ਤੋਂ ਸ਼ਰਮਾਂਦੇ ਹਨ ਅਤੇ ਵਾਰ ਵਾਰ ਜਾਪ ਦੀ ਦਾਤ ਹੀ ਮੰਗਦੇ ਹਨ।

## ਜੱਗਾ

ਗੁਰੂ ਜੀ: ਹੋਈ ਸੰਗਤਾਂ ਦੀ ਕ੍ਰਿਪਾ ਅਪਾਰ ਹੈ, ਗੁਰੂ ਕਿਸੇ ਚੀਜ਼ ਦੀ ਥੋੜ੍ਹ ਨਾ
ਮੰਗਣਾ ਜੋ ਮੰਗ ਸੰਗਣੇ ਦੀ ਕੋਈ ਲੋੜ ਨਾ.............
...............................................

ਆਦਮ: ਦਿੱਤਾ ਆਪ ਦਾ ਹੀ ਅੱਗੇ ਵੀ ਹਾਂ ਖਾਂਵਦੇ, ਨਾਮ ਦਾਨ ਦਿਉ ਕ੍ਰਿਪਾ ਕਰਕੇ
ਮੁਕਤੀ ਮਿਲ ਜਾਵੇ ਦਾਤਾ ਮਰਕੇ..............
...............................................

ਗੁਰੂ ਜੀ: ਹੀਰੇ ਮੋਤੀਆਂ ਦੇ ਨਾਲ ਭਰ ਝੋਲੀਆਂ, ਸੋਨੇ ਦੇ ਭੰਡਾਰ ਮੰਗ ਲੈ, ਥੋੜ੍ਹ ਨਾ
ਮੰਗਣਾ ਜੋ ਮੰਗ ਸੰਗਣੇ ਦੀ.................
...............................................

ਆਦਮ: ਬੁੱਢਾ ਹੋ ਗਿਆ ਬੀਤ ਗਈ ਆਯੂ, ਭਵਜਲ ਪਾਰ ਕਰਨਾ ਤਰਕੇ
ਮੁਕਤੀ ਮਿਲ ਜਾਵੇ ਦਾਤਾ ਮਰਕੇ.....................
...............................................

ਗੁਰੂ ਜੀ: ਸਦਾ ਹੁੰਦੀਆਂ ਅਮੀਰਾਂ ਨੂੰ ਸਲਾਮਾਂ, ਰਾਜ ਭਾਗ ਮੰਗ ਸੇਵਕਾ, ਥੋੜ੍ਹ
ਨਾ ਮੰਗਣਾ ਜੋ ਮੰਗ ਸੰਗਣੇ ਦੀ ਲੋੜ...............
...............................................

ਆਦਮ: ਰਾਜ ਭਾਗ ਤੋਂ ਸੋਹਣੀ ਸੇਵਾ ਲੱਗਦੀ, ਝੋਲੀ ਲੈ ਜਾ ਸੱਚੇ ਨਾਮ ਦੀ
ਭਰਕੇ ਮੁਕਤੀ ਮਿਲ ਜਾਵੇ ਦਾਤਾ..................
...............................................

ਗੁਰੂ ਜੀ: ਬਿਨਾਂ ਪੁੱਤਰਾਂ ਨਾ ਸੋਂਹਦੇ ਮਾਪੇ, ਚਿਰਾਗ ਹੁੰਦੇ ਖਾਨਦਾਨ ਦਾ, ਥੋੜ੍ਹ ਨਾ ਮੰਗਣਾ ਜੋ ਮੰਗ ਸੰਗਣੇ ਦੀ ਲੋੜ................

................................................

ਆਦਮ: ਸਭ ਝੂਠੀਆਂ ਨੇ ਇਹ ਵਡਿਆਈਆਂ, ਨਾਮ ਦਾਨ ਦਿਓ ਮੁੱਠੀਆਂ ਭਰਕੇ ਮੁਕਤੀ ਮਿਲ ਜਾਵੇ ਦਾਤਾ................

................................................

ਗੁਰੂ ਜੀ: ਮੰਗ ਮੰਗ ਲੈ ਜੋ ਦਿਲ ਵਿਚ ਤੇਰੇ, ਆਖਰੀ ਬਚਨ ਸੇਵਕਾ, ਥੋੜ੍ਹ ਨਾ ਮੰਗਣਾ ਜੋ ਮੰਗ ਸੰਗਣੇ ਦੀ..............

................................................

ਆਦਮ: 'ਸੋਮਾ' ਨਾਮ ਦਾ ਖਜ਼ਾਨਾ ਦਾਤਾ ਮੰਗਦਾ, ਸਿਰ ਤੇਰੇ ਚਰਨਾਂ ਤੇ ਧਰਕੇ ਮੁਕਤੀ ਦੀ ਦਾਤ ਮਿਲ ਜਾਏ..................

................................................

***

ਵਾਰ ਵਾਰ ਨਾਮ ਦੀ ਦਾਤ ਮੰਗਣ ਤੋਂ ਮੰਗਰੋਂ ਬਾਬਾ ਆਦਮ ਜੀ ਦੀ ਧਰਮ ਪਤਨੀ ਤੋਂ ਰਿਹਾ ਨਾ ਗਿਆ। ਹੱਥ ਜੋੜਕੇ ਗਲ ਵਿਚ ਪੱਲਾ ਪਾਕੇ ਮਾਤਾ ਪੁੱਤਰ ਦੀ ਦਾਤ ਮੰਗਦੀ ਹੈ।

## ਕੋਰੜਾ

ਹੱਥ ਜੋੜੇ ਮਾਈ ਗਲ ਪੱਲਾ ਪਾਏਕੇ
ਕਹਿਣ ਲੱਗੀ ਏਦਾਂ ਗੁਰੂ ਨੂੰ ਸੁਣਾਏਕੇ

ਦੱਸੀਏ ਕੀ ਤੁਸੀਂ ਦਿਲਾਂ ਦੀਆਂ ਜਾਣਦੇ
ਤੁਰ ਗਏ ਜਹਾਨੋਂ ਬਹੁਤੇ ਸਾਡੇ ਹਾਣਦੇ

ਹੋਰ ਨਾ ਤਮੰਨਾ ਹੁਣ ਜਿੰਦੇ ਰਹਿਣ ਲਈ
ਪਰ ਅਸੀਂ ਜਿੰਦੇ ਹਾਂ ਤਸੀਹੇ ਸਹਿਣ ਲਈ

ਮੱਲਿਆ ਤੁਸਾਂ ਦਾ ਦਰ ਖਾਕੇ ਠੋਕਰਾਂ
ਕਰਦੇ ਸ਼ਰੀਕ ਸਾਨੂੰ ਨਿੱਤ ਚੋਕਰਾਂ

ਬਾਂਝ ਦੇ ਉਹ ਪ੍ਰਛਾਵੇਂ ਤੋਂ ਵੀ ਡਰਦੇ
ਨਾਲੇ ਕਹਿਣ ਪਾਪੀ ਔਂਤਰੇ ਹੀ ਮਰਦੇ

ਸੁਣਿਆ ਸੀ ਜੈਸਾ ਗੁਰੂ ਤੈਸਾ ਡਿੱਠਾ ਮੈਂ
ਚੱਖਿਆ ਨਹੀਂ ਪੁੱਤ ਵਾਲਾ ਮੇਵਾ ਮਿੱਠਾ ਮੈਂ

ਤੁਸੀਂ ਹੋ ਨਿਮਾਣਿਆਂ ਦੇ ਮਾਣ ਗੁਰੂ ਜੀ
ਤੁਸੀਂ ਹੋ ਨਿਤਾਣਿਆਂ ਦੇ ਤਾਣ ਗੁਰੂ ਜੀ

ਪੁੱਤਰ ਦੀ ਕਮੀ ਸੱਪਾਂ ਵਾਂਗ ਡੰਗਦੀ
ਇੱਕ ਪੁੱਤ ਦੀ ਹਾਂ ਬੱਸ ਖੈਰ ਮੰਗਦੀ।

ਕਰ ਮਿਹਰ ਮੈਨੂੰ ਪਾਪਣ ਨੂੰ ਤਾਰਦੇ
ਸੁੰਨੀ ਮੇਰੀ ਗੋਦ ਦਾਤਿਆ ਸ਼ਿੰਗਾਰਦੇ

ਪੁੱਤਰ ਦਾ ਖੈਰ ਪਾ ਦੇ ਖਾਲੀ ਝੋਲ ਹੈ
ਪੁੱਤ ਵਾਲੀ ਦਾਤ ਗੁਰੂ ਘਰ ਕੋਲ ਹੈ

ਟੁੱਟਾ ਹੋਇਆ ਦਿਲ ਦਾਤਾ ਹੋਰ ਤੋੜੀਂ ਨਾ
ਵਾਸਤਾ ਨਿਮਾਣੀ ਦਾ ਹੈ ਖਾਲ੍ਹੀ ਮੋੜੀਂ ਨਾ

ਪਾਪੀ ਅਸੀਂ ਦਾਤਾ ਬਖਸ਼ਣਹਾਰ ਤੂੰ
ਧੂੜੀ ਚਰਨਾਂ ਦੀ ਦੇ ਦੇ ਗੁਨਾਹਗਾਰ ਨੂੰ

'ਸੋਮਾ' ਹੈ ਗਰੀਬ ਦਾਤਾ ਮਿਹਰ ਕਰਦੇ
ਸੱਖਣੀ ਹੈ ਝੋਲੀ ਪਾ ਕੇ ਲਾਲ ਭਰਦੇ।

***

ਸੇਵਾ ਤੋਂ ਖੁਸ਼ ਹੋਕੇ ਗੁਰੂ ਰਾਮਦਾਸ ਜੀ ਆਪਣੀ ਕਿਸਮਤ ਦਾ ਪੁੱਤਰ ਮਾਈ ਦੀ ਝੋਲੀ ਪਾ ਕੇ ਵਰਦਾਨ ਦਿੰਦੇ ਹਨ ਕਿ ਤੇਰੇ ਘਰ ਪੁੱਤਰ ਪੈਦਾ ਹੋਵੇਗਾ ਅਤੇ ਉਸਦਾ ਨਾਮ ਅੱਜ ਹੀ ਰੱਖ ਦਿੰਦੇ ਹਾਂ। ਉਸ ਦਾ ਨਾਮ ਭਗਤੂ ਹੋਵੇਗਾ।

**ਤਰਜ਼:-ਦੋ ਊਠਾਂ ਵਾਲੇ ਨੀ**

ਗੁਰੂ ਜੀ: ਪੁੱਤ ਤੇਰੀ ਕਿਸਮਤ ਦਾ, ਰੱਬ ਨੇ ਲਿਖਿਆ ਨਹੀਂ ਕੋਈ ਮਾਈ
..............................................

ਮਾਈ: ਫਿਰ ਕਿਹੜੀ ਗੱਲੋਂ ਸੀ, ਮੰਗ ਲਓ ਮੰਗ ਲਓ ਕੀ ਰੱਟ ਲਾਈ
..............................................

ਗੁਰੂ ਜੀ: ਫਲ ਪਿਛਲੇ ਕਰਮਾਂ ਦਾ, ਹੈ ਇਸ ਜਨਮ ਭੋਗਣਾ ਪੈਂਦਾ
ਜੋ ਬੀਜਿਆ ਵੱਢਣਾ ਹੈ, ਦਿੱਤਾ ਜੋ ਹਰ ਕੋਈ ਉਹ ਲੈਂਦਾ
ਇਹ ਨਿਯਮ ਹੈ ਕਰਤੇ ਦਾ, ਇਸ ਵਿਚ ਨਾ ਚੱਲਦੀ ਚਤਰਾਈ
ਪੁੱਤ ਤੇਰੀ ਕਿਸਮਤ ਦਾ...................
..............................................

ਮਾਈ: ਤੇਰੇ ਦਰ ਤੋਂ ਲੈ ਜਾਂਦੇ, ਮੁਰਾਦਾਂ ਲੋਕੀਂ ਝੋਲੀਆਂ ਭਰਕੇ
ਸੁਣਿਆ ਹੈ ਬਦਲ ਜਾਂਦੀ, ਮਾੜੀ ਕਿਸਮਤ ਸੇਵਾ ਕਰਕੇ
ਸੇਵਾ ਨੂੰ ਮੇਵੇ ਦੀ, ਗੁਰੂ ਨਾਨਕ ਨੇ ਰੀਤ ਚਲਾਈ
ਫਿਰ ਕਿਹੜੀ ਗੱਲੋਂ ਜੀ...................
..............................................

ਗੁਰੂ ਜੀ: ਬੜੀ ਸਿਆਣੀ ਏਂ, ਜੋ ਗੁਰੂ ਨਾਨਕ ਯਾਦ ਕਰਾਇਆ
ਪੁੱਤ ਆਪਣੇ ਕਰਮਾਂ ਦਾ, ਮਾਈ ਜਾਹ ਤੇਰੀ ਝੋਲੀ ਪਾਇਆ
'ਸੋਮਾ ਆਦਮਪੁਰੀਆ', ਉਸਦਾ ਨਾਮ ਹੋਊ ਭਗਤੂ ਭਾਈ
ਪੁੱਤ ਤੇਰੀ ਕਿਸਮਤ ਦਾ...................
..............................................

ਮਾਈ: ਧੰਨ ਧੰਨ ਗੁਰੂ ਨਾਨਕ ਜੀ, ਤਾਹੀਓਂ ਜੱਸ ਗਾਉਂਦੀ ਤੇਰਾ ਲੁਕਾਈ
ਗੁਰੂ ਜੀ: 'ਸੋਮਾ ਆਦਮਪੁਰੀਆ' ਉਸਦਾ ਨਾਮ ਹੋਊ ਭਗਤੂ ਭਾਈ
ਮਾਈ: ਧੰਨ ਧੰਨ ਰਾਮ ਦਾਸ ਗੁਰੂ, ਤਾਂਹੀਓਂ ਜੱਸ ਗਾਉਂਦੀ ਤੇਰਾ ਲੁਕਾਈ

***

# ਪ੍ਰਸੰਗ: ਬੀਬੀ ਰਜਨੀ ਅਤੇ ਕੋਹੜੀ ਪਿੰਗਲੇ ਦਾ

ਪੱਟੀ ਨਗਰ ਦੇ ਰਹਿਣ ਵਾਲਾ ਦੁਨੀ ਚੰਦ ਇੱਕ ਬਹੁਤ ਵੱਡਾ ਜਗੀਰਦਾਰ ਸੀ। ਉਸ ਦੇ ਕੋਲ ਬੇਸ਼ੁਮਾਰ ਦੌਲਤ ਦੇ ਭੰਡਾਰ ਸਨ, ਦੌਲਤ ਨੇ ਉਸ ਦੀ ਮੱਤ ਮਾਰ ਦਿੱਤੀ ਸੀ। ਉਹ ਰੱਬ ਨੂੰ ਭੁੱਲ ਚੁੱਕਾ ਸੀ ਅਤੇ ਆਪਣੇ ਆਪ ਨੂੰ ਹੀ ਸਭ ਦਾ ਅੰਨਦਾਤਾ ਅਖਵਾਉਣ ਲੱਗ ਪਿਆ। ਉਸਦੇ ਹੁਕਮ ਬਿਨਾਂ ਪੱਤਾ ਵੀ ਨਹੀਂ ਸੀ ਝੂੱਲਦਾ। ਸਾਰੇ ਪੱਟੀ ਵਾਸੀ ਉਸ ਦੀ ਹਾਂ ਵਿਚ ਹਾਂ ਮਿਲਾਉਣ ਵਿਚ ਹੀ ਆਪਣਾ ਭਲਾ ਸਮਝਣ ਲੱਗ ਪਏ। ਉਸ ਦੇ ਘਰ ਪੁੱਤਰ ਨਹੀਂ ਸੀ ਪੁੱਤਰੀਆਂ ਹੀ ਸਨ। ਉਹ ਵੀ ਆਪਣੇ ਪਿਤਾ ਦੇ ਹੁਕਮ ਅਨੁਸਾਰ ਉਸ ਨੂੰ ਭਗਵਾਨ ਹੀ ਮੰਨਦੀਆਂ ਸਨ। ਦੁਨੀ ਚੰਦ ਹਰਨਾਕਸ਼ ਦਾ ਰੂਪ ਹੀ ਧਾਰਨ ਕਰ ਚੁੱਕਾ ਸੀ। ਪ੍ਰਮਾਤਮਾ ਨੇ ਉਸ ਦੇ ਘਰ ਇੱਕ ਪੁੱਤਰੀ ਦਿੱਤੀ ਜਿਸ ਦਾ ਨਾਮ ਰਜਨੀ ਸੀ। ਰਜਨੀ ਪਿਤਾ ਤੋਂ ਚੋਰੀ ਸਤਸੰਗ ਕਰਦੀ ਅਤੇ ਪ੍ਰਮਾਤਮਾ ਨਾਲ ਪ੍ਰੇਮ ਕਰਨ ਲੱਗ ਪਈ। ਉਹ ਕਹਿੰਦੀ ਸੀ ਕਿ ਜੋ ਵੀ ਦਿੰਦਾ ਹੈ ਇਹ ਪ੍ਰਮਾਤਮਾ ਦੀ ਬਖਸ਼ਿਸ਼ ਹੈ। ਸਭ ਕੁੱਝ ਪ੍ਰਮਾਤਮਾ ਦੇ ਹੱਥ ਵਸ ਹੈ, ਬੰਦੇ ਦੇ ਆਪਣੇ ਹੱਥ ਕੁੱਝ ਨਹੀਂ ਹੈ। ਇਹ ਸਭ ਸੁਣਕੇ ਦੁਨੀ ਚੰਦ ਨੂੰ ਬਹੁਤ ਗੁੱਸਾ ਆਇਆ ਕਿ ਮੇਰਾ ਖਾ ਕੇ ਵੀ ਗੁਣ ਪ੍ਰਭੂ ਦੇ ਗਾਉਂਦੀ ਹੈ, ਇਸ ਤਰ੍ਹਾਂ ਤਾਂ ਹੋਰ ਨਗਰ ਨਿਵਾਸੀ ਵੀ ਬਿਗੜ ਜਾਣਗੇ, ਉਸ ਨੇ ਰਜਨੀ ਨੂੰ ਬਹੁਤ ਡਰਾਇਆ ਧਮਕਾਇਆ। ਪਰ ਪ੍ਰਭੂ ਰੰਗ ਵਿਚ ਰੰਗੀ ਰਜਨੀ ਦਾ ਪ੍ਰਮਾਤਮਾ ਤੋਂ ਵਿਸ਼ਵਾਸ ਨਾ ਡੋਲਿਆ, ਕਿਵੇਂ ਦੁਨੀ ਚੰਦ ਗੁੱਸੇ ਵਿਚ ਆਕੇ ਰਜਨੀ ਨੂੰ ਕੋਹੜੀ ਪਿੰਗਲੇ ਨਾਲ ਵਿਆਹ ਕੇ ਘਰੋਂ ਕੱਢਦਾ ਹੈ, ਕਿਵੇਂ ਰਜਨੀ ਪਤੀ ਦੀ ਸੇਵਾ ਕਰਦੀ ਹੈ, ਕਿਵੇ ਕੋਹੜੀ ਪਿੰਗਲਾ ਤੰਦਰੁਸਤ ਹੁੰਦਾ ਅਤੇ ਦੋਨੋਂ ਪਤੀ ਪਤਨੀ ਗੁਰੂ ਰਾਮਦਾਸ ਜੀ ਦੀ ਸ਼ਰਨ ਵਿਚ ਆਉਂਦੇ ਹਨ। ਵਾਹਿਗੁਰੂ ਤੇ ਪੂਰਨ ਭਰੋਸੇ ਦੀ ਸਾਖੀ ਇਸ ਪ੍ਰਸੰਗ ਵਿਚ ਵਿਸਥਾਰ ਨਾਲ ਦਰਜ ਹੈ।

## ਵਾਰ

ਪੱਟੀ ਨਗਰ ਦੇ ਵਿਚ ਸੀ ਵਸਦਾ, ਦੁਨੀ ਚੰਦ ਜਗੀਰਦਾਰ
ਉਹਦੇ ਘਰ ਵਿਚ ਧੀਆਂ ਪੰਜ ਸਨ, ਤੇ ਦੌਲਤ ਬੇਸ਼ੁਮਾਰ
ਉਹਨੇ ਦਿਲੋਂ ਭੁਲਾਇਆ ਰੱਬ ਨੂੰ, ਸੀ ਪੈਸੇ ਦਾ ਹੰਕਾਰ
ਕਹਿੰਦਾ ਮੈਂ ਜੋ ਚਾਹਵਾਂ ਕਰ ਦਿਆਂ, ਜਿਹਨੂੰ ਚਾਹਵਾਂ ਦੇਵਾਂ ਮਾਰ
ਇਹ ਜੋ ਪੌਣ ਪਈ ਹੈ ਵਗਦੀ, ਨਹੀਂ ਹੁਕਮ ਮੇਰੇ ਤੋਂ ਬਾਹਰ
ਪੰਛੀ ਉਡਦੇ ਨੇ ਜੋ ਅੰਬਰੀਂ, ਸੈਨਤ ਦੇ ਨਾਲ ਲਵਾਂ ਉਤਾਰ
ਅੱਲਾ ਰਾਮ ਵਾਹਿਗੁਰ ਮੈਂ ਹਾਂ, ਆਦਮਪੁਰੀਆ ਪ੍ਰਵਰਦਗਾਰ
'ਸੋਮਾ' ਮੇਰਾ ਦਿੱਤਾ ਖਾਂਵਦੇ, ਜੋ ਵੀ ਪੱਟੀ ਦੇ ਨਰ ਨਾਰ

***

ਬੀਬੀ ਰਜਨੀ ਨੇਕ ਦਿਲ ਸਤਸੰਗ ਕਰਨ ਵਾਲੀ ਸੀ ਜੋ ਵਾਹਿਗੁਰੂ ਨੂੰ ਹੀ ਦਾਤਾ ਮੰਨਦੀ ਸੀ। ਇਹ ਸਭ ਦੁਨੀ ਚੰਦ ਨੂੰ ਚੁੱਭਦਾ ਸੀ। ਤੰਗ ਆਕੇ ਧਮਕੀਆਂ ਦੇਣ ਲੱਗ ਪਿਆ।

ਦੁਨੀ ਚੰਦ: ਸਤਸੰਗ ਨੇ ਕੂੜ ਦੀਆਂ ਹੱਟੀਆਂ, ਸਤਸੰਗ ਨੇ
ਸਤਸੰਗ ਨੇ ਕੂੜ ਦੀਆਂ ਹੱਟੀਆਂ, ਮੇਰਾ ਦਿੱਤਾ ਤੂੰ ਖਾਂਵਦੀ, ਬੱਚੀਏ
ਬੱਚੀਏ, ਰੱਬ ਰੁੱਬ ਕੋਈ ਨਹੀਂ ਅਕਲ ਦੀਏ ਕੱਚੀਏ
..............................................

ਰਜਨੀ: ਦਾਤਾ ਸਭ ਦਾ ਵਾਹਿਗੁਰੂ ਮੇਰਾ, ਦਾਤਾ ਸਭ ਦਾ
ਦਾਤਾ ਸਭ ਦਾ ਵਾਹਿਗੁਰੂ ਮੇਰਾ, ਉਹਦਾ ਦਿੱਤਾ ਸਭ ਖਾਂਵਦੇ ਜੱਗ ਤੇ
ਜੱਗ ਤੇ, ਤਰ ਜਾਂਦਾ ਉਹੀ ਹੈ ਭਰੋਸਾ ਜਿਹਨੂੰ ਰੱਬ ਤੇ
..............................................

ਦੁਨੀ ਚੰਦ: ਖਾਣ ਪੀਣ ਨੂੰ ਦਿਆਂ ਮੈਂ ਤੈਨੂੰ, ਖਾਣ ਪੀਣ ਲਈ
ਖਾਣ ਪੀਣ ਲਈ ਦਿਆਂ ਮੈਂ ਤੈਨੂੰ, ਤੇ ਪਾਉਣ ਲਈ ਦਿਆਂ ਕੱਪੜੇ,
ਬੱਚੀਏ ਬੱਚੀਏ ਰੱਬ ਰੁੱਬ ਕੋਈ ਨਹੀਂ.................................
..............................................

ਰਜਨੀ: ਦਾਣੇ ਦਾਣੇ ਤੇ ਮੋਹਰ ਹੈ ਲਾਈ, ਦਾਣੇ ਦਾਣੇ ਤੇ
ਦਾਣੇ ਦਾਣੇ ਤੇ ਮੋਹਰ ਹੈ ਲਾਈ, ਜਿਹਨੇ ਪੈਦਾ ਕੀਤਾ ਜੀਵ ਨੂੰ, ਜੱਗ
ਤੇ ਜੱਗ ਤੇ, ਤਰ ਜਾਂਦਾ ਉਹੀ ਹੈ ਭਰੋਸਾ...........
..............................................

ਦੁਨੀ ਚੰਦ: ਭੋਰਾ ਡਰ ਨਾ ਤੈਨੂੰ ਕੋਈ ਮੇਰਾ, ਭੋਰਾ ਡਰ ਨਾ
ਭੋਰਾ ਡਰ ਨਾ ਤੈਨੂੰ ਕੋਈ ਮੇਰਾ, ਮਾਰ ਦਿਆਂ ਗਲਾ ਘੁੱਟਕੇ, ਬੱਚੀਏ
ਬੱਚੀਏ, ਰੱਬ ਰੁੱਬ ਕੋਈ ਨਹੀਂ.....................
..............................................

ਰਜਨੀ: ਪੱਤਾ ਝੁੱਲੇ ਨਾ ਹੁਕਮ ਬਿਨ ਉਹਦੇ, ਪੱਤਾ ਝੁੱਲੇ ਨਾ
ਪੱਤਾ ਝੁੱਲੇ ਨਾ ਹੁਕਮ ਬਿਨ ਉਹਦੇ, ਹੋਣਾ ਹੈ ਜੋ ਉਹਨੂੰ ਭਾਂਵਦਾ, ਜੱਗ
ਤੇ ਜੱਗ ਤੇ, ਤਰ ਜਾਂਦਾ ਉਹੀ ਹੈ ਭਰੋਸਾ............
.................................................

ਦੂਨੀ ਚੰਦ: ਕੋਹੜੀ ਪਿੰਗਲੇ ਦੇ ਲੜ ਤੈਨੂੰ ਲਾਕੇ, ਕੋਹੜੀ ਪਿੰਗਲੇ
ਕੋਹੜੀ ਪਿੰਗਲੇ ਦੇ ਲੜ ਤੈਨੂੰ ਲਾਕੇ, ਫੇਰ ਦੇਖੂੰ ਤੇਰੀ ਸ਼ਰਧਾ, ਬੱਚੀਏ
ਬੱਚੀਏ, ਰੱਬ ਰੁੱਬ ਕੋਈ ਨਹੀਂ................
.................................................

ਰਜਨੀ: ਇੱਕ ਨੂਰ ਤੇ ਪੈਦਾ ਸਭ ਹੋਏ, ਇੱਕ ਨੂਰ ਤੋਂ
ਇੱਕ ਨੂਰ ਤੋਂ ਪੈਦਾ ਸਭ ਹੋਏ, ਮੰਦਾ ਚੰਗਾ 'ਸੋਮਾ' ਕੋਈ ਨਹੀਂ ਜੱਗ ਤੇ
ਜੱਗ ਤੇ, ਤਰ ਜਾਂਦਾ ਉਹੀ ਹੈ ਭਰੋਸਾ..............
.................................................

***

ਹੰਕਾਰੀ ਦੁਨੀ ਚੰਦ ਨੇ ਬੀਬੀ ਰਜਨੀ ਦਾ ਵਿਆਹ ਇੱਕ ਕੋਹੜੀ ਪਿੰਗਲੇ ਨਾਲ ਕਰਕੇ ਉਸ ਨੂੰ ਘਰੋਂ ਕੱਢ ਦਿੱਤਾ।

## ਬੈਂਤ

ਹਠ ਦੇਖਕੇ ਦੁਨੀ ਚੰਦ ਖੱਤਰੀ ਨੇ, ਕੋਹੜੀ ਪਿੰਗਲਾ ਲਿਆ ਮੰਗਵਾ ਭਾਈ
ਮੰਨੀ ਇੱਕ ਨਾ ਧੀਆਂ ਅਤੇ ਪਤਨੀ ਦੀ, ਦਿੱਤੀ ਪਿੰਗਲੇ ਦੇ ਲੜ ਲਾ ਭਾਈ..............
ਖਾਂਦੀ ਪੀਂਦੀ ਵੀ ਉਤੇ ਨੂੰ ਥੁੱਕਦੀ ਤੂੰ, ਦਰ ਦਰ ਤੇ ਠੋਕਰਾਂ ਖਾ ਭਾਈ
ਚੁੱਕ ਇਹਨੂੰ ਤੇ ਅੱਖਾਂ ਤੋਂ ਦੂਰ ਹੋ ਜਾ, ਜਿੱਥੇ ਦਿਲ ਕਰਦਾ ਉਥੇ ਜਾਹ ਭਾਈ..............
ਭਾਣਾ ਮੰਨ ਕੇ ਮਿੱਠਾ ਫਿਰ ਰਜਨੀ ਨੇ, ਕਿਹਾ ਸ਼ੁਕਰ ਹੈ ਤੇਰਾ ਖੁਦਾ ਭਾਈ
ਪਤੀ, ਰੂਪ-ਪ੍ਰਮੇਸ਼ਰ ਜਾਣ ਕੇ ਤੇ, ਲਿਆ ਵਿਚ ਪਟਾਰੀ ਦੇ ਪਾ ਭਾਈ
ਪਿੰਡਾਂ ਵਿਚ ਉਹ ਰੋਟੀਆਂ ਫਿਰੇ ਮੰਗਦੀ, ਪਿੱਛੋਂ ਆਪ ਖਾਵੇ, ਪਹਿਲੋਂ ਖੁਆ ਭਾਈ..........
'ਸੋਮਾ ਆਦਮਪੁਰੀਆ' ਗੱਲ ਕੀ ਜੀ, ਤਨ ਮਨ ਨਾਲ ਸੇਵਾ ਰਹੀ ਕਮਾ ਭਾਈ...............

***

ਬੀਬੀ ਰਜਨੀ ਜੰਗਲ ਵਿਚ ਟੋਕਰਾ ਰੱਖ ਕੇ ਪਿੰਡਾਂ ਵਿਚੋਂ ਰੋਟੀਆਂ ਮੰਗ ਕੇ ਲਿਆਉਂਦੀ ਹੈ। ਪਤੀ ਦੀ ਸੇਵਾ ਪ੍ਰਮੇਸ਼ਰ ਰੂਪ ਜਾਣਕੇ ਕਰਦੀ ਹੈ।

## ਕਲੀ

ਤੱਕਿਆ ਧਰਮ ਜਦੋਂ ਪਤੀਵਰਤਾ ਬੀਬੀ ਰਜਨੀ ਦਾ
ਹੋਕੇ ਖੁਸ਼ ਰੱਬ ਨੇ ਹੈ ਦੇਖੋ ਖੇਡ ਰਚਾਇਆ
...............................................

ਰਜਨੀ ਰੱਖ ਪਟਾਰੀ ਲੈਣ ਗਈ ਜਦ ਰੋਟੀਆਂ
ਕਾਲਾ ਕਊਆ ਉਡਦਾ ਛਪੜੀ ਦੇ ਕੋਲ ਆਇਆ
...............................................

ਉਹਦਾ ਰੰਗ ਪਲਾਂ ਵਿਚ ਚਿੱਟਾ ਹੋ ਗਿਆ ਕਾਲੇ ਤੋਂ
ਚੁੱਭਾ ਜਦੋਂ ਉਸ ਨੇ ਪਾਣੀ ਦੇ ਵਿਚ ਲਾਇਆ
...............................................

ਡਿੱਠਾ ਕੌਤਕ ਜਦੋਂ ਅਜੀਬ, ਇਹ ਪਿੰਗਲੇ ਕੋਹੜੀ ਨੇ
ਰੁੜ੍ਹਦਾ ਰੁੜ੍ਹਦਾ ਉਹ ਵੀ ਛਪੜੀ ਲਾਗੇ ਆਇਆ
...............................................

ਹੰਭਲਾ ਮਾਰਕੇ ਉਹ ਵੀ ਲੁੜਕ ਗਿਆ ਵਿਚ ਪਾਣੀ ਦੇ
ਕੰਚਨ ਵਰਗਾ ਹੋ ਗਿਆ ਉਹ ਜਦੋਂ ਨਹਾਇਆ
...............................................

ਦੇਖੀ ਜਦੋਂ ਨਿਆਰੀ ਲੀਲਾ ਉਸ ਨਿਰੰਕਾਰ ਦੀ
'ਸੋਮਾ ਆਦਮਪੁਰੀਆ' ਉਹਨੇ ਸ਼ੁਕਰ ਮਨਾਇਆ।

***

ਇੱਕ ਦਿਨ ਜਦੋਂ ਬੀਬੀ ਰਜਨੀ ਵਾਪਸ ਆਈ ਤਾਂ ਪਿੰਗਲੇ ਦੀ ਜਗ੍ਹਾ ਖੂਬਸੂਰਤ ਨੌਜਵਾਨ ਦੇਖਕੇ ਹੈਰਾਨ ਹੋ ਗਈ ਅਤੇ ਇਸ ਤਰ੍ਹਾਂ ਉਸ ਗੱਭਰੂ ਨਾਲ ਸਵਾਲ-ਜਵਾਬ ਕਰਦੀ ਹੈ। ਅੰਤ ਵਿਚ ਦੋਨੋਂ ਗੁਰੂ ਘਰ ਦੀ ਸੇਵਾ ਵਿਚ ਲੱਗ ਜਾਦੇ ਹਨ।

## ਕਬਿੱਤ

ਰਜਨੀ: ਤੂੰ ਕੌਣ ਬੈਠਾ ਇੱਥੇ, ਪਤੀ ਮੇਰਾ ਗਿਆ ਕਿੱਥੇ
ਕਿੱਥੇ ਉਹਨੂੰ ਸੁੱਟਿਆ ਹੈ, ਪਾਪੀਆ ਤੂੰ ਮਾਰਕੇ
..................................................

ਪਿੰਗਲਾ: ਤੇਰੀ ਸੱਚੀ ਸੁੱਚੀ ਸੇਵਾ, ਤਾਈਂ ਲੱਗ ਗਿਆ ਮੇਵਾ
ਗੱਲ ਸੁਣ ਮੇਰੀ ਜ਼ਰਾ, ਗਠੜੀ ਉਤਾਰਕੇ
..................................................

ਰਜਨੀ: ਦਿਲ ਵਿਚ ਖੋਟ ਤੇਰੇ, ਦੱਸਦੇ ਨੇ ਹੋਂਠ ਤੇਰੇ
ਹੇਰਾ ਫੇਰੀ ਵਾਲੀ ਹੰਸੀ, ਜਿਹਨਾਂ ਉਤੇ ਆਈ ਹੈ
..................................................

ਪਿੰਗਲਾ: ਕਰ ਤੂੰ ਯਕੀਨ ਮੇਰਾ, ਪਤੀ ਹਾਂ ਮੈਂ ਉਹੀ ਤੇਰਾ
ਤੇਰੀ ਪਤੀਵਰਤਾ ਹੀ ਰੰਗ ਇਹ ਲਿਆਈ ਹੈ
..................................................

ਰਜਨੀ: ਕੋਈ ਬੇਈਮਾਨ ਏਂ ਤੂੰ, ਜਾਪਦਾ ਸ਼ੈਤਾਨ ਏਂ ਤੂੰ
ਧੋਖੇਬਾਜ਼ਾ ਮੇਰਾ ਤੂੰ ਸੁਹਾਗ ਅੱਜ ਲੁੱਟਿਆ
..................................................

ਪਿੰਗਲ: ਸੁਣ ਤੇ ਸਹੀ ਗੱਲ ਮੇਰੀ, ਧੰਨ ਭਗਤੀ ਹੈ ਤੇਰੀ
ਤੇਰੇ ਭਾਗਾਂ ਨੂੰ ਹੀ ਦਾਤਾ, ਮੇਰੇ ਤੇਂ ਤੁੱਠਿਆ
..................................................

ਰਜਨੀ: ਵਲ ਛਲ ਕਰਦਾ ਤੂੰ, ਰੱਬ ਤੋਂ ਨਾ ਡਰਦਾ ਤੂੰ
ਝੂਠਿਆ ਫਰੇਬੀਆ ਵੇ, ਦਿਲ ਤੇਰਾ ਕਾਲਾ ਏ
..................................................

ਪਿੰਗਲਾ: ਦੱਸਦਾ ਕਹਾਣੀ ਤੈਨੂੰ, ਸੱਚ ਕਰ ਜਾਣੀ ਇਹਨੂੰ
ਆਹ ਛਪੜੀ ਦਾ ਪਾਣੀ, ਕਰਾਮਾਤ ਵਾਲਾ ਏ
...............................................

ਰਜਨੀ: ਆਵੇ ਨਾ ਯਕੀਨ ਮੈਨੂੰ, ਦੇਖਕੇ ਹੁਸੀਨ ਤੈਨੂੰ
ਤੇਰੇ ਕੋਲ ਕਿਹੜਾ ਅਲਾਦੀਨ ਦਾ ਚਿਰਾਗ ਏ
...............................................

ਪਿੰਗਲਾ: ਪਾਣੀ 'ਚ ਮੈਂ ਚੁੱਭੀ ਮਾਰੀ, ਦੂਰ ਹੋ ਗਈ ਬਿਮਾਰੀ
ਰੱਖਿਆ ਨਿਸ਼ਾਨੀ ਤਾਹੀਓਂ ਉਂਗਲੀ ਤੇ ਦਾਗ ਏ
...............................................

ਰਜਨੀ: ਸੱਚੀ ਗੱਲ ਦੱਸ ਮੈਨੂੰ, ਪਤਾ ਕਿਵੇਂ ਲੱਗਾ ਤੈਨੂੰ
ਇੱਥੇ ਭਲਾ ਆਇਆ ਕਿਵੇਂ, ਦੂਰ ਪਈ ਪਟਾਰੀ ਸੀ
...............................................

ਪਿੰਗਲਾ: ਕਾਲੇ ਕਊਏ ਆਂਵਦੇ ਸੀ, ਚਿੱਟੇ ਹੋਕੇ ਜਾਂਵਦੇ ਸੀ
ਤੱਕ ਰੰਗ ਦਾਤੇ ਦੇ ਹਿੰਮਤ ਮੈਂ ਵੀ ਮਾਰੀ ਸੀ
...............................................

ਰਜਨੀ: ਝੂਠੀਆਂ ਕਹਾਣੀਆਂ ਤੂੰ, ਸਿੱਖੀਆਂ ਬਣਾਣੀਆਂ ਤੂੰ
ਜਾਕੇ ਗੁਰਾਂ ਕੋਲ ਹੀ ਨਿਤਾਰਾ ਇਹਦਾ ਹੋਣਾ ਏਂ
...............................................

ਗੁਰੂ ਰਾਮ ਦਾਸ ਜੀ:
ਗੁਰੂ ਰਾਮਦਾਸ ਹੱਸੇ, 'ਸੋਮਾ' ਸਾਰੇ ਭੇਤ ਦੱਸੇ
ਕਹਿਣ ਲੱਗੇ ਇਹੀ ਤੇਰਾ ਅਸਲੀ ਪ੍ਰਾਹੁਣਾ ਏਂ।

***

# ਪ੍ਰਸੰਗ: ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ

ਇਸ ਪਵਿੱਤਰ ਅਸਥਾਨ ਦਾ ਪਿਛੋਕੜ, ਸਰੋਵਰ ਦੀ ਖੁਦਾਈ, ਹਰਿਮੰਦਰ ਸਾਹਿਬ ਦੀ ਉਸਾਰੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਇਹ ਸਭ ਕੁੱਝ ਇਤਿਹਾਸ ਦੀ ਕਸਵੱਟੀ ਤੇ ਪਰਖਿਆ ਹੋਇਆ ਇਸ ਪ੍ਰਸੰਗ ਵਿਚ ਦਰਜ ਹੈ, ਸਤਿਗੁਰਾਂ ਦੀ ਬਖਸ਼ਿਸ਼ ਨਾਲ ਲੱਖਾਂ ਪ੍ਰਾਣੀ ਹਰ ਰੋਜ਼ ਆਕੇ ਆਪਣਾ ਜੀਵਨ ਸਫਲ ਕਰਦੇ ਹਨ, ਦੁਨੀਆ ਦੇ ਹਰ ਕੋਨੇ ਵਿਚ ਬੈਠਾ ਹਰ ਪ੍ਰਾਣੀ ਇੱਥੇ ਆਕੇ ਸੇਵਾ ਕਰਕੇ, ਕੀਰਤਨ ਸਰਵਣ ਕਰਕੇ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹੈ।

## ਬੈਂਤ

ਸ਼ਹਿਰ ਅਯੁਧਿਆ ਦੇ ਪਹਿਲੇ ਰਾਜੇ ਇਖ੍ਵਾਕੂ ਨੇ
ਸਤਿਯੁੱਗ ਵਿਚ ਸੀ ਇੱਥੇ ਭਾਰੀ ਯੱਗ ਰਚਾਇਆ
ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਇੰਦਰ ਸਾਰੇ ਦੇਵਤਿਆਂ
ਇਸ ਅਸਥਾਨ ਤਾਈਂ ਸੀ ਆਕੇ ਭਾਗ ਲਗਾਇਆ
ਰਿਖੀ ਮੁਨੀ ਸਭ ਆਏ ਰਲਕੇ ਸਾਰੇ ਸੰਤ ਜਨਾਂ
ਰਾਜੇ ਇਖਵਾਕੂ ਦਾ ਇਹ ਯੱਗ ਸਫਲ ਬਣਾਇਆ
ਯੱਗ ਸੰਪੂਰਨ ਹੋਇਆ ਤਾਂ ਸ਼ਰਧਾ ਨਾਲ ਰਾਜੇ ਨੇ
ਦੇਕੇ ਯਥਾ ਯੋਗ ਉਪਹਾਰ ਸਭ ਨੂੰ ਵਡਿਆਇਆ
ਤੱਕ ਕੇ ਸ਼ਰਧਾ ਅਤੇ ਪ੍ਰੇਮ ਰਾਜੇ ਦਾ ਵਿਸ਼ਨੂੰ ਨੇ
ਹੋਕੇ ਖੁਸ਼ ਵਰ ਇੱਕ ਸੀ ਮੰਗਣ ਲਈ ਫੁਰਮਾਇਆ
ਅੱਗੋਂ ਹੱਥ ਜੋੜਕੇ ਕੀਤੀ ਰਾਜੇ ਬੇਨਤੀ
ਇਹ ਅਸਥਾਨ ਸਦਾ ਹੀ ਰਹੇ ਇਵੇਂ ਸੁਹਾਇਆ
ਸੰਸਾਰੀ ਜੀਵਾਂ ਦੇ ਪਾਪਾਂ ਨੂੰ ਜੋ ਨਾਸ ਕਰੇ
ਤੀਰਥ ਏਦਾਂ ਦਾ ਇੱਕ ਜਾਏ ਪ੍ਰਭੂ ਬਣਾਇਆ
ਹਵਨਕੁੰਡ ਦੀ ਥਾਂ ਇੱਕ 'ਸੋਮਾ' ਬਣੇ ਸਰੋਵਰ ਜੀ
ਵਾਸਾ ਰਹੇ ਤੁਸਾਂ ਦਾ ਹੁਣ ਹੈ ਜਿਵੇਂ ਖੁਦਾਇਆ।

***

ਭਗਵਾਨ ਨੇ ਰਾਜੇ ਇਖਵਾਕੂ ਨੂੰ ਵਰ ਦੇਣਾ ਕਿ ਇਹ ਅਸਥਾਨ ਕਲਯੁਗ ਵਿਚ ਪਰਗਟ ਹੋਏਗਾ।

## ਵਾਰ

ਸੁਣ ਰਾਜੇ ਦੀ ਬੇਨਤੀ ਹੱਸਕੇ ਬੋਲੇ ਭਗਵਾਨ
ਕਹਿੰਦੇ ਅਸੀਂ ਤੇਰੀ ਮੰਗ ਤੇ ਖੁਸ਼ ਹਾਂ ਹੇ ਰਾਜਾਨ
ਤੂੰ ਏਂ ਧਰਮੀ ਰਾਜਾ ਸ਼ਹਿਰ ਦਾ, ਪੁੱਜਿਆ ਹੋਇਆ ਵਿਦਵਾਨ
ਜਿਹੜੇ ਭਲਾ ਮੰਗਣ ਸਰਬੱਤ ਦਾ, ਉਹ ਵਿਰਲੇ ਨੇ ਇਨਸਾਨ
ਇੱਥੇ ਕਲਯੁੱਗ ਦੇ ਵਿਚ ਬਣੇਗਾ, ਤੀਰਥ ਇੱਕ ਮਹਾਨ
ਇਹਦੇ ਨਾਲ ਦਾ ਸਾਰੇ ਜੱਗ ਤੇ, ਨਾ ਹੋਊ ਧਰਮ ਅਸਥਾਨ
ਮੇਰੀ ਜੋਤ ਸਦਾ ਹੀ ਰਹੇਗੀ, ਜਦ ਸਜਿਆ ਕਰੂ ਦੀਵਾਨ
'ਸੋਮਾ' ਬਿਅੰਤ ਜੀਵਾਂ ਦੀ ਇਸ ਜਗ੍ਹਾ, ਹੋਵੇਗੀ ਕਲਿਆਣ।

***

ਗੁਰੂ ਰਾਮ ਦਾਸ ਜੀ ਨੇ ਇਸ ਅਸਥਾਨ ਨੂੰ ਪਰਗਟ ਕਰਕੇ ਇੱਥੇ ਸਰੋਵਰ ਦੀ ਖੁਦਾਈ ਆਰੰਭ ਕਰ ਦਿੱਤੀ ਅਤੇ ਇਸ ਨੂੰ ਸੰਪੂਰਨਤਾ ਬਖਸ਼ੀ ਗੁਰੂ ਅਰਜਨ ਦੇਵ ਜੀ ਨੇ।

## ਕੋਰੜਾ ਛੰਦ

ਸੰਮਤ 1634 ਪੰਜ ਹਾੜ੍ਹ ਜੀ, ਗੁਰੂ ਰਾਮ ਦਾਸ ਸ਼ੁਰੂ ਕੀਤੀ ਕਾਰ ਜੀ
ਛਪੜੀ ਚੁਫੇਰੇ ਬੇਰੀਆਂ ਦੀ ਝੰਗ ਹੈ, ਸੇਵਾ ਦੇ ਪ੍ਰੇਮ ਬੰਨ੍ਹ ਦਿੱਤਾ ਰੰਗ ਹੈ
ਸੁਣ ਕਾਰ ਸੇਵਾ ਸੰਗਤਾਂ ਨੇ ਆਉਂਦੀਆਂ, ਕਰ ਸੇਵਾ ਸੱਚੀ ਮੁਕਤੀ ਨੇ ਪਾਉਂਦੀਆਂ
ਦਿਲ ਵਿਚ ਚਾਅ ਡਾਢੇ ਠਾਠਾਂ ਮਾਰਦੇ, ਮੂੰਹੋਂ ਸਤਿਨਾਮ ਵਾਹਿਗੁਰੂ ਉਚਾਰਦੇ
ਸੰਗਤਾਂ ਨੇ ਚੁੱਕੀ ਟੋਕਰੀ ਹੈ ਗਾਰੇ ਦੀ, ਨਾਲ ਭੁੱਖ ਲਹਿੰਦੀ ਗੁਰੂ ਦੇ ਦੀਦਾਰੇ ਦੀ
ਗੁਰੂ ਅਰਜਨ ਨੂੰ ਸੰਭਾਲ ਕਾਰ ਗਏ, ਗੁਰੂ ਰਾਮਦਾਸ ਬੈਕੁੰਠ ਨੂੰ ਪਧਾਰ ਗਏ
ਕੁੱਝ ਸਮਾਂ ਪਾਇਕੇ ਸੇਵਾ ਸੰਭਾਲੀ ਹੈ, ਸੰਮਤ ਸੋਲਾਂ ਸੌ ਸੰਗਤੇ ਪੰਤਾਲੀ ਹੈ
ਕਰਦੇ ਨੇ ਸਿੱਖ ਸੇਵਾ ਤਨ ਮਨ ਨਾਲ, ਦੂਰ ਬੈਠੇ ਕਰਦੇ ਕਈ ਸੇਵਾ ਧਨ ਨਾਲ
ਸ਼ੁੱਭ ਕਾਰਜ ਦੇ ਵਿਚ ਹਿੱਸਾ ਪਾਉਣ ਲਈ, ਵਿਸ਼ਨੂੰ ਜੀ ਆਏ ਟੋਕਰੀ ਉੱਠੌਣ ਲਈ
ਬਣ ਮਜ਼ਦੂਰ ਪੁਰਸ਼ ਰੂਪ ਧਾਰਕੇ, ਬਾਕੀ ਦੇਵਤੇ ਵੀ ਆ ਗਏ ਛਾਲਾਂ ਮਾਰਕੇ
ਕਰਦੇ ਨੇ ਸੇਵਾ ਸਰੂਪ ਪਲਟਾਇਕੇ, ਬਹਿ ਗਏ ਗੁਰੂ ਸਾਹਿਬ ਬੇਰੀ ਥੱਲੇ ਆਇਕੇ
ਨਵੇਂ ਸਿੱਖ ਆਏ ਤੱਕ ਕੇ ਵੀਚਾਰਦੇ, ਇਹ ਤਾਂ ਲੱਗਦੇ ਨੇ ਰੂਪ ਨਿਰੰਕਾਰ ਦੇ
ਜਾਣੀ ਜਾਣ ਲਿਆ ਵਿਸ਼ਨੂੰ ਪਛਾਣ ਜੀ, ਸ਼ਬਦ ਉਚਾਰਿਆ ਗੁਰਾਂ ਮਹਾਨ ਜੀ
"ਸੰਤਾਂ ਕੇ ਕਾਰਜ ਆਪ ਖਲੋਆ, ਹਰ ਕੰਮ ਕਰਾਵਣ ਆਇਆ ਰਾਮ
ਧਰਤ ਸੁਹਾਵੀ ਤਾਲ ਸੁਹਾਵਾ, ਵਿਚ ਅੰਮ੍ਰਿਤ ਜਲ ਛਾਇਆ ਰਾਮ॥
ਖੁਸ਼ ਹੋਏ ਵਿਸ਼ਨੂੰ ਜੀ ਮਹਿਮਾ ਸੁਣਕੇ, ਸਭ ਤੋਂ ਸ੍ਰੇਸ਼ਟ ਤੀਰਥ ਹੋਏਗਾ ਬਣਕੇ
ਹੋ ਗਏ ਅਲੋਪ ਦੇਕੇ ਵਰਦਾਨ ਜੀ, ਥੜ੍ਹੇ ਉਤੇ ਹੋ ਗਏ ਗੁਰੂ ਬਿਰਾਜਮਾਨ ਜੀ
ਇੱਟਾਂ ਲਗਵਾਕੇ ਤਾਲ ਪੱਕਾ ਕਰਿਆ, ਨਾਮ ਰਾਮਦਾਸ ਸਰੋਵਰ ਹੈ ਧਰਿਆ
ਸੰਗਤਾਂ ਨੂੰ ਹੋਰ ਵੀ ਪ੍ਰੇਮ ਜਾਗਿਆ, 'ਸੋਮਾ' ਪਤਾ ਲੱਗਾ ਜਦੋਂ ਰੱਬ ਆ ਗਿਆ

***

ਸਰੋਵਰ ਤਿਆਰ ਕਰਾਕੇ ਗੁਰੂ ਅਰਜਨ ਦੇਵ ਜੀ ਨੇ ਇਸ ਵਿਚ ਸੱਚ ਖੰਡ ਹਰਿਮੰਦਰ ਸਾਹਿਬ ਬਣਾਉਣ ਦਾ ਫੈਸਲਾ ਕੀਤਾ ਅਤੇ ਇਸ ਦੀ ਨੀਂਹ ਉੱਘੇ ਫਕੀਰ ਸਾਈਂ ਮੀਆਂ ਮੀਰ ਜੀ ਤੋਂ ਰਖਵਾਈ।

## ਸਾਕਾ

ਕੱਠੇ ਕਰਕੇ ਸਿੱਖ ਸਤਿਗੁਰਾਂ ਨੇ ਫਰਮਾਇਆ
ਵਿਚ ਸਰੋਵਰ ਜਾਏ ਇੱਕ ਹਰਿਮੰਦਰ ਬਣਾਇਆ
ਕੋਲ ਬਿਠਾਕੇ ਸਭ ਨੂੰ ਫਿਰ ਇਉਂ ਸੁਣਾਇਆ
ਚਾਰ ਦਿਸ਼ਾ ਵਲ ਹੋਵਣ ਬੂਹੇ ਕਹਿ ਸਮਝਾਇਆ
ਚਾਰ ਚੁਫੇਰੇ ਪ੍ਰਕਰਮਾ ਦਾ ਨਕਸ਼ਾ ਵਾਹਿਆ
ਚੜ੍ਹਦੇ ਪਾਸੇ ਹਰ ਕੀ ਪਾਉੜੀ ਨਾਲ ਸਜਾਇਆ
ਮਤਾ ਪਕਾਕੇ ਕਾਰੀਗਰਾਂ ਨੂੰ ਸੱਦ ਬੁਲਾਇਆ
ਸਾਈਂ ਮੀਆਂ ਮੀਰ ਤੋਂ ਨੀਂਹ ਪੱਥਰ ਰਖਵਾਇਆ
ਜਾਤ ਪਾਤ ਤੇ ਮਜ਼ਬ ਦਾ ਭਿੰਨ ਭੇਤ ਮਿਟਾਇਆ
'ਸੋਮਾ' ਕਰ ਅਰਦਾਸ ਕੜਾਹ ਪ੍ਰਸ਼ਾਦ ਵਰਤਾਇਆ।

***

ਪ੍ਰਉਪਕਾਰੀ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਕਰਕੇ ਫਿਰ ਗੁਰੂਆਂ ਅਤੇ ਅਤੇ ਭਗਤਾਂ ਦੀ ਬਾਣੀ ਨੂੰ ਇਕੱਤਰ ਕੀਤਾ। ਇਸ ਤਰ੍ਹਾਂ ਆਪ ਨੇ ਦੁਨਿਆਵੀ ਜੀਵਾਂ ਦੇ ਭਲੇ ਲਈ ਗ੍ਰੰਥ ਤਿਆਰ ਕੀਤਾ।

## ਡਿਊੜ ਛੰਦ

ਬਾਬਾ ਮੋਹਣ ਜੀ ਤੋਂ ਪੋਥੀਆਂ ਲਿਆਏਕੇ, ਨਾਲ ਸਤਿਕਾਰ ਜੀ
ਥੜ੍ਹੇ ਸਾਹਿਬ ਉਤੇ ਰੱਖ ਦਿੱਤੀ ਆਏਕੇ, ਪਾਲਕੀ ਉਤਾਰ ਜੀ

ਹੋ ਗਏ ਬੀਰਾਜਮਾਨ ਸੱਚੇ ਪਾਤਸ਼ਾਹ, ਸਜਿਆ ਦੀਵਾਨ ਹੈ
ਰਾਗੀਆਂ ਨੇ ਕੀਰਤਨ ਕੀਤਾ ਸ਼ੁਰੂ ਜੀ, ਮਹਿਮਾਂ ਲੱਗੇ ਗਾਣ ਹੈ

ਦੂਜੇ ਦਿਨ ਕਿਹਾ ਭਾਈ ਗੁਰਦਾਸ ਨੂੰ, ਲੱਭ ਲਓ ਇਕਾਂਤ ਜੀ
ਹੁਕਮ ਅਕਾਲ ਦਾ ਹੋਇਆ ਹੈ ਦਾਸ ਨੂੰ, ਜਗ੍ਹਾ ਹੋਵੇ ਸ਼ਾਂਤ ਜੀ

ਪੂਰਬ ਦਿਸ਼ਾ 'ਚ ਇੱਕ ਦੇਖੀ ਛਪੜੀ, ਆਸ ਪਾਸ ਬੇਰੀਆਂ
ਕਾਰਸੇਵਾ ਲਈ ਸੰਗਤ ਜਾਏ ਅਪੜੀ, ਲੱਗੀਆਂ ਨਾ ਦੇਰੀਆਂ

ਬਹਿ ਗਏ ਤੰਬੂ ਵਿਚ ਨਾਲ ਗੁਰਦਾਸ ਜੀ, ਕਾਰਜ ਮਹਾਨ ਹੈ
ਕਲਮਾਂ ਦਵਾਤਾਂ ਰੱਖ ਲਈਆਂ ਪਾਸ ਜੀ, ਹੋਇਆ ਫੁਰਮਾਨ ਹੈ।

ਫਿਰ ਮੰਗੀ ਖੈਰ ਗੁਰਾਂ ਤੋਂ ਸੁਮੱਤ ਦੀ, ਵਾਹਿਗੁਰੂ ਧਿਆਏਕੇ
ਲਿਖਿਆ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ, ੧ਓ ਪਾਇਕੇ

ਸੱਚੀ ਬਾਣੀ ਗੁਰੂਆਂ ਦੀ ਪਛਾਣ ਕੇ, ਕੀਤਾ ਉਪਕਾਰ ਜੀ
ਭਵਸਾਗਰ 'ਚੋਂ ਕਰੂ ਪਾਰ ਜਾਣਕੇ ਗ੍ਰੰਥ ਕੀਤਾ ਤਿਆਰ ਜੀ

ਫਿਰ ਬਾਣੀ ਭਗਤਾਂ ਦੀ ਦਰਜ ਕਰਕੇ, ਗ੍ਰੰਥ ਨੂੰ ਸ਼ਿੰਗਾਰਿਆ
ਛੂਤ ਛਾਤ ਵਾਲਾ ਰੋਗ ਦੂਰ ਕਰਕੇ, ਸੰਸਾ ਉਤਾਰਿਆ

ਰਾਮਸਰ ਨਾਮ ਹੋਇਆ ਮਸ਼ਹੂਰ ਜੀ, ਸੰਗਤਾਂ ਨੇ ਆਉਂਦੀਆਂ
ਦੁਖੀਆਂ ਦੇ ਦੁੱਖ 'ਸੋਮਾ' ਹੁੰਦੇ ਦੂਰ ਜੀ, ਸੁੱਖਾਂ ਵਰ ਆਉਂਦੀਆਂ

***

# ਡਿਊੜ ਛੰਦ

ਗ੍ਰੰਥ ਸਾਹਿਬ ਨੂੰ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕਰਕੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਸਿੰਘ ਹੋਣ ਦਾ ਮਾਣ ਬਖਸ਼ਿਆ। ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ਕੇ ਦਸਮ ਪਾਤਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਤਬਾ ਬਖਸ਼ ਦਿੱਤਾ।

ਕਰਕੇ ਤਿਆਰ ਪਾਤਸ਼ਾਹ ਗ੍ਰੰਥ ਨੂੰ, ਦਾਤਾ ਅਨਮੋਲ ਦੇਣ ਲੱਗੇ ਪੰਥ ਨੂੰ
ਵਾਜਿਆਂ ਦੇ ਨਾਲ ਹੈ ਸਵਾਰੀ ਆਂਵਦੀ, ਪਿਛੇ ਪਿਛੇ ਸੰਗਤ ਗੁਰੂ ਦੀ ਜਾਂਵਦੀ
ਹਰਿਮੰਦਰ ਦੇ ਪਾਲਕੀ ਲਿਆਏਕੇ, ਬੈਠ ਗਏ ਨੇ ਸਿੱਖ ਸੀਸ ਨੂੰ ਝੁਕਾਏਕੇ
ਵਾਹਿਗੁਰੂ ਅੱਗੇ ਅਰਦਾਸ ਕਰਕੇ, ਚੌਹਾਂ ਪਾਤਸ਼ਾਹੀਆਂ ਦਾ ਧਿਆਨ ਧਰਕੇ
ਬਾਬਾ ਬੁੱਢਾ ਜੀ ਨੂੰ ਕਿਹਾ ਗੁਰੂ ਬੋਲਕੇ, ਕਰੋ ਪ੍ਰਕਾਸ਼ ਕਮਰ ਕੱਸਾ ਖੋਹਲ਼ਕੇ
ਸੰਗਤਾਂ ਨੂੰ ਵਾਕ ਵੀ ਸੁਣਾਓ ਬਾਬਾ ਜੀ,
ਰੀਤ ਨਵੀਂ ਸਿੱਖਾਂ ਲਈ ਚਲਾਓ ਬਾਬਾ ਜੀ
ਮੰਨਕੇ ਹੁਕਮ ਗੁਰੂ ਮਹਾਰਾਜ ਦਾ, ਕੀਤਾ ਪ੍ਰਕਾਸ਼ ਫਿਰ ਗ੍ਰੰਥ ਸਾਹਿਬ ਦਾ
ਰੱਬੀ ਫੁਰਮਾਨ ਜੋ ਸੁਣਾਇਆ ਸੰਗਤੇ, ਸੰਤਾਂ ਦੇ ਕਾਰਜ.......ਸੀ ਆਇਆ ਸੰਗਤੇ
ਜਦੋਂ ਵੀ ਕੋਈ ਹੋਏ 'ਸੋਮਾ' ਕੰਮ ਕਰਨਾ, ਵਾਕ ਲੈਣਾ, ਗੁਰੂ ਦਾ ਹੈ ਧਿਆਨ ਧਰਨਾ

***

ਸਾਹਿਬ ਗੁਰੂ ਅਰਜਨ ਦੇਵ ਜੀ ਦੀ ਕੁੜਮਾਈ ਮਉ ਪਿੰਡ ਦੇ ਵਾਸੀ ਦੀ ਸਪੁੱਤਰੀ ਬੀਬੀ ਗੰਗਾ ਜੀ ਨਾਲ ਹੋ ਗਈ। ਆਪ ਜੀ ਨੇ ਸ਼ਾਦੀ ਵਾਲੇ ਦਿਨ ਤੋਂ ਪਹਿਲਾਂ ਹੀ ਬਰਾਤੀਆਂ ਦੀ ਜੋ ਚੋਣ ਕੀਤੀ ਉਹ ਅਜੀਬੋ ਗਰੀਬ ਸੀ। ਜੋ ਵੀ ਨਾਮ ਜਪਣ ਵਾਲਾ ਸਾਧੂ ਸੰਤ ਆਪ ਜੀ ਨੂੰ ਨਜ਼ਰੀਂ ਆਇਆ ਉਸੇ ਨੂੰ ਹੀ ਬਰਾਤ ਵਿਚ ਸ਼ਾਮਲ ਹੋਣ ਲਈ ਆਖ ਦਿੱਤਾ। ਬਰਾਤੀ ਸ਼ਬਦ ਬਾਣੀ ਦਾ ਕੀਰਤਨ ਕਰਦੇ ਮਉ ਪਿੰਡ ਪਹੁੰਚ ਗਏ। ਅੱਗੋਂ ਭਾਈਚਾਰਾ ਸਵਾਗਤ ਕਰਨ ਲਈ ਆਇਆ ਹਰ ਜਗ੍ਹਾ ਭਲੇ ਪੁਰਸ਼ਾਂ ਵਿਚ ਕਈ ਮਨ ਦੇ ਖੋਟੇ ਵੀ ਹੁੰਦੇ ਹਨ ਜੋ ਕਿਸੇ ਦਾ ਸ਼ੁੱਭ ਕੰਮ ਦੇਖਕੇ ਖੁਸ਼ ਨਹੀਂ ਹੁੰਦੇ ਸਗੋਂ ਕੋਈ ਪੁਆੜਾ ਪਾਉਣ ਬਾਰੇ ਹੀ ਸੋਚਦੇ ਹਨ। ਇਸੇ ਤਰ੍ਹਾਂ ਦਾ ਇੱਕ ਚੁਗਲਖੋਰ ਆਪਣੇ ਸਾਥੀਆਂ ਨਾਲ ਆਪਣੇ ਮਨ ਦੀ ਭਾਵਨਾ ਕੁੱਝ ਇਸ ਤਰ੍ਹਾਂ ਪ੍ਰਗਟ ਕਰਦਾ ਹੈ ਅਤੇ ਨਾਲ ਹੀ ਫਿਰ ਕਿੱਲਾ ਪੁੱਟਣ ਦੀ ਸ਼ਰਤ ਲਗਾਕੇ ਪਿੰਡ ਦੀ ਜੜ੍ਹ ਪੁੱਟੀ ਗਈ ਦਾ ਸਰਾਫ ਵੀ ਲੈ ਲਿਆ।

## ਵਿਆਹ ਗੁਰੂ ਅਰਜਨ ਦੇਵ ਜੀ

ਇਹ ਬਰਾਤੀ ਨੇ ਜਾਂ ਕੌਣ, ਲੱਗੇ ਹੋਏ ਨੇ ਕੀ ਗਾਉਣ
ਪਤਾ ਕੁੱਝ ਲੱਗਦਾ
ਪਰੀਆਂ ਤੋਂ ਸੋਹਣੀ ਗੰਗਾ ਲੱਗਦੀ, ਵਾਈ ਲਾੜਾ ਚੱਜ ਦਾ ਨਾ ਹੱਜ ਦਾ
..........................................................

ਕਈ ਡੱਬ ਖੜਬੇ ਕਾਲੇ ਨੇ, ਜਿਉਂ ਭੇਡਾਂ ਚਾਰਨ ਵਾਲੇ ਨੇ
ਗਲ ਪਾਈ ਕਿਸੇ ਨੇ ਮਾਲਾ ਹੈ, ਸਭਨਾਂ ਦੇ ਪੁੱਠੇ ਚਾਲੇ ਨੇ
ਕੋਈ ਚਿਮਟਾ ਬਜਾਉਂਦਾ, ਕੋਈ ਟੱਲ ਖੜਕਾਉਂਦਾ, ਕੋਈ ਫਿਰੇ ਨੱਚਦਾ
ਪਰੀਆਂ ਤੋਂ ਸੋਹਣੀ ਗੰਗਾ............................
..........................................................

ਕਈ ਲੋਕੀਂ ਤੋਹਮਤਾਂ ਲਾਵਣਗੇ, ਸਾਨੂੰ ਫਿਟਕਾਰਾਂ ਪਾਵਣਗੇ
'ਸੋਮਾ ਆਦਮਪੁਰੀਏ' ਜਿਹੇ ਵੀ, ਕਈ ਗੱਲਾਂ ਹੋਰ ਬਣਾਵਣਗੇ
ਨਹੀਂ ਜਾਣ ਦੇਣੀ ਡੋਲੀ, ਭਾਵੇਂ ਚੱਲ ਜਾਵੇ ਗੋਲੀ, ਜੋੜ ਨਹੀਓਂ ਫੱਬਦਾ
ਪਰੀਆਂ ਤੋਂ ਸੋਹਣੀ ਗੰਗਾ.......................

***

## ਪਿੰਡ ਵਾਸੀਆਂ ਨੇ ਚਾਲ ਚਲਣੀ

### ਜੱਗਾ

ਸਾਡੇ ਪਿੰਡ ਦੀ ਹੈ ਰੀਤ ਪੁਰਾਣੀ, ਸਾਡੇ ਪਿੰਡ ਦੀ
ਸਾਡੇ ਪਿੰਡ ਦੀ ਹੈ ਰੀਤ ਪੁਰਾਣੀ, ਪੂਰੀ ਹੈ ਕਰਨੀ ਪੈਂਦੀ
ਪੈਂਦੀ, ਜੇਕਰ ਨਾ ਕਰੀਏ ਨਾ ਪੱਤ ਰਹਿੰਦੀ............
..................................................

ਕਿੱਲਾ ਪੁੱਟਣਾ ਮੈਦਾਨ ਵਿਚ ਜਾਕੇ, ਕਿੱਲਾ ਪੁੱਟਣਾ
ਕਿੱਲਾ ਪੁੱਟਣਾ ਮੈਦਾਨ ਵਿਚ ਜਾਕੇ, ਫੇਰੇ ਤਾਂ ਹੋਣ ਭਲਕੇ
ਭਲਕੇ ਪੂਰੀ ਸ਼ਰਤ ਕਰੋ ਜੇ ਚੱਲਕੇ..............
..................................................

ਜੇ ਨਾ ਪੁੱਟਿਆ ਡੋਲੀ ਨਹੀਂ ਜਾਣੀ, ਜੇ ਨਾ ਪੁੱਟਿਆ
ਜੇ ਨਾ ਪੁੱਟਿਆ ਡੋਲੀ ਨਹੀਂ ਜਾਣੀ, ਫਿਰ ਨਾ ਰੋਸ ਕੋਈ ਕਰਨਾ
ਕਰਨਾ, ਮਾਰਕੇ ਛਾਲ ਘੋੜੇ ਦੇ ਉਤੇ ਚੜ੍ਹਨਾ............
..................................................

ਘੋੜਾ ਆ ਗਿਆ ਤੇ ਹੋ ਗਈ ਤਿਆਰੀ, ਘੋੜਾ ਆ ਗਿਆ
ਘੋੜਾ ਆ ਗਿਆ ਤੇ ਹੋ ਗਈ ਤਿਆਰੀ, ਤਮਾਸ਼ਗੀਰ ਆ ਗਏ ਨੇ ਸਾਰੇ
ਸਾਰੇ, 'ਸੋਮਾ' ਹੋਈ ਜਿੱਤ ਸੱਚ ਦੀ, ਝੂਠੇ ਹਾਰੇ................
..................................................

***

ਦਰਖਤ ਨੂੰ ਕੱਟਕੇ ਉਸਦੇ ਮੁੱਢ ਨੂੰ ਹੀ ਕਿੱਲੇ ਦਾ ਰੂਪ ਦੇ ਦਿੱਤਾ ਤਾਂਕਿ ਪੁੱਟਿਆ ਨਾ ਜਾਵੇ ਅਤੇ ਬਰਾਤੀ ਖਾਲੀ ਮੁੜ ਜਾਣ ਪਰ ਸਚਾਈ ਦੀ ਸਦਾ ਹੀ ਜਿੱਤ ਹੁੰਦੀ ਹੈ।

**ਤਰਜ਼:-ਮੈਂ ਤੇਰੀ ਦੁਸ਼ਮਨ, ਦੁਸ਼ਮਨ ਤੂੰ ਮੇਰਾ**

ਝੂਠ ਅਤੇ ਸੱਚ ਦਾ ਹੈ ਹੁੰਦਾ ਸਦਾ ਵੈਰ, ਝੂਠਿਆਂ ਦੀ ਨਹੀਓਂ ਹੁਣ ਖੈਰ
ਸੱਚ ਨੇ ਹੈ ਬਾਜੀ ਜਿੱਤ ਲਈ, ਮਾਓ ਪਿੰਡ ਦੀ ਜੜ੍ਹ ਪੁੱਟੀ ਗਈ........
...........................................................

ਜਿਸ ਨੇ ਕਿਸੇ ਲਈ ਪੁੱਟਿਆ ਟੋਇਆ, ਉਸ ਦਾ ਕਦੇ ਵੀ ਭਲਾ ਨਾ ਹੋਇਆ
ਬੇਈਮਾਨੀਆਂ ਹੇਰਾ ਫੇਰੀ, ਇਹ ਨਾ ਕੋਈ ਗੱਲ ਚੰਗੇਰੀ
ਨਾਲ ਨਿਰਵੈਰਾਂ ਦੇ ਕੀਤਾ ਤੁਸੀਂ ਵੈਰ, ਝੂਠਿਆਂ ਦੀ ਨਹੀਓਂ ਹੁਣ ਖੈਰ
ਸੱਚ ਨੇ ਹੈ ਬਾਜੀ ਜਿੱਤ ਲਈ, ਮਾਓ ਪਿੰਡ ਦੀ..........
...........................................................

ਚੰਗਿਆਂ ਵਿਚ ਕੁੱਝ ਹੁੰਦੇ ਨੇ ਮਾੜੇ, ਹਰ ਥਾਂ ਪਾਉਂਦੇ ਉਹੀ ਪੁਆੜੇ
ਹੱਦੋਂ ਵੱਧ ਜੋ ਹੈ ਹੁਸ਼ਿਆਰੀ, ਉਹ ਵੀ ਹੁੰਦੀ ਸੱਜਣੋਂ ਮਾੜੀ
ਆਏ ਮਹਿਮਾਨਾਂ ਦੇ ਚੁੰਮੀਂਦੇ ਨੇ ਪੈਰ, ਝੂਠਿਆਂ ਦੀ ਨਹੀਓਂ ਹੁਣ ਖੈਰ
ਸੱਚ ਨੇ ਹੈ ਬਾਜੀ ਜਿੱਤ ਲਈ, ਮਾਓ ਪਿੰਡ ਦੀ.........
...........................................................

ਕੀਤੀ ਦਾ ਫਲ ਤੁਸੀਂ ਪਾਓਗੇ, ਆਪੇ ਤੇ ਹੀ ਪਛਤਾਓਗੇ
'ਸੋਮਾ' ਆਦਮਪੁਰੀਆ' ਕਰਨੀ, ਹਰ ਇੱਕ ਨੂੰ ਹੈ ਪੈਂਦੀ ਭਰਨੀ
ਰੱਬ ਦਿਆਂ ਬੰਦਿਆਂ ਨੂੰ, ਸਮਝਿਆ ਗੈਰ, ਝੂਠਿਆਂ ਦੀ ਨਹੀਓਂ ਹੁਣ ਖੈਰ
ਸੱਚ ਨੇ ਹੈ ਬਾਜੀ ਜਿੱਤ ਲਈ, ਮਾਓ ਪਿੰਡ ਦੀ...............

***

# ਪ੍ਰਿਥੀ ਚੰਦ ਅਤੇ ਕਰਮੋ ਦੀ ਈਰਖਾ

ਗੁਰੂ ਅਰਜਨ ਦੇਵ ਜੀ ਨੂੰ ਗੁਰ ਗੱਦੀ ਮਿਲਣ ਉਤੇ ਪ੍ਰਿਥੀ ਚੰਦ ਬਹੁਤ ਗੁੱਸੇ ਵਿਚ ਆ ਗਿਆ। ਉਸਦੀ ਘਰ ਵਾਲੀ ਵੀ ਈਰਖਾ ਕਰਨ ਲੱਗ ਪਈ। ਕਰਮੋ ਪ੍ਰਿਥੀ ਚੰਦ ਨੂੰ ਇਸ ਤਰ੍ਹਾਂ ਲਾਹਨਤਾਂ ਪਾਉਂਦੀ। ਸਵਾਲ-ਜਵਾਬ।

## ਝੋਕ

ਕਰਮੋ: ਪ੍ਰਿਥੀ ਚੰਦ ਤਾਈਂ ਕਹਿੰਦੀ, ਕਰਮੋ ਜਲ ਬਲਕੇ ਜੀ
ਤੇਰੇ ਨਾਲ ਵੈਰ ਕਮਾਇਆ, ਸਭਨਾਂ ਨੇ ਰਲਕੇ ਜੀ
ਮੈਂ ਤਾਂ ਤੁਰ ਜਾਣਾ ਇਥੋਂ, ਪੇਕੇ ਘਰ ਭਲਕੇ ਜੀ
ਗੱਦੀ ਦਾ ਵੱਡਾ ਪੁੱਤਰ, ਹੁੰਦਾ ਹੱਕਦਾਰ ਹੈ
ਐਪਰ ਗੁਰੂ ਬਣ ਗਿਆ ਅਰਜਨ, ਤੇਰੇ ਧਿਰਕਾਰ ਹੈ
ਅਰਜਨ ਹੈ ਗੁਰੂ ਬਣ ਗਿਆ................
.............................................

ਪ੍ਰਿਥੀ ਚੰਦ: ਕਰ ਜਾਹ ਚੁੱਪ ਐਵੇਂ ਫਿੱਕੇ ਬੋਲੀ ਜਾਹ ਬੋਲ ਨਾ
ਰਹਿਣੀ ਗੁਰਗੱਦੀ ਦੇਖੀਂ ਅਰਜਨ ਦੇ ਕੋਲ ਨਾ
ਦੇਖੀ ਜਾਹ ਹੁੰਦਾ ਕੀ ਏ, ਮੈਂ ਵੀ ਅਨਭੋਲ ਨਾ
ਸ਼ਾਹੀ ਫੁਰਮਾਨ ਲਿਆਕੇ, ਆਪਣਾ ਹੱਕ ਲੈਣਾ ਹੈ
ਅਰਜਨ ਨੇ ਨੌਕਰ ਬਣਕੇ, ਸਾਡੇ ਘਰ ਰਹਿਣਾ ਹੈ
ਅਰਜਨ ਨੇ ਨੌਕਰ ਬਣਕੇ................
.............................................

ਕਰਮੋ: ਤੇਰੇ ਜਿਹੇ ਬੁੱਧੂ ਜਿਹੜੇ, ਰਹਿੰਦੇ ਹੱਥ ਮਲਦੇ ਨੇ
ਅਕਲ ਹੈ ਦੇਖ ਜਿਹਨਾਂ ਨੂੰ, ਕਿੱਦਾਂ ਉਹ ਫਲਦੇ ਨੇ
ਵੰਡਦੀ ਏ ਗੰਗਾ ਲੱਡੂ, ਪੂੜੇ ਘਰ ਤਲਦੇ ਨੇ
ਮਾਰੇ ਨਿੱਤ ਸ਼ੇਖੀਆਂ ਮੇਰੇ ਹੱਕ ਵਿਚ ਸਰਕਾਰ ਹੈ
ਐਪਰ ਗੁਰੂ ਬਣ ਗਿਆ ਅਰਜਨ, ਤੇਰੇ ਧਿਰਕਾਰ ਹੈ
ਅਰਜਨ ਹੈ ਗੁਰੂ ਬਣ ਗਿਆ.............
.........................................

ਪ੍ਰਿਥੀ ਚੰਦ: ਝਗੜਾ ਨਾ ਕਰ ਤੂੰ ਮੈਂ ਵੀ ਜਾਣਾ ਤਰਕੀਬ ਨੀ
ਅੱਜ ਨਹੀਂ ਤਾਂ ਕੱਲ੍ਹ ਜਾਗਣਗੇ ਸਾਡੇ ਨਸੀਬ ਨੀ
ਕਰ ਨਾ ਹੁਣ ਫਿਕਰ ਤੂੰ ਭੋਰਾ, ਜੇ ਅੱਜ ਗਰੀਬ ਨੀ
ਤੇਰੇ ਘਰ ਆਊ ਜੋ ਵੀ ਪੈਸਾ ਤੇ ਗਹਿਣਾ ਹੈ
ਅਰਜਨ ਨੇ ਨੌਕਰ ਬਣਕੇ, ਸਾਡੇ ਘਰ ਰਹਿਣਾ ਹੈ
ਅਰਜਨ ਨੇ ਨੌਕਰ ਬਣਕੇ.................
..................................................

ਕਰਮੋ: ਕੱਲ੍ਹ ਤੇ ਹੈ ਨਾਮ ਕਾਲ ਦਾ, ਮੈਨੂੰ ਭਰਮਾਵੇਂ ਤੂੰ
ਸੁਪਨਿਆਂ ਦੇ ਮਹਿਲ ਬਣਾਕੇ, ਮੈਨੂੰ ਦਿਖਲਾਵੇਂ ਤੂੰ
ਖਿਆਲੀ ਸਵਰਗਾਂ ਦੀ ਬੈਠਾ ਰਹਿੰਦਾ ਨਿੱਤ ਛਾਵੇਂ ਤੂੰ
ਜਿਹਨੂੰ ਤੂੰ ਰਿਹਾ ਆਖਦਾ, ਉਹ ਤੇ ਗੰਵਾਰ ਹੈ
ਉਹੀ ਗੁਰੂ ਬਣ ਗਿਆ ਅਰਜਨ, ਤੇਰੇ ਧਿਰਕਾਰ ਹੈ
ਅਰਜਨ ਹੈ ਗੁਰੂ ਬਣ ਗਿਆ......................
......................................................

ਪ੍ਰਿਥੀ ਚੰਦ: ਇਹ ਤੇ ਗੱਲ ਆਉਣ ਵਾਲਾ ਸਮਾਂ ਹੀ ਦੱਸੇਗਾ
ਰੋਏਗਾ ਕਿਹੜਾ 'ਸੋਮਾ', ਕਿਹੜਾ ਫਿਰ ਹੱਸੇਗਾ
ਇੱਕ ਦਿਨ ਗੁਰੂ ਮਹਿਲਾਂ ਅੰਦਰ, ਪ੍ਰਿੰਥੀ ਚੰਦ ਵੱਸੇਗਾ
ਕਹਿੰਦਾ ਜੋ ਆਦਮਪੁਰੀਆ, ਹੋਕੇ ਉਹ ਰਹਿਣਾ ਹੈ
ਅਰਜਨ ਨੇ ਨੌਕਰ ਬਣਕੇ, ਸਾਡੇ ਘਰ ਰਹਿਣਾ ਹੈ
ਅਰਜਨ ਨੇ ਨੌਕਰ ਬਣਕੇ...........................

***

ਚੰਦੂ, ਜਹਾਂਗੀਰ ਬਾਦਸ਼ਾਹ ਦਾ ਵਜ਼ੀਰ ਸੀ। ਇਸ ਨੇ ਆਪਣੀ ਧੀ ਲਈ ਯੋਗ ਵਰ ਦੀ ਤਲਾਸ਼ ਕਰਨ ਵਾਸਤੇ ਬ੍ਰਾਹਮਣ ਨੂੰ ਬੁਲਾਇਆ। ਚੰਗੀ ਤਰ੍ਹਾਂ ਸਮਝਾ ਕਿ ਸ਼ਗਨ ਦੇਕੇ ਬ੍ਰਾਹਮਣ ਨੂੰ ਤੋਰਦਾ ਹੈ। ਬ੍ਰਾਹਮਣ ਚੰਦੂ ਦੀ ਧੀ ਦਾ ਰਿਸ਼ਤਾ ਪੰਜਵੇਂ ਪਾਤਸ਼ਾਹ ਸਾਹਿਬ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਪੁੱਤਰ ਹਰਗੋਬਿੰਦ ਜੀ ਨਾਲ ਪੱਕੇ ਕਰਕੇ ਸ਼ਗਨ ਦੇ ਜਾਂਦਾ ਹੈ। ਚੰਦੂ ਇਸ ਰਿਸ਼ਤੇ ਤੋਂ ਨਾਖੁਸ਼ ਹੈ। ਅਤੇ ਗੁਰੂ ਘਰ ਦੀ ਨਿੰਦਿਆ ਕਰਦਾ ਹੈ। ਸੰਗਤ ਨੂੰ ਪਤਾ ਲੱਗਦਾ ਹੈ ਤਾਂ ਗੁਰੂ ਸਾਹਿਬ ਅੱਗੇ ਬੇਨਤੀ ਦੀ ਚਿੱਠੀ ਲਿਖਕੇ ਭੇਜਦੇ ਹਨ ਕਿ ਗੁਰੂ ਨਿੰਦਕ ਦਾ ਰਿਸ਼ਤਾ ਕਬੂਲ ਨਾ ਕਰਨ। ਚੰਦੂ ਦੀ ਈਰਖਾ ਅਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹਾਦਤ ਇਸ ਪ੍ਰਸੰਗ ਵਿਚ ਇਸ ਤਰ੍ਹਾਂ ਹੈ।

**ਤਰਜ਼:-ਵੇ ਤੂੰ ਕਿਹਦਾ ਚੇਲਾ ਕਿਥੋਂ ਦਾ ਫਕੀਰ ਹੋ ਗਿਆ**

ਬੀਬੀ ਆਪਣੀ ਹੈ ਹੋਈ ਮੁਟਿਆਰ ਜੀ
ਭਾਰ ਦੇਈਏ ਹੁਣ ਸਿਰ ਤੋਂ ਉਤਾਰ ਜੀ
ਘਰ ਸੋਹਣਾ ਦੇਖ ਕੇ ਤੂੰ ਨੇਕੀ ਖੱਟ ਪੰਡਤਾ
ਕਿਸੇ ਗੱਲੋਂ ਵੀ ਨਾ ਹੋਣ ਮੈਥੋਂ ਘੱਟ ਪੰਡਤਾ
ਕਿਸੇ ਗੱਲੋਂ ਵੀ ਨਾ ਹੋਣ................
............................................

ਚਾਵਾਂ ਸੱਧਰਾਂ ਦੇ ਨਾਲ ਬੇਟੀ ਪਾਲੀ ਮੈਂ
ਇਸ ਕੰਮ ਵਿਚ ਕਰਨੀ ਨਹੀਂ ਕਾਹਲੀ ਮੈਂ
ਰੂਪ ਉਹਦਾ ਜਿਉਂ ਸੁਲਫੇ ਦੀ ਲੱਟ ਪੰਡਤਾ
ਕਿਸੇ ਗੱਲੋਂ ਵੀ ਨਾ ਹੋਣ................
............................................

ਵੱਧ ਪੁੱਤਰਾਂ ਤੋਂ ਲਾਡ ਮੈਂ ਲਡਾਏ ਨੇ
ਉਹਦੇ ਸ਼ੌਕ ਸਾਰੇ ਪੂਰੇ ਮੈਂ ਕਰਾਏ ਨੇ
ਮੋਟੀ ਅੱਖ ਹੱਸਮੁਖ ਨਟਖਟ ਪੰਡਤਾ
ਕਿਸੇ ਗੱਲੋਂ ਵੀ ਨਾ ਹੋਣ................
............................................
ਹੋਣੇ ਚਾਹੀਦੇ ਚੁਬਾਰੇ ਤੇ ਹਵੇਲੀਆਂ
ਤਾਹਨੇ ਮਾਰਦੀਆਂ ਰਹਿਣ ਨਾ ਸਹੇਲੀਆਂ
ਹੋਣ ਉਥੇ ਹਾਥੀ ਘੋੜੇ ਅਤੇ ਰੱਥ ਪੰਡਤਾ
ਕਿਸੇ ਗੱਲੋਂ ਵੀ ਨਾ ਹੋਣ................
............................................

ਸਰੂ ਵਰਗਾ ਜਵਾਨ ਵਰ ਚਾਹੀਦਾ
ਖਿੱਚ ਲਏ ਜੋ ਧਿਆਨ ਜਾਂਦੇ ਰਾਹੀ ਦਾ
ਮੇਰੇ ਵਿਸ਼ਵਾਸ ਨੂੰ ਨਾ ਮਾਰੀ ਸੱਟ ਪੰਡਤਾ
ਕਿਸੇ ਗੱਲੋਂ ਵੀ ਨਾ ਹੋਣ................
..........................................

ਕੰਮ ਕਰੀਂ 'ਸੋਮਾ' ਸੋਚ ਕੇ ਵੀਚਾਰ ਕੇ
ਹੀਰਾ ਲੱਭੀਂ ਕਸਵੱਟੀ ਤੇ ਉਤਾਰ ਕੇ
ਭਾਲ ਕਰਦੇ ਤੂੰ ਸ਼ੁਰੂ ਫਟਾ-ਫਟ ਪੰਡਤਾ
ਕਿਸੇ ਗਲੋਂ ਵੀ ਨਾ ਹੋਣ..................
..........................................

***

ਚੰਦੂ ਦੀ ਧੀ ਦਾ ਰਿਸ਼ਤਾ ਕਰਕੇ ਪੰਡਤ ਜਦੋਂ ਵਾਪਸ ਗਿਆ ਤਾਂ ਚੰਦੂ ਨੇ ਇਸ ਰਿਸ਼ਤੇ ਉਤੇ ਨਰਾਜ਼ਗੀ ਜ਼ਾਹਰ ਕੀਤੀ ਚੰਦੂ ਅਤੇ ਪੰਡਤ ਦੇ ਸਵਾਲ-ਜਵਾਬ।

**ਤਰਜ਼:-ਸਾਰੇ ਪਿੰਡ ਵਿਚ ਬਦਨਾਮ ਹੋ ਗਿਆ**

ਚੰਦੂ: ਦੱਸ ਕਿਹੜਾ ਬਦਲਾ ਤੂੰ ਲਿਆ ਪੰਡਤਾ
ਇੱਟ ਮੋਰੀ ਨੂੰ ਚੁਬਾਰੇ ਦੀ ਲਗਾ ਕੇ
............................

ਪੰਡਤ: ਬੋਲਦਾ ਨਾ ਝੂਠ ਜਾਨ ਦੇਣੀ ਰੱਬ ਨੂੰ
ਬੇਟੀ ਰਾਜ ਕਰੂਗੀ ਉਥੇ ਜਾਕੇ
.................................

ਚੰਦੂ: ਇਸ ਧਰਤੀ ਦੇ ਉਤੇ ਲੱਖਾਂ ਹੀ ਅਮੀਰ ਓਏ
ਪਰ ਤੈਨੂੰ ਲੱਭਾ ਜਾਕੇ ਇੱਕ ਉਹ ਫਕੀਰ ਓਏ
ਚੰਗੀ ਮੇਰੀ ਇੱਜ਼ਤ ਬਣਾਈ ਮਿੱਤਰਾ, ਇੱਕ ਮੰਗਤੇ ਦਾ ਕੁੜਮ ਬਣਾਕੇ
ਦੱਸ ਕਿਹੜਾ ਬਦਲਾ ਤੂੰ ਲਿਆ ਪੰਡਤਾ................
.................................

ਪੰਡਤ: ਘਰ ਘਰ ਹੁੰਦੀ ਸੋਭਾ ਉਹਦੇ ਦਰਬਾਰ ਦੀ
ਪੰਜਵੀਂ ਹੈ ਜੋਤ ਉਹ ਤੇ ਨਾਨਕ ਨਿਰੰਕਾਰ ਦੀ
ਜਨਮ ਮਰਨ ਕੋਲੋਂ ਮਿਲੇ ਮੁਕਤੀ, ਰੱਬੀ ਨੂਰ ਦੇ ਦਰਸ਼ਨ ਪਾਕੇ
ਬੋਲਦਾ ਨਾ ਝੂਠ ਜਾਨ ਦੇਣੀ ਰੱਬ ਨੂੰ............
.................................

ਚੰਦੂ: ਉਹਦਾ ਮੈਂ ਵਜ਼ੀਰ ਜਿਹੜਾ ਬਾਦਸ਼ਾਹ ਹੈ ਹਿੰਦ ਦਾ
ਮੇਲ ਦੱਸ ਕਾਹਦਾ ਭਲਾ, ਅੰਬ ਤੇ ਅਰਿੰਡ ਦਾ
ਮਾਰਿਆ ਕੁਹਾੜਾ ਪੈਰੀਂ ਆਪ ਆਪਣੇ, ਤੈਨੂੰ ਘੱਲਿਆ ਜੋ ਸ਼ਗਨ ਫੜਾਕੇ
ਦੱਸ ਕਿਹੜਾ ਬਦਲਾ ਤੂੰ ਲਿਆ ਪੰਡਤ................
..........................................................

ਪੰਡਤ: ਕੁੜਮ ਤੁਹਾਡਾ ਸ਼ਹਿਨਸ਼ਾਹ ਦੋ ਜਹਾਨ ਦਾ
ਜਾਦੂ ਕਰ ਦੇਵੇ ਰਸ ਉਸਦੀ ਜ਼ੁਬਾਨ ਦਾ
ਉਹ ਵੀ ਉਹਦੇ ਚਰਨਾਂ ਤੇ ਜਾਕੇ ਡਿੱਗਦੇ,
ਜਿਹੜੇ ਰੱਖਦੇ ਨੇ ਕਲਗੀ ਸਜਾਕੇ
ਬੋਲਦਾ ਨਾ ਝੂਠ ਜਾਨ ਦੇਣੀ ਰੱਬ ਨੂੰ......................
..........................................................

ਚੰਦੂ: ਆਖਿਆ ਸੀ ਤੈਨੂੰ ਲੱਭੀਂ ਚੌਧਵੀਂ ਦਾ ਚੰਨ ਓਏ
ਆਵੇ ਜਾਂ ਬਰਾਤ ਹੋ ਜਾਏ ਸਾਰੇ ਧੰਨ ਧੰਨ ਓਏ
ਕੰਗਲੇ ਦਾ ਪੁੱਤ ਕਿਹੜਾ ਹੋਣਾ ਸੂਰਮਾ, ਜੀ ਕਰਦਾ ਮਰ ਜਾਂ ਮੋਹਰਾ ਖਾਕੇ
ਦੱਸ ਕਿਹੜਾ ਬਦਲਾ ਤੂੰ ਲਿਆ ਪੰਡਤਾ......................
................................

ਪੰਡਤ: 'ਸੋਮਾ ਆਦਮਪੁਰੀਆ' ਉਹ ਪੁੱਜ ਕੇ ਜਵਾਨ ਹੈ
ਧਨੀ ਤਲਵਾਰ ਦਾ ਨਿਪੁੰਨ ਵਿਦਵਾਨ ਹੈ
ਉੱਚਾ ਲੰਮਾ ਗੱਭਰੂ ਉਹ ਸਰੂ ਵਰਗਾ, ਆਪ ਤੱਕਿਆ ਮੈਂ ਕੋਲ ਬਿਠਾਕੇ
ਬੋਲਦਾ ਨਾ ਝੂਠ ਜਾਨ ਦੇਣੀ ਰੱਬ ਨੂੰ................
................................

***

ਗੁਰੂ ਘਰ ਦੀ ਨਿਰਾਦਰੀ ਸੁਣਕੇ ਦਿੱਲੀ ਦੀ ਸੰਗਤ ਸਹਾਰ ਨਾ ਸਕੀ ਅਤੇ ਇੱਕ ਚਿੱਠੀ ਸੰਗਤ ਵੱਲੋਂ ਲਿਖਕੇ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਪੇਸ਼ ਕਰਦੀ ਹੈ। ਚਿੱਠੀ ਕੁੱਝ ਇਸ ਤਰ੍ਹਾਂ ਲਿਖੀ ਗਈ।

**ਤਰਜ਼:-ਕੀਮਾ ਮਲਕੀ**

ਕਰੀਂ ਮਾਫ ਸਾਡੀ ਭੁੱਲ ਹੈ ਜੋ ਦਾਤਾ
ਦੋਨੋਂ ਹੱਥ ਜੋੜਕੇ ਅਰਜ਼ ਤੁਸਾਂ ਦੇ ਅੱਗੇ
ਰਹੀਏ ਚੁੱਪ ਜੋ ਤਾਂ ਸਾਨੂੰ ਧਿਰਕਾਰ ਹੈ
ਛੋਟਾ ਮੂੰਹ ਵੱਡੀ ਗੱਲ ਕਰਨ ਹਾਂ ਲੱਗੇ
..................................

ਚੜ੍ਹੇ ਚਾਅ ਬੜੇ ਸੀ ਸ਼ਹਿਜ਼ਾਦੇ ਦੀ ਮੰਗਣੀ ਦੇ
ਸੰਗਤ ਦਿੱਲੀ ਦੇ ਨੇ ਘਰ ਘਰ ਸ਼ਗਨ ਮਨਾਏ
ਐਪਰ ਨਿਭਦੀ ਔਖੀ ਨਾਲ ਹੈ ਆਕੜਖਾਨਾਂ ਦੇ
ਧੁਰ ਦਰਗਾਹੋਂ ਭਾਵੇਂ ਰੱਬ ਸੰਜੋਗ ਬਣਾਏ
..................................

ਬਣਿਆ ਕੁੜਮ ਤੁਸਾਂ ਦਾ ਜਿਹੜਾ ਚੰਦੂ ਨਾਮ ਹੈ
ਉਹਦੇ ਵਰਗਾ ਕੋਈ ਵਿਰਲਾ ਹੀ ਹੰਕਾਰੀ
ਸੰਗੇ ਕਲਮ ਲਿਖਣੇ ਤੋਂ, ਜੀਭਾਂ ਸੰਗੇ ਕਹਿਣ ਤੋਂ
ਕੀਤੀ ਗੁਰੂ ਘਰ ਦੀ ਹੈ ਹੱਤਕ ਉਹਨੇ ਭਾਰੀ
..................................

ਆਖੀ ਉਸ ਪਾਪੀ ਨੇ ਇਹ ਗੱਲ ਨਾਲ ਹੰਕਾਰ ਦੇ
ਪੰਡਤਾ ਕਰਿ ਆਇਆ ਘਰ ਮੰਗਦੇ ਦੇ ਕੁੜਮਾਈ
ਇੱਟ ਚੁਬਾਰੇ ਦੀ ਤੂੰ ਲਾ ਦਿੱਤੀ ਏ ਮੋਰੀ ਨੂੰ
ਮੇਰੀ ਸ਼ਾਨ ਤੇ ਇੱਜ਼ਤ ਮਿੱਟੀ ਵਿਚ ਮਿਲਾਈ
..................................

ਨਿੰਦਿਆ ਗੁਰੂ ਘਰ ਦੀ ਹੈ ਔਖੀ ਸਹਿਣੀ ਸਿੱਖਾਂ ਲਈ
ਜਾਣੀ ਜਾਣ ਤੁਸੀਂ ਹੋ ਆਪੇ ਅੰਤਰਜਾਮੀਂ
'ਸੋਮਾ ਆਦਮਪੁਰੀਆ' ਸੰਗਤ ਦੀ ਹੈ ਬੇਨਤੀ
ਨਾ ਮਨਜ਼ੂਰ ਕਰੋ ਇਹ ਰਿਸ਼ਤਾ ਤੁਸੀਂ ਸੁਆਮੀ

....................................

***

ਸੰਗਤ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਗੁਰੂ ਮਹਾਰਾਜ ਜੀ ਨੇ ਚੰਦੂ ਦੀ ਧੀ ਦਾ ਰਿਸ਼ਤਾ ਨਾ ਮਨਜ਼ੂਰ ਕਰ ਦਿੱਤਾ। ਚੰਦੂ ਗੁੱਸੇ ਵਿਚ ਆਕੇ ਗੁਰੂ ਸਾਹਿਬ ਨਾਲ ਇਸ ਤਰ੍ਹਾਂ ਸਵਾਲ-ਜਵਾਬ ਕਰਦਾ ਹੈ।

**ਤਰਜ਼:-ਅੰਮੀਏਂ ਬੁੱਝ ਮੇਰੀ ਮੁੱਠੀ ਵਿਚ ਕੀ**

ਚੰਦੂ: ਹੋ ਗਿਆ ਗਰੂਰ ਕਿਹੜੀ ਗੱਲ ਦਾ ਹੈ ਕੁੜਮਾ
ਕਿਉਂ ਦਿੱਤਾ ਨਾਤਾ ਠੁਕਰਾ, ਓ ਕੁੜਮਾਂ ਕਿਉਂ ਦਿੱਤਾ ਨਾਤਾ ਠੁਕਰਾ
ਹੋਕੇ ਮੈਂ ਵਜ਼ੀਰ ਦਿੱਤੀ ਘਰ ਤੇਰੇ ਕੰਨਿਆ
ਪਰ ਤੈਨੂੰ ਚੜ੍ਹਿਆ ਨਾ ਚਾਅ, ਓ ਕੁੜਮਾਂ ਕਿਉਂ ਦਿੱਤਾ ਨਾਤਾ ਠੁਕਰਾ
.........................................

ਗੁਰੂ ਜੀ: ਮਾਣ ਤੈਨੂੰ ਆਪਣੀ ਵਜ਼ੀਰੀ ਦਾ ਹੈ ਸੱਜਣਾ
ਤੇਰਾ ਸਾਡਾ ਮੇਲ ਕੀ ਭਲਾ, ਓ ਸੱਜਣਾਂ ਤੇਰਾ ਸਾਡਾ ਮੇਲ ਕੀ ਭਲਾ
ਮੈਂ ਤੇ ਹਾਂ ਫਕੀਰ ਗੁਰੂ ਨਾਨਕ ਦੇ ਘਰ ਦਾ
ਕੰਨਿਆਂ ਤੂੰ ਹੋਰ ਥਾਂ ਵਿਆਹ, ਓ ਸੱਜਣਾਂ ਤੇਰਾ ਸਾਡਾ ਮੇਲ ਕੀ ਭਲਾ
.........................................

ਚੰਦੂ: ਹੋਰ ਥਾਂ, ਕਰਨੀ ਸ਼ਾਦੀ ਨਹੀਂ ਮੈਂ
ਨਾਂਹ ਸੁਣਨੇ ਦਾ ਆਦੀ ਨਹੀਂ ਮੈਂ
ਪੁੱਤ ਤੇਰਾ ਰੁਲਦਾ ਜੋ ਧਰਤੀ ਦੇ ਉਤੇ
ਦੇਊਂ ਅਰਸ਼ਾਂ ਦਾ ਚੰਨ ਮੈਂ ਬਣਾ, ਓ ਕੁੜਮਾਂ ਕਿਓਂ ਦਿੱਤਾ ਨਾਤਾ ਠੁਕਰਾ
ਹੋਕੇ ਮੈਂ ਵਜ਼ੀਰ ਦਿੱਤੀ ਘਰ ਤੇਰੇ ਕੰਨਿਆਂ ਪਰ ਤੈਨੂੰ.............
.........................................

ਗੁਰੂ ਜੀ: ਪੈਸੇ ਦਾ ਹੰਕਾਰ ਹੈ ਤੈਨੂੰ
ਮੈਂ ਦੀ ਬਹੁਤੀ ਮਾਰ ਹੈ ਤੈਨੂੰ
ਅਸਲੀ ਤੇ ਨਕਲੀ ਦੀ ਤੈਨੂੰ ਨਾ ਪਛਾਣ ਕੋਈ
ਅੱਗ ਰਹੀ ਏ ਹਉਮੈਂ ਦੀ ਜਲਾ, ਓ ਸੱਜਣਾਂ ਤੇਰਾ ਸਾਡਾ ਮੇਲ ਕੀ ਭਲਾ
ਮੈਂ ਤੇ ਹਾਂ ਫਕੀਰ ਗੁਰੂ ਨਾਨਕ ਦੇ ਘਰ ਦਾ....................
.........................................

ਚੰਦੂ:	ਮਾਰ ਨਾ ਆਪਣੇ ਮਾਰ ਕੁਹਾੜਾ
ਨਿਕਲੂ ਬੜਾ ਨਤੀਜਾ ਮਾੜਾ
ਮੰਨੇ ਜੋ ਨਾ ਗੱਲ ਕੋਈ ਨਾਲ ਮੇਰੀ ਨਰਮੀ ਦੇ
ਡੰਡੇ ਨਾਲ ਲੈਂਦਾ ਹਾਂ ਮਨਾ, ਓ ਕੁੜਮਾਂ ਕਿਓਂ ਦਿੱਤਾ ਨਾਤਾ ਠੁਕਰਾ
ਹੋਕੇ ਮੈਂ ਵਜ਼ੀਰ ਦਿੱਤੀ ਘਰ ਤੇਰੇ ਕੰਨਿਆਂ............
.............................................................

ਗੁਰੂ ਜੀ: 'ਸੋਮਾ' ਇਹ ਰਿਸ਼ਤਾ ਨਹੀਂ ਲੈਣਾ
'ਆਦਮਪੁਰੀਆ' ਸੰਗਤ ਦਾ ਕਹਿਣਾ
ਬਣਿਆ ਚੁਬਾਰਾ ਤੂੰ, ਬਣਾਇਆ ਗੁਰੂ ਘਰ ਮੋਰੀ
ਸੰਗਤ ਹੈ ਮੇਰੇ ਲਈ ਖੁਦਾ, ਓ ਸੱਜਣਾਂ ਤੇਰਾ ਸਾਡਾ ਮੇਲ ਕੀ ਭਲਾ
ਮੈਂ ਤੇ ਹਾਂ ਫਕੀਰ ਗੁਰੂ ਨਾਨਕ ਦੇ ਘਰ ਦਾ..............
.............................................................

***

ਬਾਦਸ਼ਾਹ ਜਹਾਂਗੀਰ ਨੂੰ ਭਰਮਾ ਕੇ ਚੰਦੂ ਨੇ ਗੁਰੂ ਸਾਹਿਬ ਨੂੰ ਲਾਹੌਰ ਵਿਚ ਕੈਦ ਕਰ ਲੈਣਾ, ਚੰਦੂ ਦੀ ਨੌਂਹ ਦਾ ਸਤਿਗੁਰ ਦੇ ਚੋਰੀ ਦਰਸ਼ਨ ਕਰਨ ਜਾਣਾ ਅਤੇ ਪਹਿਰੇਦਾਰਾਂ ਦੇ ਨਾਲ ਸਵਾਲ-ਜਵਾਬ।

ਤਰਜ਼:-ਸਿੱਠਣੀਆਂ

ਚੰਦੂ ਦੀ ਨੌਂਹ: ਸੁਣਿਆ ਹੈ ਕੈਦ ਕੀਤਾ ਏਥੇ ਭਗਵਾਨ ਨੂੰ
ਭੁੱਲਾਂ ਨਾ ਜੀਵਨ ਭਰ ਮੈਂ ਤੇਰੇ ਅਹਿਸਾਨ ਨੂੰ
ਮੇਰਾ ਇਤਬਾਰ ਕਰਨਾ, ਸੁਣ ਵੀਰ ਵੇ
ਦਾਤੇ ਦਾ ਦੀਦਾਰ ਕਰਨਾ ਸੁਣ ਵੀਰ ਵੇ........
........................................

ਪਹਿਰੇਦਾਰ: ਅਸੀਂ ਤੇ ਆਪ ਬੀਬੀ ਮਾਰੇ ਤਕਦੀਰ ਦੇ
ਨੌਕਰ ਜੋ ਹੋਏ ਅਸੀਂ ਰਾਜੇ ਜਹਾਂਗੀਰ ਦੇ
ਮੈਂ ਹਾਂ ਪਹਿਰੇਦਾਰ ਉਹਨਾਂ ਦਾ, ਸੁਣ ਭੈਣ ਜੀ
ਹੋਣਾ ਨਹੀਂ ਦਿਦਾਰ ਗੁਰਾਂ ਦਾ, ਸੁਣ ਭੈਣ ਜੀ.........
........................................

ਚੰਦੂ ਦੀ ਨੌਂਹ: ਡੁੱਬਿਆ ਨੂੰ ਜਿਹੜਾ ਸੀਗਾ ਨਾਮ ਨਾਲ ਤਾਰਦਾ
ਦੁਖੀਆਂ ਦੀ ਖਾਤਰ ਰਿਹਾ ਦੁੱਖੜੇ ਸਹਾਰਦਾ
ਪਰਉਪਕਾਰ ਕਰਨਾ, ਸੁਣ ਵੀਰ ਵੇ
ਦਾਤੇ ਦਾ ਦੀਦਾਰ ਕਰਨਾ, ਸੁਣ ਵੀਰ ਵੇ........
........................................

ਪਹਿਰੇਦਾਰ: ਪਤਾ ਜੇ ਲੱਗ ਗਿਆ ਉਸ ਚੰਦੂ ਹਤਿਆਰੇ ਨੂੰ
ਮੈਨੂੰ ਨਾ ਜਿੰਦਾ ਛੱਡੂ ਕਰਮਾਂ ਦੇ ਮਾਰੇ ਨੂੰ
ਰਾਖਾ ਕਰਤਾਰ ਉਹਨਾਂ ਦਾ, ਸੁਣ ਭੈਣ ਜੀ
ਸੁਣ ਭੈਣ ਜੀ ਹੋਣਾ ਨਹੀਂ ਦੀਦਾਰ ਗੁਰਾਂ ਦੇ...........
........................................

ਚੰਦੂ ਦੀ ਨੌਂਹ: ਚੰਦੂ ਦੀ ਨੌਂਹ ਮੈਂ ਵੀਰਾ, ਤੂੰ ਕਿਉਂ ਘਬਰਾਉਂਦਾ ਵੇ
ਏਥੇ ਨਾ ਕੋਈ ਦੂਸਰਾ, ਪੈਰ ਵੀ ਪਾਉਂਦਾ ਵੇ
ਐਵੇਂ ਤੂੰ ਬਹੁਤਾ ਡਰ ਨਾ, ਸੁਣ ਵੀਰ ਵੇ
ਦਾਤੇ ਦਾ ਦੀਦਾਰ ਕਰਨਾ, ਸੁਣ ਵੀਰ ਵੇ..........
........................................

ਪਹਿਰੇਦਾਰ: ਇਹ ਨਾ ਗੱਲ ਬਣਨੀ ਬੀਬੀ, ਸੌਂ ਜਾ ਘਰ ਜਾਕੇ ਤੂੰ
ਲੈਣਾ ਕੀ ਜਾਨ ਦੁੱਖਾਂ ਵਿਚ, ਆਪਣੀ ਵੀ ਪਾਕੇ ਤੂੰ
ਸਕੇਂ ਕੀ ਸਵਾਰ ਉਹਨਾਂ ਦਾ, ਸੁਣ ਭੈਣ ਜੀ
ਹੋਣਾ ਨਹੀਂ ਦੀਦਾਰ ਗੁਰਾਂ ਦਾ, ਸੁਣ ਭੈਣ ਜੀ............
.......................................

ਚੰਦੂ ਦੀ ਨੌਂਹ: ਲੈ ਲੈ ਇਹ ਗਹਿਣੇ ਮੇਰੇ ਕਈ ਹਜ਼ਾਰ ਦੇ
ਕਰਨੇ ਦੇ ਕੁਝ ਪਲ ਮੈਨੂੰ ਦਰਸ਼ਨ ਕਰਤਾਰ ਦੇ
ਹੁਣ ਨਾ ਇਨਕਾਰ ਕਰਨਾ, ਸੁਣ ਵੀਰ ਵੇ
ਦਾਤੇ ਦਾ ਦੀਦਾਰ ਕਰਨਾ, ਸੁਣ ਵੀਰ ਵੇ............
............................................

ਪਹਿਰੇਦਾਰ: ਚੰਗਾ ਫਿਰ ਵਾਹਦਾ ਕਰ ਤੂੰ, ਛੇਤੀ ਮੁੜ ਆਏਂਗੀ
'ਸੋਮਾ ਆਦਮਪੁਰੀਆ' ਨਾ, ਮੈਨੂੰ ਫਸਾਏਂਗੀ
ਕਰਕੇ ਦੀਦਾਰ ਗੁਰਾਂ ਦਾ, ਸੁਣ ਭੈਣ ਜੀ
ਕਰਕੇ ਦੀਦਾਰ ਗੁਰਾਂ ਦਾ, ਸੁਣ ਭੈਣ ਜੀ..........
............................................

***

ਸਾਈਂ ਮੀਆਂ ਮੀਰ ਜੀ ਦਾ ਦਰਸ਼ਨਾਂ ਲਈ ਆਉਣਾ ਅਤੇ ਗੁੱਸੇ ਵਿਚ ਆਕੇ ਦਿੱਲੀ ਅਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਣ ਦੀ ਆਗਿਆ ਮੰਗਣਾ।

**ਤਰਜ਼:-ਬਾਲਮਾਂ ਸੌਂ ਜਾਵਾਂ, ਮੇਰੀ ਅੱਖੀਆਂ 'ਚ ਨੀਂਦਰ**

ਦਾਤਿਆ ਬਖ਼ਸ਼ ਲਈਂ, ਇਹ ਕੀ ਖੇਡ ਰਚਾਈ।
ਕਿ ਤੱਤੀਆਂ ਤਵੀਆਂ ਤੇ, ਬੈਠੇ ਚੌਂਕੜਾ ਲਾਈ
ਦਾਤਿਆ ਬਖਸ਼ ਲਈਂ...................
.............................................

ਮੰਨਿਆ ਸਰੀਰ ਨਾਸ਼ਵਾਨ ਹੈ ਸਦਾ ਨਹੀਂ ਰਹਿਣਾ
ਪਰ ਕਿਉਂ ਕਸ਼ਟ ਉਠਾਉਂਦੇ
ਬੜਾ ਹੀ ਨਿਰਾਲਾ ਢੰਗ ਤੱਕਿਆ ਤੁਸਾਂ ਦਾ
ਭਾਣਾ ਮੰਨਣੇ ਦਾ ਸਬਕ ਸਿਖਾਉਂਦੇ
ਅੱਲਾ ਕਰੇ ਇਸ ਚੰਦੂ ਚੰਦਰੇ ਦੇ ਤਾਈਂ, ਆ ਜਾਏ ਕਿਸੇ ਦੀ ਆਈ
ਦਾਤਿਆ ਬਖਸ਼ ਲਈਂ...................
.............................................

ਹੋਵੇ ਜੋ ਹੁਕਮ ਤਾਂ ਮੈਂ ਦਿੱਲੀ ਤੇ ਲਹੌਰ ਵਾਲੀ
ਇੱਟ ਨਾਲ ਇੱਟ ਖੜਕਾ ਦਿਆਂ
ਆਗਿਆ ਦਿਉ ਤਾਂ ਇਹਨਾਂ ਪਾਪੀਆਂ ਪਖੰਡੀਆਂ ਨੂੰ
ਸੁਸਰੀ ਦੇ ਵਾਂਗ ਮੈਂ ਸੁਆ ਦਿਆਂ
ਹੋਵੇ ਜੇ ਇਸ਼ਾਰਾ ਤੇਰਾ, ਇੱਕ ਮੇਰੇ ਪ੍ਰੀਤਮਾ ਜੀ
ਕਰ ਦਿਆਂ ਗਰਕ ਖੁਦਾਈ
ਦਾਤਿਆ ਬਖਸ਼ ਲਈਂ...................
.............................................

ਸਿਰ ਉਤੇ ਤੱਤੀ ਰੇਤ ਪੈਂਦੀ ਪਰ ਮੁਖੜੇ ਤੇ
ਰੋਸ ਦੀ ਝਲਕ ਨਾ ਕੋਈ
ਹੱਸਦਾ ਏਂ ਤੂੰਹੀ ਪਰ ਸੁਣਕੇ ਜ਼ੁਲਮ ਅੱਜ
ਕੁੱਲ ਹੈ ਲੁਕਾਈ ਦਾਤਾ ਰੋਈ
'ਸੋਮਾ ਆਦਮਪੁਰੀਆ' ਜੀ ਸਹਿਨਸ਼ੀਲਤਾ ਦੇ ਵਾਲੀ
ਨਵੀਂ ਮਿਸਾਲ ਬਣਾਈ...................
ਦਾਤਿਆ ਬਖਸ਼ ਲਈਂ...................

***

ਸ਼ਹਾਦਤ ਸ਼ਾਂਤੀ ਦੇ ਪੁੰਜ ਸਾਹਿਬ ਗੁਰੂ ਅਰਜਨ ਦੇਵ ਜੀ ਦੀ।

**ਤਰਜ਼:-ਏਕ ਥਾ ਗੁੱਲ ਔਰ ਏਕ ਥੀ ਬੁਲਬੁਲ**

ਜੇਠ ਮਹੀਨਾ ਗਰਮੀ ਕਹਿਰ ਦੀ, ਚੰਦੂ ਕੱਢੀ ਆਪਣੀ ਖਾਰ
ਤੱਤੀ ਤਵੀ ਦੇ ਉਤੇ ਬਿਠਾਕੇ, ਰੱਬੀ ਨੂਰ ਪੂਰਨ ਅਵਤਾਰ
ਜੇਠ ਮਹੀਨਾ ਗਰਮੀ ਕਹਿਰ ਦੀ..............
......................................................

ਵਿਚ ਲਹੌਰ ਦੇ ਹੰਕਾਰੀ ਨੇ, ਦੇਖੋ ਕੀ ਅੱਜ ਕਹਿਰ ਕਮਾਇਆ
ਪੱਥਰ ਦਿਲ ਚੰਦੂ ਪਾਪੀ ਨੇ, ਭੜਭੁੰਜੇ ਨੂੰ ਹੁਕਮ ਸੁਣਾਇਆ
ਕੋਮਲ ਤਨ ਤੇ ਤਪਦਾ ਰੇਤਾ, ਅੱਖਾਂ ਸਾਹਵੇਂ ਆਪ ਪੁਆਇਆ
ਮਿੱਠਾ ਕਰਕੇ ਮੰਨਿਆਂ ਭਾਣਾ, ਸ਼ਾਂਤ ਚਿੱਤ ਰਹੇ ਚੌਂਕੜਾ ਮਾਰ
ਜੇਠ ਮਹੀਨਾ ਗਰਮੀ ਕਹਿਰ ਦੀ..............
......................................................

ਦੇਖ ਕੇ ਅੱਖੀਂ ਅਜਬ ਨਜ਼ਾਰੇ, ਸਾਈਂ ਜੋ ਹੋਏ ਦਿਲਗੀਰ
ਰੱਬੀ ਜੋਤ ਤਸੀਹੇ ਸਹਿੰਦੀ, ਦੇਖਕੇ ਰੋਏ ਮੀਆਂ ਮੀਰ
ਸਹਿ ਨਾ ਸ਼ਕਿਆ ਦੇਖ ਸਾਹਮਣੇ, ਜ਼ੁਲਮ ਦੀ ਹੁੰਦੀ ਅੱਜ ਅਖੀਰ
ਸੌਂ ਗਿਆ ਕਿਉਂ ਖੁਦਾ ਅੱਜ ਕਹਿੰਦਾ, ਛੁਪ ਗਿਆ ਕਿੱਥੇ ਹੈ ਅੱਜ ਕਰਤਾਰ
ਜੇਠ ਮਹੀਨਾ ਗਰਮੀ ਕਹਿਰ ਦੀ..............
......................................................

ਹੁੰਦੇ ਜਿਵੇਂ ਅਕਾਸ਼ 'ਚ ਤਾਰੇ, 'ਸੋਮਾ' ਤਨ ਤੇ ਛਾਲੇ ਪੈ ਗਏ
ਜਿਉਂ ਉਬਲੇ ਆਲੂ ਤੋਂ ਛਿਲਕਾ, ਏਦਾਂ ਚਮੜੀ ਦੇ ਪੱਤ ਲਹਿ ਗਏ
ਦੇਖਣ ਵਾਲੇ ਦੰਦਾਂ ਦੇ ਵਿਚ, ਉਂਗਲਾਂ ਪਾਕੇ ਦੇਖਦੇ ਰਹਿ ਗਏ
ਸੱਚਖੰਡ ਵਿਚ ਸਤਿਗੁਰ ਜਾ ਪਹੁੰਚੇ, ਰਾਵੀ ਦੇ ਵਿਚ ਚੁੱਭੀ ਮਾਰ
ਜੇਠ ਮਹੀਨਾ ਗਰਮੀ ਕਹਿਰ ਦੀ..............
......................................................

***

ਰੋਮ ਰੋਮ ਵਿਚ ਜੀਹਦੇ ਵਸਦਾ ਏ ਰਾਮ ਨਾਮ
ਭਾਣਾ ਕਿਵੇਂ ਮੰਨਣਾ ਏਂ ਬੱਸ ਉਹੀ ਜਾਣਦੇ
ਸ਼ਾਂਤੀ ਦੇ ਪੁੰਜ ਜੱਗ ਉਹਨਾਂ ਤਾਈਂ ਆਖਦਾ ਏ
ਤੱਤੀ ਤਵੀ ਉਤੇ ਵੀ ਅਨੰਦ ਨੇ ਜੋ ਮਾਣਦੇ
ਜ਼ੁਲਮ ਦੇ ਅੱਗੇ ਜਿਹੜੇ ਸੀਸ ਕਦੇ ਝੁਕਦੇ ਨਹੀਂ
ਉਹੀ ਸਿਰਤਾਜ ਨੇ ਸ਼ਹੀਦਾਂ ਦੇ ਕਹਾਂਵਦੇ
ਤੱਤਾ ਰੇਤਾ ਤਨ ਤੇ ਪੁਆਕੇ ਵੀ ਜੋ ਰਹਿਣ ਖੁਸ਼
ਸ਼ਹਾਦਤਾਂ ਦੀ ਰੀਤ 'ਸੋਮਾ' ਉਹੀ ਨੇ ਚਲਾਂਵਦੇ॥

***

# ਪ੍ਰਸੰਗ ਭਾਈ ਮੰਝ ਜੀ

ਭਾਈ ਮੰਝ ਜੀ (ਭਾਈ ਤੀਰਥਾ ਜੀ) ਦੇ ਜਨਮ ਅਸਥਾਨ ਬਾਰੇ ਇਤਿਹਾਸਕਾਰਾਂ ਦੀ ਇੱਕ ਰਾਏ ਨਹੀਂ ਹੈ, ਜਨਮ ਅਸਥਾਨ ਪਿੰਡ ਤਲਵਣ, ਪਿੰਡ ਮੰਜਕੀ ਵੀ ਲਿਖੇ ਮਿਲਦੇ ਹਨ ਅਤੇ ਕੰਗ-ਮਾਈ ਵੀ ਲਿਖਦੇ ਹਨ। ਆਪ ਜੀ ਪਹਿਲਾਂ ਸਖੀ ਸਰਵਰ ਦੇ ਪੁਜਾਰੀ ਸਨ, ਫਿਰ ਗੁਰੂ ਸ਼ਰਨ ਵਿਚ ਆਕੇ ਨਾਮ ਦੀ ਕਮਾਈ ਕੀਤੀ ਅਤੇ ਗੁਰੂ ਘਰ ਦੀ ਸੇਵਾ ਕਰਕੇ ਜਨਮ ਸਫਲਾ ਕੀਤਾ। ਆਪ ਜੀ ਨੂੰ ਪੰਚਮ ਪਾਤਸ਼ਾਹ ਜੀ ਨੇ ਕੰਗ ਮਾਈ ਇਲਾਕੇ ਦਾ ਪ੍ਰਚਾਰਕ ਥਾਪਿਆ ਅਤੇ "ਮੰਝ ਪਿਆਰਾ ਗੁਰੂ ਨੂੰ, ਗੁਰ ਮੰਝ ਪਿਆਰਾ" "ਮੰਝ ਗੁਰੂ ਕਾ ਬੋਹਿਥਾ ਜੱਗ ਲੰਘਣ ਹਾਰਾ" ਦਾ ਵਰਦਾਨ ਬਖਸ਼ਕੇ ਨਿਵਾਜਿਆ "ਸੰਮਤ 1594 ਈਸਵੀ ਵਿਚ ਗੁਰੂ ਅਰਜਨ ਦੇਵ ਜੀ ਨੇ ਕੰਗ ਮਾਈ ਪਿੰਡ ਵਿਚ ਚਰਨ ਪਾਕੇ ਇਸ ਨਗਰ ਨੂੰ ਪਵਿੱਤਰ ਕੀਤਾ । ਇਥੇ ਹੀ ਭਾਈ ਮੰਝ ਜੀ ਦੀ ਸਮਾਧ ਹੈ। ਸੌ ਫੀਸਦੀ ਸਚਾਈ ਇਹ ਹੈ ਕਿ ਆਪ ਜੀ ਮੰਝ ਗੋਤ ਦੇ ਰਾਜਪੂਤ ਸਨ ਅਤੇ ਗੁਰੂ ਘਰ ਦੇ ਪੂਰਨ ਗੁਰਸਿੱਖ ਸਨ।

ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਦਰਬਾਰ ਵਿਚ ਜਦੋਂ ਇਹ ਸ਼ਬਦ (ਜਨ ਨਾਨਕ ਧੂੜ ਮੰਗੇ ਤਿਸ ਗੁਰ ਸਿਖ ਕੀ, ਜੋ ਆਪ ਜਪੈ ਅਵਰਾ ਨਾਮ ਜਪਾਵੈ) ਪੜ੍ਹਿਆ ਜਾਂਦਾ ਤਾਂ ਸਿੱਖ ਸੰਗਤਾਂ ਹੈਰਾਨ ਹੋ ਜਾਂਦੀਆਂ। ਇਹ ਸੋਚ ਕੇ ਕਿ ਕੀ ਇਹੋ ਜਿਹੇ ਗੁਰਸਿੱਖ ਵੀ ਹਨ, ਜਿਨ੍ਹਾਂ ਦੇ ਚਰਨਾਂ ਦੀ ਧੂੜੀ ਗੁਰੂ ਸਾਹਿਬ ਵੀ ਮੰਗਦੇ ਹਨ। ਇੱਕ ਦਿਨ ਫਿਰ ਜਦੋਂ ਇਹ ਸ਼ਬਦ ਪੜ੍ਹਿਆ ਗਿਆ ਤਾਂ ਕੁੱਝ ਗੁਰਸਿੱਖਾਂ ਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਅਗਰ ਕੋਈ ਇਹੋ ਜਿਹਾ ਸਿੱਖ ਹੈ ਤਾਂ ਸਾਨੂੰ ਵੀ ਉਸਦੇ ਦਰਸ਼ਨ ਕਰਾਓ। ਸਤਿਗੁਰਾਂ ਨੇ ਫੁਰਮਾਇਆ ਕਿ ਹਾਂ, "ਇਹੋ ਜਿਹਾ ਇਕ ਗੁਰਸਿੱਖ ਹੈ ਭਾਈ ਮੰਝ, ਇਹੋ ਜਿਹੇ ਗੁਰਸਿੱਖਾਂ ਦੀ ਧੂੜੀ ਗੁਰ ਸਾਹਿਬ ਮੰਗਦੇ ਹਨ।

ਤਰਜ਼:-ਵਾਰ ਮਿਰਜ਼ਾ

ਇਹ ਸੁਣ ਵਡਿਆਈ ਗੁਰਸਿੱਖ ਦੀ, ਕਹਿੰਦੇ ਭਾਈ ਗੁਰਦਾਸ ਜੀ ਆ
ਇਹੋ ਜਿਹੇ ਕਿਸੇ ਗੁਰਸਿੱਖ ਦੇ, ਦਿਓ ਸਾਨੂੰ ਵੀ ਦੀਦਾਰ ਕਰਾ

ਜੀਹਦੇ ਚਰਨਾਂ ਦੀ ਧੂੜ ਗੁਰੂ ਮੰਗਦਾ, ਰਿਹਾ ਸਵਾਸ ਸਵਾਸ ਜੋ ਧਿਆ
ਵਾਸਾ ਕਿੱਥੇ ਹੈ ਉਸ ਗੁਰ ਸਿੱਖ ਦਾ, ਕਰੋ ਮਿਹਰ ਦੱਸੋ ਸੱਚੇ ਪਾਤਸ਼ਾਹ

ਕਰ ਲਈਏ ਜਨਮ ਅਸੀਂ ਸਫਲਾ, ਇੱਕ ਵਾਰ ਉਹਦੇ ਦਰਸ਼ਨ ਪਾ
'ਆਦਮਪੁਰੀਆ' ਦੂਰ ਹੋ ਜਾਊ ਸੰਸਾ, ਜਦੋਂ ਲਵਾਂਗੇ 'ਸੋਮਾ' ਅਜ਼ਮਾ

***

ਮੰਝ ਗੋਤ ਦਾ ਰਾਜਪੂਤ ਜਿਸ ਦਾ ਅਸਲੀ ਨਾਮ ਭਾਈ ਤੀਰਥ ਸੀ ਤਲਵਣ ਪਿੰਡ ਵਿਚ ਵਸਦਾ ਸੀ। ਦਸਾਂ ਨੌਂਹਾਂ ਦੀ ਕ੍ਰਿਤ ਕਰਨੀ, ਆਪਣੀ ਪਤਨੀ ਪੁੱਤਰ ਨਾਲ ਰਲਕੇ ਬਾਣੀ ਪੜ੍ਹਨੀ ਹੀ ਉਸ ਦਾ ਧਰਮ ਸੀ, ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚੱਲਦਾ ਸੀ, ਗੁਰੂ ਪਾਤਸ਼ਾਹ ਨੇ ਭਾਈ ਗੁਰਦਾਸ ਜੀ ਦੇ ਹੱਥ ਹੁਕਮਨਾਮਾ ਦੇਕੇ ਭਾਈ ਮੰਝ ਜੀ ਨੂੰ ਮਿਲਣ ਵਾਸਤੇ ਭੇਜਦੇ ਹਨ।

## ਵਾਰ

ਲੈਕੇ ਆਗਿਆ ਗੁਰਾਂ ਤੋਂ, ਤੁਰ ਪਏ ਭਾਈ ਗੁਰਦਾਸ
ਜੋ ਦਿਲ ਵਿਚ ਸੀ ਕਈ ਸਾਲ ਤੋਂ, ਲੱਗੀ ਪੂਰੀ ਹੋਣ ਉਹ ਆਸ
ਆ ਗਏ ਤਲਵਣ ਪਿੰਡ 'ਚ ਚੱਲਕੇ, ਪੁੱਛ ਪੁੱਛ ਕੇ ਮੰਝ ਦੇ ਪਾਸ
ਡਿੱਠਾ ਸਿੱਖ ਬਾਣ ਹੈ ਵੱਟਦਾ, ਜਪਦਾ ਨਾਮ ਹੈ ਸਵਾਸ ਸਵਾਸ
ਅੱਗੋਂ ਹੱਥ ਜੋੜ ਮੰਝ ਉਠਿਆ, ਆਇਆ ਸਿੱਖ ਗੁਰੂ ਦਾ ਖਾਸ
ਆਇਆ ਕੀੜੀ ਘਰ ਭਗਵਾਨ ਹੈ, ਹੋ ਗਿਆ ਸਰਬ ਰੋਗ ਦਾ ਨਾਸ
ਨਾ ਫੁੱਲਿਆ ਖੁਸ਼ੀ ਦੇ ਨਾਲ ਸਮਾਂਵਦਾ, ਮੇਰੀ ਬੁਝ ਗਈ ਅੱਜ ਪਿਆਸ
ਛਕਾਇਆ ਫੁਲਕਾ ਨਾਲ ਪਰੇਮ ਦੇ, ਭਾਈ ਸਾਹਿਬ ਕੀਤੀ ਅਰਦਾਸ
ਕਹਿੰਦਾ ਸੇਵਾ ਦੱਸੋ ਹੋਰ ਜੀ, 'ਸੋਮਾ' ਕਰ ਸਕਦਾ ਜੋ ਦਾਸ
ਦਿੱਤਾ ਹੁਕਮਨਾਮਾ ਗੁਰਸਿੱਖ ਨੇ, ਥੋੜ੍ਹੇ ਕਰਕੇ ਬਚਨ ਬਿਲਾਸ

***

ਭਾਈ ਗੁਰਦਾਸ ਜੀ ਹੁਕਮਨਾਮਾ ਲੈਕੇ ਤਲਵਣ ਪਿੰਡ ਪਹੁੰਚਦੇ ਹਨ। ਪੁੱਛ ਪੁਛਾਕੇ ਭਾਈ ਮੰਝ ਜੀ ਦੇ ਘਰ ਪਹੁੰਚੇ। ਭਾਈ ਮੰਝ ਜੀ ਨੇ ਗੁਰਸਿੱਖ ਦੇ ਦਰਸ਼ਨ ਕਰਕੇ ਬਹੁਤ ਹੀ ਸਤਿਕਾਰ ਨਾਲ ਅੰਦਰ ਬਿਠਾਇਆ। ਹੱਥ ਸੁੱਚੇ ਕਰਾਕੇ ਜਲ ਪਾਣੀ ਦੀ ਸੇਵਾ ਕਰਕੇ ਪ੍ਰਸ਼ਾਦਾ ਛਕਾਇਆ। ਪ੍ਰਸ਼ਾਦਾ ਛਕਣ ਮਗਰੋਂ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦਾ ਦਿੱਤਾ ਹੋਇਆ ਹੁਕਮਨਾਮਾ ਮੱਥੇ ਨੂੰ ਲਾਕੇ ਕਿਹਾ ਕਿ ਧੰਨਭਾਗ ਹਨ ਜੋ ਸੰਤਿਗੁਰਾਂ ਨੇ ਇਸ ਗਰੀਬ ਅਤੇ ਨਿਮਾਣੇ ਨੂੰ ਯਾਦ ਕੀਤਾ ਹੈ। ਹੁਕਮਨਾਮੇ ਵਿਚ ਲਿਖਿਆ ਸੀ ਕਿ ਗੁਰੂ ਦੇ ਲੰਗਰ ਵਾਸਤੇ ਮਾਇਆ ਦੀ ਲੋੜ ਹੈ। ਮਾਇਆ ਇਸ ਗੁਰਸਿੱਖ ਦੇ ਹੱਥ ਭੇਜ ਦੇਣ। ਭਾਈ ਮੰਝ ਚਿੰਤਾ ਵਿਚ ਡੁੱਬ ਗਿਆ। ਕਿਉਂਕਿ ਘਰ ਵਿਚ ਕੋਈ ਪੈਸਾ ਨਹੀਂ ਹੈ। ਪਤਨੀ ਅਤੇ ਪੁੱਤਰ ਨਾਲ ਸਲਾਹ ਕਰਦਾ ਹੈ।

## ਕਲੀ

ਭਾਈ ਮੰਝ ਵੀਚਾਰਾਂ ਕਰਦਾ ਪੁੱਤਰ ਪਤਨੀ ਨਾਲ
ਇਹ ਕੀ ਸਤਿਗੁਰ ਨੇ ਹੈ ਦੇਖੋ ਖੇਡ ਰਚਾਈ
..............................................

ਹੁਕਮ ਗੁਰਾਂ ਦਾ ਆਇਆ ਵੱਡੇ ਭਾਗਾਂ ਵਾਲੇ ਹਾਂ
ਐਪਰ ਘਰ ਵਿੱਚ ਤਾਂ ਨਹੀਂ ਸਾਡੇ ਇੱਕ ਵੀ ਪਾਈ
..............................................

ਜੇ ਨਾ ਮੰਨਿਆ ਹੁਕਮ ਗੁਰਾਂ ਤੋਂ ਬੇਮੁਖ ਹੋਵਾਂਗੇ
ਇਹਦੇ ਨਾਲੋਂ ਤਾਂ ਮਰ ਜਾਣ ਦੇ ਵਿਚ ਭਲਾਈ
..............................................

ਵਿਕ ਜਾਏ ਤਨ ਮਨ ਭਾਵੇਂ, ਪਰ ਨਾ ਬੇਮੁਖ ਹੋਣਾ ਹੈ
ਦਾਤੇ ਨੇ ਸਾਨੂੰ ਤਾਂ ਬਖਸ਼ੀ ਹੈ ਵਡਿਆਈ
..............................................

ਸੇਵਾ ਲੰਗਰ ਦੀ ਲਈ ਲੋੜ ਪਈ ਹੈ ਮਾਇਆ ਦੀ
ਸਾਡਾ ਧਰਮ ਹੈ ਜਾਏ ਛੇਤੀ ਨਾਲ ਪੁਚਾਈ
..............................................

ਸਭ ਤੋਂ ਵੱਡੀ ਸੇਵਾ ਕਹਿੰਦੇ ਹੁੰਦੀ ਸੰਗਤ ਦੀ
ਹੁੰਦਾ ਸੇਵਕ ਦਾ ਫਿਰ ਆਪੇ ਗੁਰੂ ਸਹਾਈ

..................................................

ਸੁਣਕੇ ਗੱਲ ਪਿਤਾ ਦੀ ਪੁੱਤ ਕਹੇ ਹੱਥ ਜੋੜਕੇ
ਜਦ ਤੱਕ ਮੈਂ ਹਾਂ ਜਿੰਦਾ ਫਿਕਰ ਕਰੋ ਨਾ ਕਾਈ

..................................................

ਸਾਡਾ ਆਪਣਾ ਕੀ ਜਦ ਤਨ ਮਨ 'ਸੋਮਾ' ਸੌਂਪਿਆ
ਮੈਨੂੰ ਵੇਚਕੇ ਕਰ ਲਓ ਸਫਲ ਪਿਤਾ ਜੀ ਕਮਾਈ

***

ਇੱਕ ਸੌਦਾਗਰ ਜੋ ਵਪਾਰ ਕਰਦਾ ਹੋਇਆ ਸ਼ਾਹੀ ਸੜਕ ਤੋਂ ਦੀ ਅੱਗੇ ਜਾ ਰਿਹਾ ਸੀ। ਉਸ ਵਪਾਰੀ ਨੇ ਤਲਵਣ ਪਿੰਡ ਤੋਂ ਬਾਹਰ ਰਾਤ ਪੈ ਜਾਣ ਕਰਕੇ ਕਾਫਲਾ ਰੋਕਿਆ ਹੋਇਆ ਸੀ। ਪੈਸਿਆਂ ਦੀ ਖਾਤਰ ਆਗਿਆਕਾਰੀ ਪੁੱਤਰ ਵਿਕਣ ਲਈ ਤਿਆਰ ਸੀ। ਭਾਈ ਮੰਝ ਜੀ ਪੁੱਤਰ ਨੂੰ ਲੈਕੇ ਸ਼ਾਹੂਕਾਰ ਕੋਲ ਪਹੁੰਚੇ ਅਤੇ ਪੁੱਤਰ ਵੇਚ ਕਿ ਪੰਜ ਸੌ ਮੋਹਰਾਂ ਲਿਆਕੇ ਭਾਈ ਗੁਰਦਾਸ ਜੀ ਨੂੰ ਦੇ ਦਿੱਤੀਆਂ। ਇਸੇ ਤਰ੍ਹਾਂ ਫਿਰ ਭਾਈ......ਜੀ ਹੁਕਮਨਾਮਾ ਲੈਕੇ ਆਏ ਤਾਂ ਪਤਨੀ ਵੇਚ ਦਿੱਤੀ ਅਤੇ ਤੀਜੀ ਵਾਰੀ ਖੁਦ ਵਿਕ ਕੇ ਹੁਕਮਨਾਮੇ ਦੀ ਪਾਲਣਾ ਕੀਤੀ।

## ਝੋਕ

ਪੁੱਤਰ ਦਾ ਮੁੱਲ ਪੈ ਗਿਆ, ਪੰਜ ਸੌ ਹੈ ਮੋਹਰ ਜੀ
ਹੰਝੂ ਨਾ ਕੇਰੇ ਦਿੱਤਾ ਖੁਸ਼ੀਆਂ ਨਾਲ ਤੋਰ ਜੀ
ਕਹਿੰਦਾ ਹੈ ਰੱਬ ਦਾ ਭਾਣਾ, ਸਾਡਾ ਕੀ ਜੋਰ ਜੀ
ਹੋ ਕੇ ਉਹ ਰਹਿੰਦਾ ਜੋ ਹੈ ਲਿਖਿਆ ਕਰਤਾਰ ਦਾ
ਜੇਕਰ ਸਿੱਖ ਸੱਚਾ ਹੋਵੇ, ਸਿਦਕੋਂ ਨਹੀਂ ਹਾਰਦਾ
ਵਿਰਲਾ ਕੋਈ ਸਿਦਕ ਨਿਭਾਉਂਦਾ.........
...........................................

ਹੱਥ ਬੰਨ੍ਹ ਕੇ ਕਹਿੰਦਾ ਕਰਨੀ ਭੇਟਾ ਕਬੂਲ ਜੀ
ਬੰਦਾ ਨਾਚੀਜ਼ ਤੁਸਾਂ ਦੇ ਚਰਨਾਂ ਦੀ ਧੂਲ ਜੀ
ਕ੍ਰਿਪਾ ਕਰ ਬਖਸ਼ ਦਿਓ ਜੋ ਹੋਈ ਕੋਈ ਭੁਲ ਜੀ
ਔਗਣ ਨਾ ਚਿਤਵਿਓ ਮੇਰਾ ਗੁਨਾਹਗਾਰ ਦਾ
ਜੇਕਰ ਸਿੱਖ ਸੱਚਾ ਹੋਵੇ, ਸਿਦਕੋਂ ਨਹੀਂ ਹਾਰਦਾ
ਵਿਰਲਾ ਕੋਈ ਸਿਦਕ ਨਿਭਾਉਂਦਾ.........
...........................................

ਤੁਰ ਪਏ ਗੁਰਦਾਸ ਜੀ ਛੁੱਟੀ ਲੈ ਕੇ ਸਵੇਰੇ ਜੀ
ਕਹਿੰਦੇ ਧੰਨ ਧੰਨ ਗੁਰੂ ਜੀ, ਧੰਨ ਹਨ ਸਿੱਖ ਤੇਰੇ ਜੀ
ਵਿਰਲਾ ਕੋਈ ਹੰਸ ਹੈ ਹੁੰਦਾ ਬਗਲੇ ਵਥੇਰੇ ਜੀ
ਕਿਸਮਤ ਨਾਲ ਮੌਕਾ ਮਿਲਿਆ ਉਹਦੇ ਦੀਦਾਰ ਦਾ
ਜੇਕਰ ਸਿੱਖ ਸੱਚਾ ਹੋਵੇ, ਸਿਦਕੋਂ ਨਹੀਂ ਹਾਰਦਾ
ਵਿਰਲਾ ਕੋਈ ਸਿਦਕ ਨਿਭਾਉਂਦਾ.........
...........................................

ਦੱਸਿਆ ਸਭ ਆਕੇ ਅੱਖੀਂ ਡਿੱਠਾ ਜੋ ਹਾਲ ਜੀ
ਸੁਣ ਕੇ ਗੱਲ ਸਾਰੀ ਸੰਗਤ ਹੋਈ ਨਿਹਾਲ ਜੀ
ਕਹਿੰਦੇ ਧੰਨ ਸਿੱਖ ਅਤੇ ਧੰਨ ਉਹਦੀ ਹੈ ਘਾਲ ਜੀ
ਪੁੱਤਰ ਜੋ ਵੇਚਕੇ ਕਰਦਾ, ਸ਼ੁਕਰ ਨਿਰੰਕਾਰ ਦਾ
ਜੇਕਰ ਸਿੱਖ ਸੱਚਾ ਹੋਵੇ, ਸਿਦਕੋਂ ਨਹੀਂ ਹਾਰਦਾ
ਵਿਰਲਾ ਕੋਈ ਸਿਦਕ ਨਿਭਾਉਂਦਾ..........
...............................................

ਪੁੱਤਰ ਤੇ ਪਤਨੀ ਵੇਚੀ ਸਿਦਕੋਂ ਨਹੀਂ ਹਾਰਿਆ
ਖੁਦ ਨੂੰ ਫਿਰ ਬੈ ਕਰਵਾਕੇ ਜੀਵਨ ਸੰਵਾਰਿਆ
ਆਪੇ ਤੇ ਤਰਿਆ ਕਈਆਂ ਕੁੱਲਾਂ ਨੂੰ ਤਾਰਿਆ
ਆਖੋ ਧੰਨ ਸਿੱਖ ਸੰਗਤੇ, ਪੰਜਵੇਂ ਅਵਤਾਰ ਦਾ
ਜੇਕਰ ਸਿੱਖ ਸੱਚਾ ਹੋਵੇ, ਸਿਦਕੋਂ ਨਹੀਂ ਹਾਰਦਾ
ਵਿਰਲਾ ਕੋਈ ਸਿਦਕ ਨਿਭਾਉਂਦਾ..........
...............................................

ਪੱਖੀ ਗਈ ਪ੍ਰੀਤ ਸਿੱਖ ਦੀ, ਸਤਿਗੁਰ ਨਾਲ ਗੂੜ੍ਹੀ ਜੀ
ਇਹਨਾਂ ਸਿੱਖਾਂ ਦੀ ਮੰਗਦਾ, ਨਾਨਕ ਹੈ ਧੂੜੀ ਜੀ
'ਸੋਮਾ' ਹੈ ਸੰਤ ਕਾ ਮਾਰਗ, ਧਰਮ ਕੀ ਪਾਉੜੀ ਜੀ
ਭਾਣਾ 'ਰਣਜੀਤ' ਹੈ ਮਿੱਠਾ, ਪ੍ਰਵਰਦਗਾਰ ਦਾ
ਜੇਕਰ ਸਿੱਖ ਸੱਚਾ ਹੋਵੇ, ਸਿਦਕੋਂ ਨਹੀਂ ਹਾਰਦਾ
ਵਿਰਲਾ ਕੋਈ ਸਿਦਕ ਨਿਭਾਉਂਦਾ............

***

ਪਹਿਲਾਂ ਪੁੱਤਰ ਫੇਰ ਪਤਨੀ ਅਤੇ ਹੁਣ ਆਪ ਵਿਕ ਗਏ। ਇਹ ਸੰਜੋਗ ਸੀ ਕਿ ਸਾਰਾ ਪ੍ਰੀਵਾਰ ਇੱਕ ਹੀ ਸ਼ਾਹੂਕਾਰ ਕੋਲ ਸੀ। ਪੁੱਤਰ ਭਾਰੀ ਕੰਮ ਕਰਦਾ। ਪਤਨੀ ਰਸੋਈ ਦਾ ਕੰਮ ਕਰਦੀ ਹੈ ਅਤੇ ਭਾਈ ਮੰਝ ਜੀ ਚੌਕੀਦਾਰ ਦਾ। ਇੱਕ ਦਿਨ ਰਾਤ ਨੂੰ ਕਾਫਲਾ ਰੁਕਿਆ ਹੋਇਆ ਸੀ। ਭਾਈ ਮੰਝ ਜੀ ਪਹਿਰਾ ਦੇ ਰਹੇ ਸਨ। ਚੋਰ ਚੋਰੀ ਕਰਨ ਲਈ ਆ ਗਏ। ਭਾਈ ਮੰਝ ਜੀ ਨੂੰ ਨੀਂਦ ਆ ਗਈ। ਆਪ 'ਤਾਤੀ ਵਾਓ ਨਾ ਲੱਗਈ ਪ੍ਰਾਬ੍ਰਹਮ ਸਰਣਾਈ, ਸ਼ਬਦ ਪੜ੍ਹਕੇ ਸੌਂ ਗਏ। ਜਦੋਂ ਚੋਰ ਬਾਹਰ ਜਾਣ ਲੱਗੇ ਤਾਂ ਸਿਰ ਕੰਧਾਂ ਵਿੱਚ ਵੱਜਣ, ਕੁੱਝ ਦਿਖਾਈ ਨਹੀਂ ਸੀ ਦਿੰਦਾ। ਗੁਰਬਾਣੀ ਦੇ ਸ਼ਬਦ ਸਦਕਾ ਕਾਫਲੇ ਦੁਆਲੇ ਕਿਲ੍ਹਾ ਜਿਹਾ ਬਣ ਗਿਆ। ਸਵੇਰਾ ਹੋਇਆ ਤਾਂ ਚੋਰ ਫੜੇ ਗਏ। ਭਾਈ ਮੰਝ ਜੀ ਨੂੰ ਦੋਸ਼ੀ ਮੰਨਕੇ ਸ਼ਾਹੂਕਾਰ ਦੇ ਸਾਹਮਣੇ ਪੇਸ਼ ਕੀਤਾ ਗਿਆ। ਸ਼ਾਹੂਕਾਰ ਭਾਈ ਮੰਝ ਜੀ ਨੂੰ ਇਵੇਂ ਡਾਂਟਦਾ ਫਿਟਕਾਰਦਾ ਹੈ।

## ਸਾਕਾ

ਸ਼ਾਹੂਕਾਰ ਨੇ ਮੰਝ ਨੂੰ ਫਿਰ ਸੱਦ ਬੁਲਾਇਆ
ਕਹਿੰਦਾ ਸੁੱਤਾ ਰਿਹਾ ਤੂੰ ਡਰ ਮੂਲ ਨਾ ਆਇਆ
ਤੈਨੂੰ ਮੁੱਲ ਖਰੀਦ ਕੇ ਮੈਂ ਹਾਂ ਪਛਤਾਇਆ
ਕੌਡੀ ਦਾ ਵੀ ਨਹੀਂ ਤੂੰ ਪੰਜ ਸੌ ਗੁਆਇਆ
ਕੀਤਾ ਹੋਇਆ ਪੁੰਨ ਕੋਈ ਅੱਜ ਅੱਗੇ ਆਇਆ
ਨਹੀਂ ਤਾਂ ਚੋਰਾਂ ਕਰ ਦਿੱਤਾ ਸੀ ਖ਼ੂਬ ਸਫਾਇਆ
ਚੰਗਾ ਬੁਧੂ ਅੱਜ ਤੱਕ 'ਰਣਜੀਤ' ਬਣਾਇਆ
'ਸੋਮਾ' ਗੋਲੀ ਮਾਰਕੇ ਹੁਣ ਜਾਏ ਉਡਾਇਆ

***

ਡਾਂਟ ਸੁਣਕੇ ਭਾਈ ਮੰਝ ਜੀ ਸ਼ਾਂਤ ਰਹੇ, ਕਹਿਣ ਲੱਗੇ ਕਿ ਸ਼ਾਹ ਜੀ ਮੈਂ ਕਸੂਰਵਾਰ ਹਾਂ। ਜੋ ਚਾਹੋ ਸਜ਼ਾ ਦੇ ਸਕਦੇ ਹੋ। ਮੈਂ ਡਿਊਟੀ ਗੁਰੂ ਸਾਹਿਬ ਦੇ ਹਵਾਲੇ ਕਰਕੇ ਸੌਂ ਗਿਆ ਸੀ। ਇਹ ਮੇਰੇ ਵਿਚ ਕਮੀ ਦੀ ਨਿਸ਼ਾਨੀ ਹੈ ਕਿ ਗੁਰੂ ਸਾਹਿਬ ਨੇ ਮੇਰੀ ਰੱਖਿਆ ਨਹੀਂ ਕੀਤੀ। ਪਰ ਜਦੋਂ ਸ਼ਾਹੂਕਾਰ ਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਉਸਨੇ ਭਾਈ ਮੰਝ ਜੀ ਤੋਂ ਮਾਫੀ ਮੰਗੀ ਅਤੇ ਸੱਚੇ ਗੁਰੂ ਦੇ ਦਰਸ਼ਨ ਕਰਵਾਉਣ ਲਈ ਬੇਨਤੀ ਕੀਤੀ। ਭਾਈ ਮੰਝ ਜੀ ਦੀਆਂ ਕੁੱਲਾਂ ਤਰ ਗਈਆਂ ਅਤੇ ਸ਼ਾਹੂਕਾਰ ਨੂੰ ਵੀ ਸੱਚਾ ਗੁਰੂ ਮਿਲ ਗਿਆ।

## ਬੈਂਤ

ਹੱਥ ਜੋੜਕੇ ਮੰਝ ਨੇ ਕਿਹਾ ਅੱਗੋਂ
ਸੱਚ ਆਖਦੇ ਹੋ ਗੁਨਾਹਗਾਰ ਹਾਂ ਮੈਂ
ਸਜ਼ਾ ਦੇ ਦਿਓ ਦਿਲ ਜੋ ਚਾਂਹਵਦਾ ਹੈ
ਠੀਕ ਸ਼ਾਹ ਜੀ ਕਸੂਰਵਾਰ ਹਾਂ ਮੈਂ

.......................................

ਆਈ ਨੀਂਦ ਸੀ ਅੱਧੀ ਜਦ ਰਾਤ ਬੀਤੀ
ਡਿਊਟੀ ਸੌਂਪ ਕੇ ਗੁਰਾਂ ਨੂੰ ਪੈ ਗਿਆ ਮੈਂ
ਪਤਾ ਨਹੀਂ ਕੀ ਰਾਤ ਭਰ ਰਿਹਾ ਹੁੰਦਾ
ਦਿਨ ਚੜ੍ਹਿਆ ਤਾਂ ਉਠ ਕੇ ਬਹਿ ਗਿਆ ਮੈਂ

.......................................

ਰਹਿ ਗਈ ਕਮੀ ਅਰਦਾਸ ਦੇ ਵਿਚ ਕੋਈ
ਗੁਰੂ ਤਾਂਹੀ ਤੇ ਦਾਸ ਨੂੰ ਬਹੁੜਿਆ ਨਹੀਂ
ਉਹਦੇ ਚੋਜ 'ਸੋਮਾ' ਉਹੀ ਜਾਣਦਾ ਏ
ਮੈਂ ਤਾਂ ਹੁਕਮ 'ਆਦਮਪੁਰੀਆ' ਕੋਈ ਮੋੜਿਆ ਨਹੀਂ

***

**ਤਰਜ਼:-ਜੱਗਾ**

ਸ਼ਾਹੂਕਾਰ: ਗੱਲ ਸੁਣਕੇ ਨਿਆਰੀ ਮੂਹੋਂ ਮੰਝ ਦੇ, ਗੱਲ ਸੁਣਕੇ
ਗੱਲ ਸੁਣਕੇ ਨਿਆਰੀ ਮੂਹੋਂ ਮੰਝ ਦੇ, ਸ਼ਾਹੂਕਾਰ ਹੱਥ ਜੋੜਕੇ ਬੋਲਦਾ
ਬੋਲਦਾ ਕਿ, ਇਹੋ ਜਿਹਾ ਗੁਰੂ ਸੱਜਣਾ ਮੈਂ ਸੀ ਟੋਲਦਾ

............................................

ਭਾਈ ਮੰਝ: ਅੰਮ੍ਰਿਤਸਰ ਪੂਰਾ ਗੁਰੂ ਪੰਜਵਾਂ, ਅੰਮ੍ਰਿਤਸਰ
ਅੰਮ੍ਰਿਤਸਰ ਪੂਰਾ ਗੁਰੂ ਪੰਜਵਾਂ, ਗੱਦੀ ਗੁਰੂ ਨਾਨਕ ਦੀ, ਸ਼ਾਹ ਜੀ
ਸ਼ਾਹ ਜੀ, ਕਿ ਮੁਕਤੀ ਦਾ ਉਥੋਂ ਲੱਭਦਾ ਸੱਚਾ ਰਾਹ ਜੀ

............................................

ਸ਼ਾਹੂਕਾਰ : ਜਿਹੜਾ ਪੱਤ ਸੇਵਕਾਂ ਦੀ ਰੱਖ ਲਏ, ਜਿਹੜਾ ਪੱਤ ਜੀ
ਜਿਹੜਾ ਪੱਤ ਸੇਵਕਾਂ ਦੀ ਰੱਖ ਲਏ ਉਹੀ ਗੁਰੂ ਬਣ ਸਕਦਾ, ਬੋਲਦਾ
ਬੋਲਦਾ, ਇਹੋ ਜਿਹਾ ਗੁਰੂ ਸੱਜਣਾ ਮੈਂ ਸੀ ਟੋਲਦਾ
ਬੋਲਦਾ, ਇਹੋ ਜਿਹਾ ਗੁਰੂ ਸੱਜਣਾ ਮੈਂ ਸੀ ਟੋਲਦਾ

............................................

ਭਾਈ ਮੰਝ: ਅਸੀਂ ਔਗੁਣਹਾਰੇ ਪਾਪੀ, ਅਸੀਂ ਔਗੁਣ
ਅਸੀਂ ਔਗੁਣਹਾਰੇ ਪਾਪੀ, ਤੇ ਗੁਰੂ ਬਖਸ਼ਣਹਾਰ ਹੈ ਸ਼ਾਹ ਜੀ
ਸ਼ਾਹ ਜੀ ਕਿ ਮੁਕਤੀ ਦਾ ਉਥੋਂ ਲੱਭਦਾ ਸੱਚਾ ਰਾਹ ਜੀ

............................................

ਸ਼ਾਹੂਕਾਰ: ਚੱਲ ਕਰ ਲਾਂ ਦੀਦਾਰ ਮੈਂ ਵੀ ਚੱਲਕੇ, ਚੱਲ ਕਰ ਲਾਂ
ਚੱਲ ਕਰ ਲਾਂ ਦੀਦਾਰ ਮੈਂ ਵੀ ਚੱਲਕੇ, ਤੁਸੀਂ ਹੋ ਅਜ਼ਾਦ ਅੱਜ ਤੋਂ
ਬੋਲਦਾ ਬੋਲਦਾ, ਕਿ ਇਹੋ ਜਿਹਾ ਗੁਰੂ ਸੱਜਣਾ ਮੈਂ ਸੀ ਟੋਲਦਾ

............................................

ਭਾਈ ਮੰਝ: 'ਸੋਮਾ' ਤਰਦੇ ਗੁਰੂ ਵਾਲੇ ਬਣਕੇ 'ਸੋਮਾ' ਤਰਦੇ
'ਸੋਮਾ' ਤਰਦੇ ਗੁਰੂ ਵਾਲੇ ਬਣਕੇ, ਜੱਗ ਵਿਚ ਪਾਪੀ ਵੀ ਸ਼ਾਹ ਜੀ
ਸ਼ਾਹ ਜੀ ਕਿ ਮੁਕਤੀ ਦਾ ਉਥੋਂ ਲੱਭਦਾ ਸੱਚਾ ਰਾਹ ਜੀ

***

ਭਾਈ ਮੰਝ ਪ੍ਰੀਵਾਰ ਸਮੇਤ ਗੁਰੂ ਘਰ ਦੀ ਸੇਵਾ ਵਿਚ ਜੁੜ ਜਾਂਦੇ ਹਨ। ਗੁਰੂ ਦੇ ਲੰਗਰ ਲਈ ਜੰਗਲਾਂ ਵਿਚੋਂ ਲੱਕੜਾਂ ਕੱਟਕੇ ਲਿਆਉਂਦੇ ਹਨ, ਇੱਕ ਦਿਨ ਹਨ੍ਹੇਰੀ ਆ ਗਈ ਤਾਂ ਆਪ ਲੱਕੜਾਂ ਦੇ ਭਾਰੇ ਸਮੇਤ ਖੂਹ ਵਿੱਚ ਡਿੱਗ ਪਏ। ਖੂਹ ਵਿਚ ਪਾਣੀ ਲੱਕ ਤਾਈਂ ਸੀ। ਆਪ ਨੇ ਲੱਕੜਾਂ ਭਿੱਜਣ ਨਹੀਂ ਦਿੱਤੀਆਂ। ਅਡੋਲ ਖੜ੍ਹੇ ਨਾਮ ਜਪਦੇ ਰਹੇ। ਅੰਤਰਜਾਮੀ ਸਤਿਗੁਰਾਂ ਨੂੰ ਗਿਆਨ ਹੋਇਆ ਕਿ ਭਾਈ ਮੰਝ ਖੂਹ ਵਿਚ ਡਿੱਗ ਪਏ ਹਨ। ਕਾਹਲੀ ਨਾਲ ਰੱਸੇ ਮੰਗਵਾਕੇ ਅਤੇ ਸੇਵਕਾਂ ਨੂੰ ਨਾਲ ਲੈ ਕੇ ਖੂਹ ਤੇ ਪਹੁੰਚੇ। ਗੁਰਸਿੱਖਾਂ ਨੇ ਭਾਈ ਮੰਝ ਨੂੰ ਕਿਹਾ ਕਿ ਰੱਸਾ ਫੜਕੇ ਉਪਰ ਆ ਜਾਓ। ਭਾਈ ਮੰਝ ਨੇ ਕਿਹਾ, ਪਹਿਲਾਂ ਲੱਕੜਾਂ ਬਾਹਰ ਕੱਢ ਲਓ ਫਿਰ ਮੈਂ ਆਵਾਂਗਾ, ਇਸ ਤਰ੍ਹਾਂ ਹੀ ਹੋਇਆ, ਜਦੋਂ ਬਾਹਰ ਆਕੇ ਭਾਈ ਮੰਝ ਜੋ ਸਤਿਗੁਰਾਂ ਦੇ ਦਰਸ਼ਨ ਕੀਤੇ ਤਾਂ ਚਰਨਾਂ ਉਤੇ ਡਿੱਗ ਪਏ, ਸਤਿਗੁਰਾਂ ਨੂੰ ਭਾਈ ਮੰਝ ਨੂੰ ਚੁੱਕ ਕਿ ਗੱਲ ਨਾਲ ਲਗਾ ਲਿਆ ਅਤੇ ਵਰ ਦਿੱਤਾ 'ਮੰਝ ਪਿਆਰਾ ਗੁਰੂ ਨੂੰ, ਗੁਰੂ ਮੰਝ ਪਿਆਰਾ। ਸਤਿਗੁਰ ਸੱਚੇ ਪਾਤਸ਼ਾਹ ਭਾਈ ਮੰਝ ਨਾਲ ਇਸ ਤਰ੍ਹਾਂ ਬਚਨ ਬਿਲਾਸ ਕਰਦੇ ਹਨ।

ਸੀਨੇ ਲਾਕੇ ਮੰਝ ਨੂੰ ਇਹ ਬਚਨ ਉਚਾਰਾ
ਮੰਝ ਪਿਆਰਾ ਗੁਰੂ ਨੂੰ, ਗੁਰ ਮੰਝ ਪਿਆਰਾ
ਮੰਝ ਪਿਆਰਾ ਗੁਰੂ ਨੂੰ................

ਸੇਵਾ ਤੇਰੀ ਸਫਲ ਹੋਈ ਕਰ ਲਈ ਬਥੇਰੀ
ਜੋ ਮੰਗਣਾ ਹੁਣ ਮੰਗ ਲੈ ਜੋ ਮਰਜ਼ੀ ਤੇਰੀ
ਭਵਜਲ ਵਿਚੋਂ ਹੋ ਗਿਆ ਤੇਰਾ ਪਾਰ ਉਤਾਰਾ
ਮੰਝ ਪਿਆਰਾ ਗੁਰੂ ਨੂੰ...............

ਤੇਰੇ ਵਰਗਾ ਸਿੱਖ ਹੋਰ ਕੋਈ ਵਿਰਲਾ ਭਾਈ
ਰਾਮ ਨਾਮ ਦੀ ਜਿਸਨੇ ਕਰ ਲਈ ਕਮਾਈ
ਗਰਭ ਜੂਨੀਂ ਵਿਚ ਆਏਂਗਾ ਨਾ ਕਦੇ ਦੁਬਾਰਾ
ਮੰਝ ਪਿਆਰਾ ਗੁਰੂ..................

ਹੱਥ ਜੋੜਕੇ ਮੰਝ ਨੇ 'ਸੋਮਾ' ਅਰਜ ਗੁਜ਼ਾਰੀ
ਨਾਮ ਜਪਦਿਆਂ ਲੰਘ ਜਾਏ ਹੁਣ ਉਮਰ ਇਹ ਸਾਰੀ
'ਆਦਮਪੁਰੀਆ' ਹੋਰ ਨਹੀਂ ਹੁਣ ਕੁੱਝ ਗਵਾਰਾ
ਮੰਝ ਪਿਆਰਾ ਗੁਰੂ ਨੂੰ................

***

# ਪ੍ਰਸੰਗ: ਭਾਈ ਤਿਲੋਕਾ ਜੀ

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਦਰਬਾਰ ਲੱਗਾ ਹੋਇਆ ਹੈ। ਕਥਾ ਕੀਰਤਨ ਅਤੇ ਗੁਰੂ ਵਿਚਾਰਾਂ ਤੋਂ ਬਾਦ ਸੰਗਤਾਂ ਸਤਿਗੁਰਾਂ ਦੇ ਦਰਸਨ ਕਰਕੇ ਗੁਰ ਉਪਦੇਸ਼ ਲੈ ਲੈ ਕੇ ਘਰਾਂ ਨੂੰ ਜਾਂਦੀਆਂ ਹਨ। ਗਜ਼ਨੀ ਦੇ ਰਹਿਣ ਵਾਲਾ ਇੱਕ ਗੁਰਸਿੱਖ ਭਾਈ ਤਿਲੋਕਾ ਕਈ ਦਿਨਾਂ ਤੋਂ ਆਕੇ ਸੰਗਤਾਂ ਦੀ ਸੇਵਾ ਕਰਦਾ ਹੈ। ਵਾਪਸ ਜਾਣ ਦਾ ਦਿਨ ਆਇਆ ਤਾਂ ਸਤਿਗੁਰਾਂ ਦੇ ਸਨਮੁੱਖ ਹੋਕੇ ਹੱਥ ਜੋੜਕੇ ਇਸ ਤਰ੍ਹਾਂ ਬੇਨਤੀ ਕਰਦਾ ਹੈ।

## ਸਾਕਾ

ਬੈਠੇ ਪੰਜਵੇਂ ਪਾਤਸ਼ਾਹ ਦਰਬਾਰ ਲਗਾਕੇ
ਚਰਨੀ ਮੱਥਾ ਟੇਕਿਆ ਇੱਕ ਸਿੱਖ ਨੇ ਆਕੇ
ਹੱਥ ਬੰਨ੍ਹ ਕੀਤੀ ਬੇਨਤੀ ਗਲ ਪੱਲਾ ਪਾਕੇ
ਬਖ਼ਸ਼ੋ ਕੋਈ ਉਪਦੇਸ਼ ਦਾਸ ਨੂੰ ਚਰਨੀਂ ਲਾਕੇ
....................

ਤੱਕਿਆ ਸ਼ਰਧਾ ਪ੍ਰੇਮ ਜਦੋਂ ਸਤਿਗੁਰ ਫੁਰਮਾਇਆ
ਉਠਦੇ ਬਹਿੰਦੇ ਸਤਿਨਾਮ ਹੀ ਜਾਏ ਧਿਆਇਆ
ਪ੍ਰਮੇਸ਼ਰ ਦੇ ਘਰ ਕਦੇ ਹੰਕਾਰ ਨਹੀਂ ਭਾਇਆ
ਦਯਾ ਕਰਨੀ ਜੀਵ ਤੇ 'ਸੋਮਾ' ਸਮਝਾਇਆ।

***

ਭਾਈ ਤਿਲੋਕਾ ਗੁਰ ਉਪਦੇਸ਼ ਅਨੁਸਾਰ ਸਵਾਸ ਸਵਾਸ ਪ੍ਰਮਾਤਮਾ ਧਿਆਉਣ ਲੱਗਾ। ਕਿਉਂਕਿ ਆਪ ਗਜ਼ਨੀ ਦੇ ਹਾਕਮ ਦੇ ਹਿਫਾਜ਼ਤੀ ਦਸਤੇ ਦੇ ਮੁਖੀ ਸਨ, ਇਸ ਲਈ ਜਦੋਂ ਵੀ ਕਦੇ ਹਾਕਮ ਨੇ ਜਾਣਾ ਹੁੰਦਾ ਤਾਂ ਆਪ ਸਦਾ ਨਾਲ ਜਾਂਦੇ। ਇੱਕ ਦਿਨ ਹਾਕਮ ਦੇ ਨਾਲ ਸ਼ਿਕਾਰ ਖੇਡਣ ਗਏ ਤਾਂ ਐਸਾ ਭਾਣਾ ਵਰਤਿਆ ਜਿਸ ਨੇ ਭਾਈ ਤਿਲੋਕਾ ਜੀ ਦੀ ਜ਼ਿੰਦਗੀ ਦਾ ਰੁਖ ਹੀ ਬਦਲ ਦਿੱਤਾ।

## ਵਾਰ

ਰਹੇ ਤਿਲੋਕਾ ਸ਼ਹਿਰ ਵਿਚ ਜੀ ਸੰਗ ਪੂਰੇ ਪ੍ਰੀਵਾਰ
ਗਜ਼ਨੀ ਦੇ ਹਾਕਮ ਦੇ ਹਿਫਾਜ਼ਤੀ ਸੀ ਦਸਤੇ ਦਾ ਸਰਦਾਰ
ਚੌੜੀ ਛਾਤੀ ਮੂੰਹ ਤੇ ਰੋਹਬ ਸੀ, ਚਿਹਰਾ ਭਖਦਾ ਜਿਉਂ ਅੰਗਿਆਰ
ਗਲ ਵਿਚ ਪਾਕੇ ਹਰਦਮ ਰੱਖਦਾ, ਸੀ ਤਿੰਨ ਫੁੱਟੀ ਤਲਵਾਰ
ਮੁੱਛਾਂ ਕੁੰਡੀਆਂ ਨੂੰ ਵੱਟ ਚਾੜ੍ਹਕੇ, ਸੀ ਜਾਂਦਾ ਵਿਚ ਦਰਬਾਰ
ਰਹਿੰਦਾ ਹਰਦਮ ਹਾਕਮ ਨਾਲ ਉਹ, ਜਦ ਜਾਂਦਾ ਕਿਧਰੇ ਬਾਹਰ
ਇੱਕ ਦਿਨ ਆਖਣ ਲੱਗਾ ਸਿੱਖ ਨੂੰ ਅੱਜ ਚਲੀਏ ਕਰਨ ਸ਼ਿਕਾਰ
ਲੈ ਕੇ ਨਾਲ ਸਿਪਾਹੀ ਚੋਣਵੇਂ, ਹੋ ਗਏ ਘੋੜਿਆਂ ਤੇ ਅਸਵਾਰ
ਘੋੜੇ ਹਵਾ ਦਾ ਕਰਨ ਮੁਕਾਬਲਾ, ਕਰਦੇ ਜਾਂਦੇ ਮਾਰੋ ਮਾਰ
'ਸੋਮਾ ਆਦਮਪੁਰੀਆ' ਆ ਗਏ ਸੰਘਣੇ ਜੰਗਲ ਦੇ ਵਿਚਕਾਰ

***

ਜੰਗਲ ਵਿਚ ਹਿਰਨੀ ਦਾ ਸ਼ਿਕਾਰ ਕਰਨਾ।

## ਵਾਰ

ਰਹੇ ਭਾਲਦੇ ਜੰਗਲੀ ਜੀਵ ਸਾਰੇ, ਹਾਥੀ ਹਿਰਨ ਚੀਤਾ ਅਤੇ ਸ਼ੇਰ ਭਾਈ
ਹਿਰਨੀ ਇੱਕ ਵੀਚਾਰੀ ਸੀ ਦੁੱਖਾਂ ਮਾਰੀ, ਰਲਕੇ ਸਾਰਿਆਂ ਨੇ ਲਈ ਘੇਰ ਭਾਈ
..........................................................

ਧੂਕੇ ਝੱਟ ਤਲਵਾਰ ਮਿਆਨ ਵਿਚੋਂ, ਮਾਰੀ ਹਿਰਨੀ ਦੇ ਨਾ ਲਾਈ ਦੇਰ ਭਾਈ
ਕਰਮਾਂ ਮਾਰੀ ਜ਼ਮੀਨ ਤੇ ਪਈ ਤੜਫੇ, ਲੱਤਾਂ ਮਾਰਦੀ ਹੰਝੂ ਰਹੀ ਕੇਰ ਭਾਈ
..........................................................

ਬੱਚੇ ਪੇਟ ਦੇ ਵਿਚੋਂ ਦੋ ਬਾਹਰ ਆ ਗਏ, ਉਹ ਵੀ ਤੜਫ ਕੇ ਹੋ ਗਏ ਢੇਰ ਭਾਈ
ਬੱਚੇ ਦੇਖ ਤੜਫਦੇ ਅੱਖਾਂ ਸਾਹਵੇਂ, ਨਿਕਲੀ ਦਰਦ ਭਰੀ ਮੂੰਹੋਂ ਲੇਰ ਭਾਈ
..........................................................

ਆਇਆ ਯਾਦ ਉਪਦੇਸ਼ ਜੋ ਸੀ ਗੁਰਾਂ ਦਿੱਤਾ, ਬੜਾ ਦੁਖੀ ਹੋਕੇ ਪਤਛਾਉਣ ਲੱਗਾ
ਹੋਇਆ ਪਾਪ ਹੈ ਗੁਰੂ ਜੀ ਬਖਸ਼ ਦੇਵੋ, ਅਗੋਂ ਕਦੇ ਨਹੀਂ ਜ਼ੁਲਮ ਕਮਾਉਣ ਲੱਗਾ
..........................................................

ਪਹਿਨਾਂ ਲੱਕੜ ਦੀ ਮੈਂ ਤਲਵਾਰ ਅੱਜ ਤੋਂ, ਮਾਫੀ ਮੰਗਦਾ ਕੰਨਾਂ ਨੂੰ ਹੱਥ ਲਾਉਣ ਲੱਗ
'ਸੋਮਾ ਆਦਮਪੁਰੀਆ' ਕਸਮ ਖਾਧੀ, ਲਾਹਨਤ ਆਪਣੇ ਆਪ ਨੂੰ ਪਾਉਣ ਲੱਗਾ
..........................................................

***

ਹਿਰਨੀ ਦੇ ਸ਼ਿਕਾਰ ਨੇ ਭਾਈ ਤਿਲੋਕੇ ਦੇ ਦਿਲ ਤੇ ਗਹਿਰੀ ਸੱਟ ਮਾਰੀ। ਉਸਨੂੰ ਸਤਿਗੁਰਾਂ ਦਾ ਦਿੱਤਾ ਉਪਦੇਸ਼ ਯਾਦ ਆਇਆ ਕਿ ਸਦਾ ਜੀਵਾਂ ਤੇ ਦਯਾ ਕਰਨੀ ਹੈ। ਕਿਸੇ ਤੇ ਜ਼ੁਲਮ ਨਹੀਂ ਕਰਨਾ। ਉਸ ਦਿਨ ਤੋਂ ਉਸਨੇ ਫੌਲਾਦੀ ਤਲਵਾਰ ਦੀ ਜਗ੍ਹਾ ਲੱਕੜ ਦੀ ਤਲਵਾਰ ਪਾਉਣੀ ਸ਼ੁਰੂ ਕਰ ਦਿੱਤੀ, ਕਿਸੇ ਚੁਗਲਖੋਰ ਨੂੰ ਪਤਾ ਲੱਗ ਗਿਆ। ਉਸਨੇ ਹਾਕਮ.ਕੋਲ ਸ਼ਿਕਾਇਤ ਕਰ ਦਿੱਤੀ। ਸਿੱਖ ਦੀ ਕਿਵੇਂ ਪਰਖ ਹੁੰਦੀ ਹੈ ਅਤੇ ਗੁਰੂ ਮਹਾਰਾਜ ਕਿਵੇਂ ਆਪਣੇ ਸਿੱਖ ਦੀ ਪੱਤ ਰੱਖਦੇ ਹਨ ਵਾਰ ਦੇ ਰੂਪ ਵਿਚ ਪੇਸ਼ ਹੈ।

## ਵਾਰ

ਘਰ ਰੱਖੀ ਤਲਵਾਰ ਫੌਲਾਦ ਦੀ, ਲਈ ਲਕੜ ਦੀ ਮਿਆਨ ਵਿਚ ਪਾ
ਪਰ ਇੱਕ ਦਿਨ ਕਿਸੇ ਚੁਗਲਖੋਰ ਨੇ, ਕੀਤੀ ਚੁਗਲੀ ਹਾਕਮ ਕੋਲ ਜਾ

..............................................................

ਤਲਵਾਰ ਲੱਕੜ ਦੀ ਪਹਿਨਦਾ, ਉੱਲੂ ਰਿਹਾ ਏ ਸੱਭ ਨੂੰ ਬਣਾ
ਧੋਖਾ ਦੇਊਗਾ ਕਦੇ ਉਹ ਹਜ਼ੂਰ ਨੂੰ, ਭੈੜਾ ਸਮਾਂ ਗਿਆ ਜੇ ਆ

..............................................................

ਇੱਕ ਦਿਨ ਅਚਾਨਕ ਖਾਨ ਨੇ, ਲਏ ਸਭ ਦਰਬਾਰੀ ਬੁਲਾ,
ਕਹਿੰਦਾ ਢਾਲ ਤਲਵਾਰ ਮੈਂ ਪਰਖਣੀ, ਲਏ ਵਿਚ ਕਤਾਰ ਖੜਾ

..............................................................

ਇਹ ਸੁਣਕੇ ਤਿਲੋਕਾ ਕੰਬਿਆ, ਗਿਆ ਡਾਢਾ ਦਿਲੋਂ ਘਬਰਾ
ਕਹਿੰਦਾ ਰੱਖਿਆ ਕਰੋ ਮੇਰੀ ਗੁਰੂ ਜੀ, ਜਿਵੇਂ ਲਈ ਸੀ ਦਰੋਪਤੀ ਬਚਾ

..............................................................

ਖਿੱਚੀ ਫੇਰ ਤਲਵਾਰ ਮਿਆਨ 'ਚੋਂ, ਚਿੱਤ ਚਰਨਾਂ ਦੇ ਵਿਚ ਲਾ
ਤੱਕ ਚਮਕ ਦਮਕ ਤਲਵਾਰ ਦੀ, ਅੱਖਾਂ ਸਭ ਦੀਆਂ ਗਈਆਂ ਚੁੰਧਿਆ

..............................................................

ਰੱਖੀ ਲਾਜ ਗੁਰੂ ਨੇ ਸਿੱਖ ਦੀ, 'ਸੋਮਾ' ਨਕਲੀ ਤੋਂ ਅਸਲੀ ਬਣਾ
ਖੁਸ਼ ਹੋਇਆ ਹਾਕਮ ਇਹ ਵੇਖਕੇ, ਦਿੱਤੀ ਤਲਬ 'ਆਦਮਪੁਰੀਆ' ਵਧਾ

***

# ਪ੍ਰਸੰਗ: ਸੰਮਣ ਮੂਸਣ

ਲਹੌਰ ਸ਼ਹਿਰ ਦੇ ਰਹਿਣ ਵਾਲੇ ਸੰਮਣ ਅਤੇ ਮੂਸਣ (ਪਿਉ-ਪੁੱਤਰ) ਗੁਰੂ ਘਰ ਦੇ ਬਹੁਤ ਸ਼ਰਧਾਲੂ ਸਨ, ਆਪ ਦੋਨੋਂ ਰਾਜਗਿਰੀ ਦੀ ਕ੍ਰਿਤ ਕਰਕੇ ਆਪਣਾ ਘਰ ਦਾ ਖਰਚ ਚਲਾਉਂਦੇ ਅਤੇ ਗੁਰੂ ਦੇ ਨਾਮ ਦਾ ਦਸਵੰਧ ਵੀ ਕੱਢਦੇ, ਜੋ ਦਸਵੰਧ ਦੀ ਰਕਮ ਬਣਦੀ ਇੱਕ ਸੇਠ ਕੋਲ ਰੱਖ ਦਿੰਦੇ। ਇੱਕ ਵਾਰੀ ਗੁਰੂ ਅਰਜਨ ਦੇਵ ਜੀ ਸੰਗਤਾਂ ਨੂੰ ਤਾਰਦੇ ਹੋਏ ਲਾਹੌਰ ਸ਼ਹਿਰ ਗਏ, ਗੁਰੂ ਘਰ ਦੇ ਪ੍ਰੇਮੀ ਘਰਾਂ ਵਿਚ ਬੁਲਾ ਕੇ ਗੁਰੂ ਮਹਾਰਾਜ ਅਤੇ ਸੰਗਤਾਂ ਦੀ ਸੇਵਾ ਕਰਦੇ। ਸੰਮਣ ਅਤੇ ਮੂਸਣ ਦੇ ਦਿਲ ਵਿਚ ਦੀ ਚਾਅ ਪੈਦਾ ਹੋਇਆ। ਸਤਿਗੁਰਾਂ ਤੋਂ ਆਗਿਆ ਤਾਂ ਲੈ ਲਈ ਪਰ ਜਮਾਂ ਰਕਮ ਬਹੁਤ ਘੱਟ ਸੀ। ਕਿਵੇਂ ਸੇਠ ਤੋਂ ਕਰਜ਼ਾ ਮੰਗਦੇ ਹਨ, ਕਿਵੇਂ ਸੇਠ ਹਾਂ ਕਰਕੇ ਮੁੱਕਰ ਜਾਂਦਾ ਹੈ ਅਤੇ ਕਿਵੇਂ ਗੁਰੂ ਦਾ ਸਿੱਖ ਸੰਗਤਾਂ ਦੀ ਸੇਵਾ ਕਰਨ ਹਿੱਤ ਆਪਣਾ ਸੀਸ ਤੱਕ ਕਟਵਾ ਲੈਂਦਾ ਹੈ ਕਿਵੇਂ ਸਤਿਗੁਰ ਸੱਚੇ ਪਾਤਸ਼ਾਹ ਇਸ ਮਹਾਂ ਵਾਕ ਨੂੰ (ਸਤਿਗੁਰ ਮੇਰਾ ਮਾਰ ਜੀਵਾਲੇ) ਸੱਚ ਕਰਕੇ ਦਿਖਾਉਂਦੇ ਹਨ ਇਸ ਪ੍ਰਸੰਗ ਵਿਚ ਦਰਜ ਹੈ।

## ਵਾਰ

ਰਹਿੰਦੇ ਵਿਚ ਲਹੌਰ ਦੇ, ਸੰਮਣ ਮੂਸਣ ਨਾਲ ਪਿਆਰ
ਕਰਦੇ ਦਸਾਂ ਨੌਂਹਾਂ ਦੀ ਕ੍ਰਿਤ ਉਹ, ਬਾਪੂ ਪੁੱਤਰ ਨਾਲ ਪਿਆਰ
ਕੌੜਾ ਬੋਲ ਕਦੇ ਨਾ ਬੋਲਦੇ, ਐਸੀ ਲਈ ਨਿਮ੍ਰਤਾ ਧਾਰ
ਸੋਭਾ ਕਰਨ ਉਹਨਾਂ ਦੀ ਜੋ ਵੀ, ਨਰ ਨਾਰੀ ਵਿਚ ਬਜ਼ਾਰ
ਸ਼ਾਮ ਸਵੇਰੇ ਝਾੜੂ ਮਾਰਦੇ, ਉਹ ਜਾਕੇ ਗੁਰੂਦੁਆਰ
ਅਮਲੀ ਬਣ ਗਏ ਉਹ ਸਤਸੰਗ ਦੇ, ਚੜ੍ਹਿਆ ਨਾਮ ਦਾ ਰਹੇ ਖੁਮਾਰ
ਸੇਵਾ ਅਤੇ ਪ੍ਰੇਮ ਦਾ ਚਾਅ ਜੋ, ਠਾਠਾਂ ਰਿਹਾ ਸੀ ਦਿਲ ਵਿਚ ਮਾਰ
'ਸੋਮਾ ਆਦਮਪੁਰੀਆ' ਕਦੇ ਨਾ, ਕਰਦੇ ਲੋਭ ਮੋਹ ਹੰਕਾਰ

***

ਸੰਮਣ ਅਤੇ ਮੂਸਣ ਨੇ ਸਤਿਗੁਰਾਂ ਅੱਗੇ ਬੇਨਤੀ ਕਰਨੀ।

**ਤਰਜ਼: ਲੈ ਕੇ ਪਹਿਲਾ ਪਹਿਲਾ ਪਿਆਰ**

ਸੰਮਣ ਮੂਸਣ ਨਾਲ ਪਿਆਰ, ਆਏ ਸਤਿਗੁਰ ਦੇ ਦਰਬਾਰ
ਹੱਥ ਜੋੜੇ ਤੇ ਚਰਨਾਂ ਤੇ ਕੀਤੀ ਨਮਸਕਾਰ.......
..............................................

ਕਹਿਣ ਲੱਗੇ ਪਾਤਸ਼ਾਹ ਨਿਮਾਣੇ ਤੇ ਨਿਤਾਣੇ ਹਾਂ
ਮਾਫ ਕਰੀਂ ਬੋਲ ਸਾਡੇ ਅਕਲੋਂ ਨਿਆਣੇ ਹਾਂ
ਦਾਤਾ ਕਰਕੇ ਤੇਰਾ ਦੀਦਾਰ, ਸਾਨੂੰ ਚੜ੍ਹਿਆ ਅੱਜ ਖੁਮਾਰ
ਹੱਥ ਜੋੜੇ ਤੇ ਚਰਨਾਂ ਤੇ.................
..............................................

ਕਰੋ ਜੇ ਕਬੂਲ ਇੱਕ, ਅਰਜ਼ ਗਰੀਬਾਂ ਦੀ
ਤੁਸਾਂ ਹੱਥ ਕਲਮ ਹੈ, ਸਾਡਿਆਂ ਨਸੀਬਾਂ ਦੀ
ਅਸੀਂ ਭਾਵੇਂ ਗੁਨਾਹਗਾਰ, ਕਰੋ ਕ੍ਰਿਪਾ ਦਾਤਾਰ
ਹੱਥ ਜੋੜੇ ਤੇ ਚਰਨਾਂ ਤੇ.................
..............................................

ਪ੍ਰਸ਼ਾਦਾ ਸੰਗਤਾਂ ਨੂੰ ਚਾਹੁੰਦੇ ਹਾਂ ਛਕਾਵਣਾ
ਬੇਨਤੀ ਹੈ ਝੌਂਪੜੀ 'ਚ ਚਰਨ ਤੁਸੀਂ ਪਾਵਣਾ
'ਸੋਮਾ ਆਦਮਪੁਰੀਆ' ਗੰਵਾਰ, ਸਾਨੂੰ ਬਖਸ਼ੋ ਬਖਸ਼ਣਹਾਰ
ਹੱਥ ਜੋੜੇ ਤੇ ਚਰਨਾਂ ਤੇ.................
..............................................

***

ਸੰਮਣ ਮੂਸਣ ਦਾ ਸ਼ਾਹੂਕਾਰ ਅੱਗੇ ਹੋਰ ਪੈਸਿਆਂ ਲਈ ਤਰਲਾ।

**ਤਰਜ਼: ਨਹੀਓਂ ਭੁੱਲਣਾ ਵਿਛੋੜਾ ਮੈਨੂੰ ਤੇਰਾ**

ਜੀਣ ਜੁੱਗ ਜੁੱਗ ਬੱਚੇ ਸੇਠ ਤੇਰੇ, ਘਰ 'ਚ ਬਹਾਰ ਰਹੇ
ਦਾਨੀ ਤੁਸਾਂ ਜਿਹਾ ਵਿਰਲਾ ਹੀ ਕੋਈ, ਸਾਡੇ ਜਿਹੇ ਹਜ਼ਾਰ ਰਹੇ......
..........................................................

ਅਸਾਂ ਗਰੀਬਾਂ ਦੀ ਬਾਂਹ ਫੜਦੇ, ਤੁਸਾਂ ਜਿਹੇ ਜੋ ਦਾਨੀ
ਸਿਫਤ ਤੁਸਾਂ ਦੀ ਕਰ ਨਹੀਂ ਸਕਦੇ, ਐਪਰ ਅਸੀਂ ਜ਼ੁਬਾਨੀ
ਤੁਸੀਂ ਸਾਡੇ ਲਈ ਹੋ ਚਾਨਣ ਮੁਨਾਰੇ, ਨਹੀਂ ਤਾਂ ਅੰਧਿਆਰ ਰਹੇ
ਦਾਨੀ ਤੁਸਾਂ ਜਿਹਾ ਵਿਰਲਾ ਹੀ ਕੋਈ..............
..........................................................

ਲੋੜ ਪਈ ਹੈ ਡਾਢੀ ਸਾਡੀ ਇੱਜ਼ਤ ਹੱਥ ਤੁਹਾਡੇ
ਪੰਜਵੇਂ ਨਾਨਕ ਨੇ ਸੰਗਤ ਨਾਲ ਆਉਣਾ ਹੈ ਘਰ ਸਾਡੇ
ਕਰੋ ਕਿਰਪਾ ਰੁਪਈਏ ਕੁੱਝ ਦੇਕੇ, ਸ਼ਾਹ ਜੀ ਉਧਾਰ ਰਹੇ
ਦਾਨੀ ਤੁਸਾਂ ਜਿਹਾ ਵਿਰਲਾ ਹੀ ਕੋਈ.....................
..........................................................

ਮੋੜ ਦਿਆਂਗੇ ਲਾਕੇ ਨਾਲ ਵਿਆਜ ਬਣੂ ਜੋ ਪੂਰਾ
'ਸੋਮਾ ਆਦਮਪੁਰੀਆ' ਰਹਿ ਨਾ ਜਾਏ ਸੰਕਲਪ ਅਧੂਰਾ
ਰੱਖੇ ਤੁਸਾਂ ਨੂੰ ਸਦਾ ਹੀ ਰੱਬ ਰਾਜ਼ੀ, ਸੋਭਾ ਜੁੱਗ ਚਾਰ ਰਹੇ
ਦਾਨੀ ਤੁਸਾਂ ਜਿਹਾ ਵਿਰਲਾ ਹੀ ਕੋਈ..........
..........................................................

***

ਸੇਠ ਵਲੋਂ ਪੈਸੇ ਦੇਣ ਤੋਂ ਇਨਕਾਰ ਕਰਨਾ। ਸੰਮਣ ਦੇ ਤਰਲੇ ਅਤੇ ਸੇਠ ਦੇ ਜਵਾਬ।

**ਤਰਜ਼:-ਯੇਹ ਦੇਸ਼ ਹੈ ਵੀਰ ਜਵਾਨੋਂ ਕਾ**

ਸੰਮਣ: ਕੀ ਭੁੱਲ ਅਸਾਂ ਤੋਂ ਹੋਈ ਹੈ, ਠੁਕਰਾਈ ਜੋ ਅਰਜੋਈ ਹੈ
ਮੈਂ ਪੈਰੀਂ ਪਵਾਂ ਤੁਹਾਡੇ ਜੀ, ਤੁਸੀਂ ਮਾਈ ਬਾਪ ਹੋ ਸਾਡੇ ਜੀ
..........................................................

ਸੇਠ: ਮੈਂ ਝੂਠੀ ਗੱਲ ਬਣਾਈ ਨਾ, ਹੁਣ ਮੇਰੇ ਕੋਲ ਤੇ ਪਾਈ ਨਾ
ਕਿੱਥੋਂ ਮੈਂ ਦੇਵਾਂ ਤੈਨੂੰ ਓਏ, ਸੰਮਣ ਸਮਝਾ ਤੂੰ ਮੈਨੂੰ ਓਏ
..........................................................

ਸੰਮਣ: ਮੈਂ ਗਰੀਬ, ਗਰੀਬ ਨਿਵਾਜ਼ ਤੁਸੀਂ, ਅੱਜ ਰੱਖੋ ਮੇਰੀ ਲਾਜ ਤੁਸੀਂ
ਸ਼ਾਹ ਜੀ ਪੱਗ ਪੈਰੀਂ ਧਰਦਾ ਹਾਂ, ਜੋ ਆਖੋ ਵਾਹਦਾ ਕਰਦਾ ਹਾਂ
..........................................................

ਸੇਠ: ਕੋਈ ਪਹਿਲੋਂ ਆਕੇ ਲੈ ਗਿਓ ਓਏ, ਹੁਣ ਕੋਲ ਨਾ ਧੇਲਾ ਰਹਿ ਗਿਆ ਓਏ
ਜਾਹ ਹੋਰ ਕਿਤੋਂ ਲੈ ਲਾ ਜਾਕੇ, ਕੋਈ ਟੂੰਬ ਛੱਲਾ ਗਹਿਣੇ ਪਾਕੇ
..........................................................

ਸੰਮਣ: ਨਾ ਮੋੜੋ ਦਰੋਂ ਸਵਾਲੀ ਨੂੰ, ਭਰ ਦਿਓ ਇਸ ਝੋਲੀ ਖਾਲ੍ਹੀ ਨੂੰ
ਐਧਰ ਓਧਰੋਂ ਲਓ ਲੱਭ ਤੁਸੀਂ, ਸਾਡੇ ਲਈ ਤੇ ਹੋ ਰੱਬ ਤਸੀਂ
..........................................................

ਸੇਠ: ਗੱਲ ਸੁਣ ਲੈ ਹੁਣ ਤੂੰ ਕੋਰੀ ਓਏ, ਇਹਦੇ ਵਿਚ ਨਾ ਕੋਈ ਚੋਰੀ ਓਏ
ਮੁੜਨੇ ਨਹੀਂ ਪੈਸੇ ਤੇਰੇ ਤੋਂ, ਛੱਡ ਹੋਣੇ ਨਹੀਂ ਇਹ ਮੇਰੇ ਤੋਂ
..........................................................

ਸੰਮਣ: ਪਰਨੋਟ ਤੁਸੀਂ ਲਿਖਵਾਓ ਜੀ, ਜੋ ਚਾਹੁੰਦੇ ਸ਼ਰਤ ਲਗਾਓ ਜੀ
ਮੈਂ ਕੀਤਾ ਵਚਨ ਨਿਭਾਵਾਂਗਾ, ਘਰ ਵੇਚ ਕੇ ਕਰਜ਼ ਚੁਕਾਵਾਂਗਾ
..........................................................

ਸੇਠ: ਹੈ ਪੱਥਰ ਤੇ ਲਕੀਰ ਮੇਰੀ, ਲੈ ਸੁਣ ਲੈ ਗੱਲ ਅਖੀਰ ਮੇਰੀ
'ਸੋਮਾ' ਨਾ ਦੇਰੀ ਲਾਵਾਂਗਾ, ਹੁਣ ਧੱਕੇ ਮਾਰ ਦੁੜਾਵਾਂਗਾ
..........................................................

***

ਸੇਠ ਵੱਲੋਂ ਇਨਕਾਰ ਕਰਨ ਤੇ ਵੀ ਸੰਮਣ-ਮੂਸਣ ਗੁਰੂ ਤੋਂ ਬੇਮੁਖ ਨਹੀਂ ਹੋਣਾ ਚਾਹੁੰਦੇ। ਸੱਚੀ ਸੇਵਾ ਦੀ ਖਾਤਰ ਕੁਰਬਾਨੀ ਕਰਨ ਤੋਂ ਵੀ ਪਿੱਛੇ ਨਹੀਂ ਹਟਦੇ।

**ਤਰਜ਼:-ਪਿਆਰ ਦੇ ਭੁਲੇਖੇ ਕਿੰਨੇ ਸੋਹਣੇ ਸੋਹਣੇ ਖਾ ਗਏ**

ਸੁਣ ਕੇ ਜਵਾਬ ਪਿਓ ਪੁੱਤ ਨੇ ਵੀਚਾਰਦੇ
ਸੰਨ੍ਹ ਲਾਉਣ ਦੀ ਨੇ ਦੋਨੋਂ ਦਿਲ ਵਿਚ ਧਾਰਦੇ
ਸੁਣ ਕੇ ਜਵਾਬ..................
..................................

ਬੀਤੀ ਜਾਂ ਰਾਤ ਅੱਧੀ, ਘਰੋਂ ਬਾਹਰ ਆ ਗਏ
ਹੱਥ ਤਲਵਾਰ ਲੈ ਕੇ, ਮੁੱਖੜੇ ਛੁਪਾ ਲਏ
ਛੁਪਦੇ ਛੁਪਾਉਂਦੇ ਦੋਨੋਂ, ਆ ਗਏ ਸ਼ਾਹੂਕਾਰ ਦੇ
ਸੁਣ ਕੇ ਜਵਾਬ..................
..................................

ਪਾੜੀ ਉਹਨਾਂ ਛੱਤ ਫਿਰ, ਕੋਠੇ ਉਤੇ ਚੜ੍ਹਕੇ
ਦਿਲ ਧੱਕ ਧੱਕ ਕਰੇ, ਪੱਤਾ ਵੀ ਜਾਂ ਖੜਕੇ
ਮੋਘੇ ਵਿਚੋਂ ਮੂਸਣ ਨੂੰ, ਥੱਲੇ ਨੇ ਉਤਾਰਦੇ
ਸੁਣ ਕੇ ਜਵਾਬ..................
..................................

ਲੋੜ ਜਿੰਨੀ ਮਾਇਆ ਚੁੱਕ, ਪਿਓ ਨੂੰ ਫੜਾਂਵਦਾ
'ਸੋਮਾ' ਦੇਖੋ ਰੱਬ ਕੀ ਹੈ, ਭਾਣਾ ਵਰਤਾਂਵਦਾ
ਪਰ ਸੱਚੇ ਸਿੱਖ ਕਦੇ, ਸਿਦਕੋਂ ਨਾ ਹਾਰਦੇ
ਸੁਣ ਕੇ ਜਵਾਬ..................
..................................

***

ਇਮਿਤਹਾਨ ਦੀ ਘੜੀ। ਜਿਸ ਮੋਘੇ ਰਾਹੀਂ ਅੰਦਰ ਗਿਆ ਸੀ ਉਸ ਰਾਹੀਂ ਬਾਹਰ ਨਹੀਂ ਆ ਸਕਿਆ। ਮੋਘਾ ਤੰਗ ਹੋ ਗਿਆ ਸੀ। ਸੀਸ ਕਟਵਾ ਲਿਆ ਪਰ ਸਿਦਕ ਨਹੀਂ ਹਾਰਿਆ।

## ਵਾਰ

ਭਾਣਾ ਰੱਬ ਦਾ ਹੋਇਆ ਮੋਘਾ ਤੰਗ ਜੀ
ਉਪਰ ਸਕਿਆ ਨਾ ਮੂਸਣ ਆ
ਲਾਇਆ ਜੋਰ ਵਥੇਰਾ ਪਿਉ ਪੁੱਤ ਨੇ
ਗਏ ਡਾਢੇ ਦਿਲੋਂ ਘਬਰਾ
..............................

ਜਾਵੇ ਸਮਾਂ ਤੇਜ਼ੀ ਨਾਲ ਬੀਤਦਾ
ਰਹੇ ਕੁੱਕੜ ਨੂੰ ਬਾਂਗ ਸੁਣਾ
ਹੋਊ ਸਾਰੇ ਸ਼ਹਿਰ ਵਿਚ ਨਿੰਦਿਆ
ਰਿਹਾ ਡਰ ਹੈ ਦੋਨਾਂ ਨੂੰ ਖਾ
..............................

ਸਿਰ ਕੱਟ ਲਓ ਪਿਤਾ ਜੀ ਲਾਓ ਦੇਰ ਨਾ
ਸਕੂ ਧੜ ਨੂੰ ਨਾ ਕੋਈ ਪਛਾਣ
ਸੇਵਾ ਸੰਗਤਾਂ ਦੀ ਸਿਰੇ ਹੈ ਚੜ੍ਹਾਵਣੀ
ਸਾਡਾ ਪ੍ਰੀਤਮ ਜਾਣੀ ਜਾਣ
..............................

ਸੇਵਾ ਪਰੇਮ ਦਾ ਨਿਸ਼ਾਨਾ ਮੁੱਖ ਰੱਖ ਕੇ
ਮਾਰੀ ਸੰਮਣ ਨੇ ਫਿਰ ਤਲਵਾਰ
ਹੱਥੀਂ ਆਪਣੀ ਪਿਓ ਨੇ ਪੁੱਤ ਦਾ
ਸਿਰ ਦਿੱਤਾ ਫਿਰ ਧੜ ਤੋਂ ਉਤਾਰ
..............................

ਲੈ ਕੇ ਸੀਸ ਇਕਲੌਂਤੇ ਪੁੱਤ ਦਾ
ਘਰ ਆਇਆ ਗੁਰੂ ਦਾ ਸਿੱਖ
ਮਹਿਮਾ ਤੇਰੇ ਸਿੱਖਾਂ ਦੀ ਦਾਤਿਆ
'ਆਦਮਪੁਰੀਆ ਸਕੇ ਨਾ ਲਿਖ

..............................

'ਸੋਮਾ' ਰੱਖਕੇ ਸੀਸ ਵਿਚ ਕੋਠੜੀ
ਲੱਗ ਪਏ ਪਕਵਾਨ ਪਕੌਂਣ
ਧੰਨ ਤੂੰ ਧੰਨ ਸਿੱਖ ਤੇਰੇ ਸਤਿਗੁਰਾ
ਮੰਨ ਭਾਣਾ ਸ਼ੁਕਰ ਮਨੌਂਣ

..............................

***

ਭਾਈ ਮੂਸਣ ਨੂੰ ਸੇਵਾ ਵਿਚ ਨਾ ਦੇਖਕੇ ਜਾਣੀ ਜਾਣ ਗੁਰੂ ਜੀ ਕਾਰਨ ਪੁੱਛਦੇ ਹਨ ਅਤੇ ਉਸ ਨੂੰ ਬੁਲਾਉਣ ਲਈ ਆਖਦੇ ਹਨ। ਸੰਮਣ ਚਰਨਾਂ ਤੇ ਸੀਸ ਰੱਖਕੇ ਆਖਦਾ ਹੈ ਕਿ ਜਿਥੇ ਉਹ ਪਹੁੰਚ ਗਿਆ ਹੈ ਉਥੋਂ ਸੱਚੇ ਪਾਤਸ਼ਾਹ ਤੁਸੀਂ ਹੀ ਬੁਲਾ ਸਕਦੇ ਹੋ। ਕ੍ਰਿਪਾ ਨਿਧਾਨ ਗੁਰੂ ਜੀ ਮੂਸਣ ਨੂੰ ਇਸ ਤਰ੍ਹਾਂ ਪੁਕਾਰਦੇ ਹਨ।

**ਤਰਜ਼:-ਦੋ ਊਠਾਂ ਵਾਲੇ ਨੀ**

ਉਠ ਮੂਸਣ ਪੁੱਤਰਾ ਵੇ, ਆਜਾ ਲੱਗ ਜਾ ਗਲੇ ਨਾਲ ਮੇਰੇ
ਸੇਵਾ ਪਰਵਾਨ ਹੋਈ, ਗਾਊ ਗੀਤ ਸਦਾ ਜੱਗ ਤੇਰੇ
.........................................

ਤੱਕ ਜਜ਼ਬਾ ਸੇਵਾ ਦਾ, ਮੈਂ ਕਰਬਾਨ ਤੇਰੇ ਤੋਂ ਜਾਵਾਂ
ਕਿਉਂ ਲੰਮੀਆਂ ਤਾਣ ਸੁੱਤਾ, ਤੈਨੂੰ ਕੀ ਮੈਂ ਆਖ ਜਗਾਵਾਂ
ਸੰਗਤ ਉਡੀਕਦੀ ਏ, ਸੌਂਦੇ ਸਿੱਖ ਨਾ ਕਦੇ ਅਵੇਰੇ
ਸੇਵਾ ਪਰਵਾਨ ਹੋਈ, ਗਾਊ ਗੀਤ............
......................................................

ਸੇਵਾ ਨੂੰ ਕਹਿ ਕੇ ਤੇ, ਹੁਣ ਤੂੰ ਮੁਖੜਾ ਕਿਉਂ ਛੁਪਾਉਂਦਾ
ਸੰਗਤ ਘਰ ਸੱਦਕੇ ਤੇ, ਹੁਣ ਤੂੰ ਬਾਹਰ ਕਿਉਂ ਨਹੀਂ ਆਉਂਦਾ
ਇੰਜ ਕਰਨਾ ਠੀਕ ਨਹੀਂ, ਕਦ ਤੱਕ ਰਹਿਣਾ ਵਿਚ ਹਨ੍ਹੇਰੇ
ਸੇਵਾ ਪਰਵਾਨ ਹੋਈ, ਗਾਊ ਗੀਤ............
......................................................

ਸਤਿਨਾਮ ਵਾਹਿਗੁਰੂ ਦਾ, ਕਰਦਾ ਜਾਪ ਮੂਸਣ ਉਠ ਤੁਰਿਆ
ਢਹਿ ਚਰਨੀਂ ਸਤਿਗੁਰ ਦੇ, ਸਦਾ ਲਈ ਚਰਨਾਂ ਦੇ ਨਾਲ ਜੁੜਿਆ
'ਸੋਮਾ' ਸਿੱਖ ਵਿਰਲੇ ਨੇ, ਪਖੰਡੀ ਮੇਰੇ ਜਿਹੇ ਵਥੇਰੇ
ਸੇਵਾ ਪਰਵਾਨ ਹੋਈ, ਗਾਊ ਗੀਤ............
......................................................

***

## ਪ੍ਰਸੰਗ: ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ

ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਪੁੱਤਰ ਦਾ ਵਰ ਦੇਣਾ। ਛੇਵਾਂ ਪਾਤਸ਼ਾਹ ਦਾ ਗੁਰਗੱਦੀ ਤੇ ਬੈਠਣਾ, ਮੀਰੀ ਪੀਰੀ ਦੀਆਂ ਤਲਵਾਰਾਂ ਧਾਰਨ ਕਰਨਾ ਚੰਦੂ ਦੀ ਈਰਖਾ, ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਵਾਉਣਾ, ਬਾਦਸ਼ਾਹ ਜਹਾਂਗੀਰ ਨੂੰ ਸੁਪਨੇ ਵਿਚ ਸਿੱਖਾਂ ਨੇ ਡਰਾਉਣਾ, ਕਿਲ੍ਹੇ ਵਿਚ 52 ਰਾਜਿਆਂ ਸਮੇਤ ਰਿਹਾ ਹੋਣਾ, ਜਹਾਂਗੀਰ ਵਲੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮਾਣ ਸਤਿਕਾਰ ਕਰਨਾ ਚੰਦੂ ਨੂੰ ਗੁਰੂਸਾਹਿਬ ਦੇ ਹਵਾਲੇ ਕਰਨਾ ਅਤੇ ਚੰਦੂ ਦੀ ਮੌਤ ਇਸ ਪ੍ਰਸੰਗ ਵਿਚ ਕਲਮਬੰਦ ਹੈ।

### ਕਲੀ

ਸੁਣਕੇ ਬਚਨ ਨਿਮਰਤਾ ਵਾਲੇ ਬਾਬੇ ਬੁੱਢੇ ਨੇ
ਮਾਤਾ ਗੰਗਾ ਜੀ ਨੂੰ ਏਦਾਂ ਬਚਨ ਸੁਣਾਇਆ

ਪੁੱਤਰ ਹੋਵੇਗਾ ਐਸਾ ਮਾਤਾ ਘਰ ਆਪ ਦੇ
ਪਾਪੀ ਮੁਗਲਾਂ ਦਾ ਹੈ ਕਰਨਾ ਜਿਹਨੇ ਸਫਾਇਆ

ਉਹਦੀ ਸ਼ਾਨ ਦੇਖਕੇ ਰਾਜੇ ਵੀ ਭੈ ਖਾਣਗੇ
ਸੋਹਣੀ ਕਲਗੀ ਲਾਕੇ ਜਦ ਦਰਬਾਰ ਲਗਾਇਆ

ਬੰਦੀ-ਛੋੜ ਹੋਊਗਾ ਪੁੱਤਰ ਤੇਰਾ ਸੂਰਮਾ
ਹੋਣੀ ਜੈ ਜੈ ਉੱਧਰ ਜਿੱਥਰ ਪੈਰ ਵਧਾਇਆ

ਪਹਿਨੂੰ ਦੋ ਤਲਵਾਰਾਂ ਮਾਲਕ ਮੀਰੀ ਪੀਰੀ ਦਾ
ਚੰਮੂ ਪੈਰ ਫਤਿਹ ਜਦ ਵਿਚ ਮੈਦਾਨੇ ਆਇਆ

ਤਖਤ ਬਣਾਊ ਉੱਚਾ ਸਭ ਦੁਨੀਆਵੀ ਤਖਤਾਂ ਤੋਂ
'ਸੋਮਾ ਆਦਮਪੁਰੀਆ' ਜਾਊ ਮਾਣ ਵਧਾਇਆ।

***

ਪੰਜਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਮਗਰੋਂ ਗੁਰੂ ਹਰਿਗੋਬਿੰਦ ਜੀ ਦਾ ਗੁਰ ਗੱਦੀ ਤੇ ਬਿਰਾਜਮਾਨ ਹੋਣਾ।

## ਵਾਰ

ਦਿਨ ਤੇਰਵੀਂ ਆ ਗਿਆ, ਸਜ ਗਿਆ ਗੁਰੂ ਦਰਬਾਰ
ਪਗੜੀ ਦੀ ਰਸਮ ਨਿਭੌਂਣ ਲਈ, ਸਭ ਆ ਗਏ ਰਿਸ਼ਤੇਦਾਰ

ਮਸੰਦ ਲਿਆਇਆ ਮਾਲਾ ਸੇਹਲੀ, ਪੁਰਾਤਨ ਰੀਤਾਂ ਅਨੁਸਾਰ
ਐਪਰ ਚੋਜ ਦੇਖੋਂ ਗੁਰਦੇਵ ਦੇ, ਕਰ ਦਿੱਤਾ ਏ ਇਨਕਾਰ

ਕਹਿੰਦੇ ਸ਼ਸਤਰ ਧਾਰਨ ਕਰਾਂਗੇ, ਇਹ ਸਮੇਂ ਦੀ ਹੈ ਵੰਗਾਰ
ਬਦਲਾ ਲੈਣਾਂ ਪੂਜਯ ਪਿਤਾ ਦਾ, ਪਾਪੀ ਮੌਤ ਦੇ ਘਾਟ ਉਤਾਰ

ਪਹਿਨੀ ਸੱਜੇ ਖੱਬੇ ਸ਼ਹਿਨਸ਼ਾਹ, ਮੀਰੀ ਪੀਰੀ ਦੀ ਤਲਵਾਰ
ਆਦਮਪੁਰੀਆ ਇਹ ਕੀ ਹੋ ਗਿਆ, 'ਸੋਮਾ' ਕਰਦੇ ਮਸੰਦ ਵਿਚਾਰ।

***

ਚੰਦੂ ਦੀ ਖੋਟੀ ਨੀਅਤ।

## ਗੱਡੀ

ਚੰਦੂ ਚੰਦਰੇ ਨੇ ਕਹਿਰ ਕਮਾਇਆ, ਅਜੇ ਵੀ ਨਾ ਹੋਇਆ ਕਾਲਜਾ ਠੰਡਾ ਓਸ ਦਾ
ਠੰਡਾ ਉਸ ਦਾ ਸੀਨੇ 'ਚ ਅੱਗ ਬਲਦੀ ਬਦਲੇ ਦੀ ਪਾਪੀ ਦੇ, ਸੋਚਾਂ ਸੋਚਦਾ
ਸੋਚਾਂ ਸੋਚਦਾ, ਪਤਾ ਨਹੀਂ ਕਦੋ ਮਾਰ ਦਏ ਡੰਗ ਆਕੇ ਨਾਗ ਦਾ ਬੱਚਾ, ਨੀਤੀ ਦੱਸਦੀ
ਨੀਤੀ ਦੱਸਦੀ, ਉਸੇ ਦੀ ਜਿੱਤ ਹੋਵੇ, ਵਾਰ ਜਿਹੜਾ ਕਰ ਜਾਵੇ ਪਹਿਲਾਂ, ਪਹਿਲਾਂ
ਹਰ ਦਮ ਸੋਚਦਾ ਰਹੇ ਵਿਚ ਮਹਿਲਾਂ..............................
..........................................................

ਓਹਨੇ ਸੱਦ ਲਏ ਪੰਡਤ ਅਤੇ ਮੌਲਵੀ, ਲੰਗੋਟੀਏ ਜੋ ਯਾਰ ਉਸਦੇ, ਡਰ ਪਾ ਦਿਓ
ਡਰ ਪਾ ਦਿਓ, ਸ਼ਹਿਨਸ਼ਾਹ ਨੂੰ ਜੇਕਰ ਸਾੜ੍ਹਸਤੀ ਆਈ ਉਸਤੇ, ਡਰ ਮੌਤ ਦਾ
ਡਰ ਮੌਤ ਦਾ ਤੇ ਰਾਜ ਖੁਸ ਜਾਣ ਦਾ, ਨਹੀਂ ਤੇ ਬਚਾ ਕਰ ਲਓ, ਕਿਸੇ ਪੀਰ ਨੂੰ
ਕਿਸੇ ਪੀਰ ਨੂੰ ਮਨਾ ਲਓ 'ਸੋਮਾ' ਚਾਲੀ ਦਿਨ ਪਾਠ ਕਰੋ ਆਕੇ, ਆਕੇ
ਮੂੰਹ ਮੰਗੀ ਦੌਲਤ ਦੇਊਂ ਕੰਮ ਮੁਕਾਕੇ..........................
..........................................................

***

ਚੰਦੂ ਪਾਪੀ ਦੀ ਚੰਡਾਲ ਚੌਕੜੀ ਨੇ ਜਹਾਂਗੀਰ ਬਾਦਸ਼ਾਹ ਨੂੰ ਵਹਿਮ ਵਿਚ ਪਾ ਦਿੱਤਾ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲੋਂ ਜਾਪ ਕਰਵੌਣ ਲਈ ਗਵਾਲੀਅਰ ਦਾ ਕਿਲ੍ਹਾ ਚੁਣ ਲਿਆ ਗਿਆ। ਇਹ ਇੱਕ ਤਰ੍ਹਾਂ ਦਾ ਧੋਖੇ ਨਾਲ ਕੈਦ ਕਰਨਾ ਸੀ। ਕੁੱਝ ਸਮੇਂ ਬਾਅਦ ਬਾਦਸ਼ਾਹ ਭੁੱਲ ਗਿਆ ਤਾਂ ਗੁਰੂ ਦੇ ਸਿੱਖਾਂ ਨੇ ਉਸਨੂੰ ਡਰਾਵੇ ਦੇ ਕੇ ਯਾਦ ਕਰਵਾਇਆ ਅਤੇ ਬਾਦਸ਼ਾਹ ਨੂੰ ਆਪਣੀ ਗਲਤੀ ਦਾ ਅਹਿਸਾਸ ਸੁਪਨਿਆਂ ਵਿਚ ਵੀ ਹੋਣ ਲੱਗ ਪਿਆ।

**ਤਰਜ਼:- ਦੋ ਛੜਿਆਂ ਨੂੰ ਫੋਟੋ ਲੱਭੀ ਮੇਮ ਦੀ**

ਕਰਕੇ ਵਾਹਦਾ ਕਿਉਂ ਭੁਲਾਇਆ ਬਾਦਸ਼ਾਹ, ਦਸ ਹੁਣ ਕੀ ਮਰਜ਼ੀ
ਜਿੰਦ ਕੱਢ ਦੇਈਏ ਜਾਂ ਤੈਨੂੰ ਛੱਡ ਦੇਈਏ, ਜਿੰਦ ਕੱਢ.........
.........................................................

ਸਿੱਖਾਂ ਦਾ ਉਹ ਗੁਰੂ ਪੀਰ ਹੈ ਪੀਰਾਂ ਦਾ
ਕੈਦੀ ਕਰ ਲਿਆ ਤੂੰ ਮਾਲਕ ਤਕਦੀਰਾਂ ਦਾ
ਕਰਕੇ ਬਚਨ ਨਾ ਤੋੜ ਨਿਭਾਇਆ ਬਾਦਸ਼ਾਹ, ਦੱਸ ਹੁਣ ਕੀ ਮਰਜ਼ੀ
ਜਿੰਦ ਕੱਢ ਲਈਏ ਜਾਂ ਤੈਨੂੰ.........................
.........................................................

ਬਾਦਸ਼ਾਹ ਹਿੰਦ ਦਾ ਐਪਰ ਦਿਲ ਦਾ ਛੋਟਾ ਤੂੰ
ਕਪਟੀ ਅਤੇ ਫਰੇਬੀ ਦਿਲ ਦਾ ਖੋਟਾ ਤੂੰ
ਮੱਥਾ ਅੱਲਾ ਨਾਲ ਤੂੰ ਲਾਇਆ ਬਾਦਸ਼ਾਹ, ਦੱਸ ਹੁਣ ਕੀ ਮਰਜ਼ੀ
ਜਿੰਦ ਕੱਢ ਲਈਏ ਜਾਂ ਤੈਨੂੰ...........................
.........................................................

ਕਰ ਲੈ ਯਾਦ ਖੁਦਾ ਨੂੰ ਕਾਲ ਤੇਰਾ ਆ ਗਿਆ
'ਸੋਮਾ ਆਦਮਪੁਰੀਆ' ਕਿਉਂ ਘਬਰਾ ਗਿਆ
ਦੁਨੀਆ ਨੂੰ ਤੂੰ ਬੜਾ ਸਤਾਇਆ, ਬਾਦਸ਼ਾਹ, ਦੱਸ ਹੁਣ ਕੀ ਮਰਜ਼ੀ
ਜਿੰਦ ਕੱਢ ਦੇਈਏ ਜਾਂ ਤੈਨੂੰ...................
.........................................................

***

ਬਾਦਸ਼ਾਹ ਜਹਾਂਗੀਰ ਵਲੋਂ ਗੁਰੂ ਸਾਹਿਬ ਜੀ ਨੂੰ ਕਿਲ੍ਹੇ ਵਿਚੋਂ ਵਾਪਸ ਲਿਔਣ ਦਾ ਵਾਹਦਾ ਕਰਨਾ।

## ਧਾਰਨਾ

ਦਿਨ ਚੜ੍ਹਦੇ ਹੀ ਹੁਕਮ ਸੁਣਾਵਾਂ, ਭੁੱਲ ਹੋ ਗਈ ਮਾਫ ਕਰ ਦੇਓ
ਦਿਨ ਚੜ੍ਹਦੇ ਹੀ ਹੁਕਮ ਸੁਣਾਵਾਂ................
..................................................

ਮੈਂ ਤਾਂ ਉਸ ਪੀਰ ਦਿਆਂ ਚਰਨਾਂ ਦੀ ਖਾਕ ਹਾਂ
ਬਾਦਸ਼ਾਹ ਹਾਂ ਭਾਵੇਂ ਪਰ ਉਨ੍ਹਾਂ ਦਾ ਮੈਂ ਚਾਕ ਹਾਂ
ਕਿਵੇਂ ਤੁਸਾਂ ਨੂੰ ਯਕੀਨ ਦੁਆਵਾਂ, ਭੁੱਲ ਹੋ ਗਈ ਮਾਫ ਕਰ ਦੇਓ
ਦਿਨ ਚੜ੍ਹਦੇ ਹੀ ਹੁਕਮ ਸੁਣਾਵਾਂ................
..................................................

ਸਾੜ੍ਹ ਸਤੀ ਕੋਲੋਂ ਮਿਹਰ ਉਹਨਾਂ ਦੀ ਨਾ ਬਚਿਆ
ਸ਼ਾਹੀ ਮਹਿਮਾਨਾਂ ਵਾਂਗੂ ਉਹਨਾਂ ਨੂੰ ਮੈਂ ਰੱਖਿਆ
ਪੈਰੀ ਤੁਸਾਂ ਦੇ ਮੈਂ ਸੀਸ ਝੁਕਾਵਾਂ, ਭੁੱਲ ਹੋ ਗਈ ਮਾਫ ਕਰ ਦੇਓ
ਦਿਨ ਚੜ੍ਹਦੇ ਹੀ ਹੁਕਮ ਸੁਣਾਵਾਂ................
..................................................

ਜਿਵੇਂ ਤੁਸੀਂ ਆਖਦੇ ਹੋ ਉਂਜ ਹੀ ਮੈਂ ਕਰਾਂਗਾ
ਸਾਰੀ ਹੀ ਉਮਰ ਪਾਣੀ ਤੁਸਾਂ ਦਾ ਮੈਂ ਭਰਾਂਗਾ
'ਆਦਮਪੁਰੀਆ ਸੋਮਾ' ਮੈਂ ਪਛਤਾਵਾਂ, ਭੁੱਲ ਹੋ ਗਈ ਮਾਫ ਕਰ ਦੇਓ
ਦਿਨ ਚੜ੍ਹਦੇ ਹੀ ਹੁਕਮ ਸੁਦਾਵਾਂ..................
.......................................................

***

ਗੁਰੂ ਸਾਹਿਬ ਨੇ ਆਪਣੀ ਰਿਹਾਈ ਦੇ ਨਾਲ ਹੀ 52 ਰਾਜਿਆਂ ਦੀ ਰਿਹਾਈ ਦੀ ਸ਼ਰਤ ਵੀ ਰੱਖ ਦਿੱਤੀ। 52 ਕਲੀਆਂ ਵਾਲਾ ਚੋਲਾ ਪਾਕੇ ਆਪ ਨੇ ਰਾਜੇ ਵੀ ਰਿਹਾ ਕਰਵਾ ਲਏ।

## ਸਾਕਾ

ਲੈ ਸ਼ਾਹੀ ਫੁਰਮਾਨ ਦਰੋਗਾ ਕਿਲ੍ਹੇ 'ਚ ਆਇਆ
ਹੱਥ ਜੋੜਕੇ ਸੀਸ ਗੁਰਾਂ ਨੂੰ ਆਣ ਝੁਕਾਇਆ

ਕੀਤਾ ਬਚਨ ਹਜ਼ੂਰ ਨੇ ਹੈ ਤੋੜ ਨਿਭਾਇਆ
ਕਲੀਆਂ 52 ਜਿਹਦੀਆਂ, ਚੋਲਾ ਮੰਗਵਾਇਆ

ਕੈਦੀ ਰਿਹਾ ਕਰਾਉਣ ਲਈ ਗਲ ਆਪਣੇ ਪਾਇਆ
ਇੱਕ ਇੱਕ ਫੜ ਲਉ ਲੜੀ ਸਭ ਫਿਰ ਆਖ ਸੁਣਾਇਆ

ਸਾਹ ਸੁੱਖ ਦਾ ਲਿਆ ਰਾਜਿਆਂ ਸ਼ੁਕਰ ਮਨਾਇਆ
'ਸੋਮਾ' ਛੇਵਾਂ ਪਾਤਸ਼ਾਹ, ਬੰਦੀ-ਛੋੜ ਕਹਾਇਆ।

***

ਸਤਿਗੁਰਾਂ ਦਾ ਗਵਾਲੀਅਰ ਤੋਂ ਸਿੱਧਾ ਦਿੱਲੀ ਆਉਣਾ ਅਤੇ ਬਾਦਸ਼ਾਹ ਦੀ ਬੇਨਤੀ ਮੰਨ ਕੇ ਉਸ ਨੂੰ ਦਰਸ਼ਨ ਦੇਣ ਲਈ ਦਰਬਾਰ ਵਿਚ ਜਾਣਾ।

## ਕਬਿੱਤ

ਮਾਣ ਸਤਿਕਾਰ ਨਾਲ, ਜਹਾਂਗੀਰ ਬਾਦਸ਼ਾਹ ਨੇ
ਚੰਦਨ ਦੀ ਚੌਂਕੀ ਉਤੇ, ਗੁਰਾਂ ਨੂੰ ਬਿਠਾਇਆ ਏ
..............................................

ਕਹਿੰਦਾ ਅਹਿਸਾਨ ਬੜਾ, ਤੁਸਾਂ ਦਾ ਹੈ ਮੇਰੇ ਉਤੇ
ਸਾੜ੍ਹਸਤੀ ਕੋਲੋਂ ਦਾਸ, ਆਪਣਾ ਬਚਾਇਆ ਏ
..............................................

ਇਸ ਮਾਲਾ ਵਿਚੋਂ ਇੱਕ, ਮਣਕਾ ਬਖਸ਼ ਦਿਓ
ਮਾਲਾ ਦਾ ਬਣਾਵਾਂ ਮੇਰੂ, ਚਾਅ ਮੈਨੂੰ ਆਇਆ ਏ
..............................................

ਇਹਦੇ ਨਾਲੋਂ ਸੋਹਣੀ ਮਾਲਾ, ਪਿਤਾ ਜੀ ਦੇ ਕੋਲ ਸੀਗੀ
ਉਹੀ ਲੈ ਲਓ ਚੰਦੂ ਕੋਲੋਂ, ਗੁਰਾਂ ਫੁਰਮਾਇਆ ਏ
..............................................

ਭੇਜਕੇ ਸਿਪਾਹੀ ਜਹਾਂਗੀਰ ਨੇ ਚੰਦੂ ਦੇ ਤਾਈਂ
ਪਲਾਂ ਵਿਚ ਕੋਲ ਫਿਰ, ਆਪਣੇ ਬੁਲਾਇਆ ਏ
..............................................

ਕਹਿੰਦਾ ਮਾਲਾ ਲੈ ਆ ਜਿਹੜੀ, ਰੱਖੀ ਏ ਛੁਪਾਕੇ ਛੇਤੀ
ਸੁਣਕੇ ਹੁਕਮ ਚੰਦੂ, ਪਾਪੀ ਘਬਰਾਇਆ ਏ
..............................................

ਘਰ ਬਾਹਰ ਖੱਲਾਂ ਖੂੰਜੇ, ਟੋਲ ਟੋਲ ਥੱਕ ਗਿਆ
ਲੱਭੀ ਨਹੀਂ ਮਾਲਾ, ਖਾਲ੍ਹੀ ਹੱਥ ਮੁੜ ਆਇਆ ਏ
..............................................

ਸੁਣ ਕੇ ਜਵਾਬ ਕੋਰਾ, ਗੁਰਾਂ ਕਿਹਾ ਬਾਦਸ਼ਾਹ ਨੂੰ
ਸਿੱਖ ਤੇ ਸਿਪਾਹੀ ਭੇਜੋ, ਲਿਆਉਣਗੇ ਇਹ ਭਾਲਕੇ

.................................................

ਕੋਠੜੀ ਦੇ ਵਿਚ ਹੈ, ਸੰਦੂਕ ਜਿਹੜਾ ਲੱਕੜੀ ਦਾ
ਉਹਦੇ ਵਿਚ ਰੱਖੀ ਹੋਈ ਏ, ਇਸਨੇ ਸੰਭਾਲਕੇ

.................................................

ਥਰ ਥਰ ਕੰਬੇ ਚੰਦੂ, ਭਰੇ ਦਰਬਾਰ ਵਿਚ
ਸਿੱਖ ਤੇ ਸਿਪਾਹੀ ਮਾਲਾ ਲੈ ਆਏ ਜਾ ਨਿਕਾਲਕੇ

.................................................

ਝਾੜ-ਝੰਬ ਕੀਤੀ ਚੰਗੀ, ਬਾਦਸ਼ਾਹ ਨੇ ਚੰਦੂ ਦੀ ਸੀ
'ਸੋਮਾ ਆਦਮਪੁਰੀਆ' ਜੀ, ਭੋਏਂ ਤੇ ਬਿਠਾਲਕੇ

***

ਚੰਦੂ ਦੀ ਹਕੀਕਤ ਬਾਦਸ਼ਾਹ ਦੇ ਸਾਹਮਣੇ ਆ ਚੁੱਕੀ ਸੀ। ਝੂਠੇ ਅਤੇ ਮਕਾਰ ਚੰਦੂ ਨੂੰ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤਾ।

## ਵਾਰ

ਝੂਠਾ ਜਾਣ ਕੇ ਚੰਦੂ ਨੂੰ ਜਹਾਂਗੀਰ ਦਾ
ਉਠ ਗਿਆ ਸਾਰਾ ਇਤਵਾਰ
ਕਹਿੰਦਾ ਕਰੇਂ ਫਰੇਬ ਫਰੇਬੀਆ
ਤੂੰ ਪਾਪੀ ਵਡ-ਗੁਨਾਹਗਾਰ.......
.....................................

ਇਹ ਮੁਲਜ਼ਿਮ ਗੁਰੂ ਜੀ ਆਪ ਦਾ
ਜੋ ਚਾਹੋ ਦੇ ਦਿਓ ਦੰਡ
ਜਾਂ ਮਾਰੋ ਸਮੇਤ ਪ੍ਰੀਵਾਰ ਦੇ
ਜਾਂ ਕਰੋ ਇਸਤਰੀ ਰੰਡ.............
.....................................

ਲਓ ਬਦਲਾ ਆਪਣੇ ਬਾਪ ਦਾ
ਜੋ ਕੀਤਾ ਇਸਨੇ ਕਹਿਰ
ਕੱਢੀ ਰੜਕ ਇਸ ਨੇ ਆਪਣੀ
ਮੇਰਾ ਨਹੀਂ ਤੁਸਾਂ ਨਾਲ ਵੈਰ.........
.....................................

'ਸੋਮਾ ਆਦਮਪੁਰੀਆ' ਇਸਨੂੰ
ਹੁਣ ਐਸਾ ਸਬਕ ਸਿਖਾਓ
ਜਾਂ ਮਾਰੋ ਬੰਦ ਬੰਦ ਕੱਟਕੇ
ਜਾਂ ਕੁੱਤਿਆਂ ਤੋਂ ਤੁੜਵਾਓ..........

***

ਚੰਦੂ ਪਾਪੀ ਦੀ ਮੌਤ ਲਹੌਰ ਸ਼ਹਿਰ ਵਿਚ ਉਸੇ ਭੜਭੂੰਜੇ ਹੱਥੋਂ ਹੀ ਹੋਈ ਜਿਸ ਕੋਲੋਂ ਚੰਦੂ ਨੇ ਗੁਰੂ ਅਰਜਨ ਦੇਵ ਜੀ ਦੇ ਸੀਸ ਉਤੇ ਤੱਤਾ ਰੇਤਾ ਪੁਆਇਆ ਸੀ।

**ਤਰਜ਼:- ਤੇਰੀਆਂ ਉਡੀਕਾਂ, ਮਾਰਾਂ ਕੰਧਾਂ ਉਤੇ ਲੀਕਾਂ**

ਪਾਕੇ ਨੱਕ 'ਚ ਨਕੇਲ, ਕੱਢ ਲਿਆ ਵਿਚੋਂ ਜੇਹਲ
ਟੁੱਟੇ ਛਿੱਤਰਾਂ ਦਾ ਹਾਰ ਗਲ ਪਾਂਵਦੇ
ਚੰਦੂ ਚੰਦਰੇ ਨੂੰ ਸ਼ਹਿਰ 'ਚ ਘੁਮਾਂਵਦੇ, ਚੰਦੂ ਚੰਦਰੇ ਨੂੰ...........
.........................................................

ਲੰਘਦਾ ਬਜ਼ਾਰ 'ਚੋਂ ਜਾਂ ਲੋਕੀਂ ਉਤੇ ਥੁੱਕਦੇ
ਭਰ ਭਰ ਬੁੱਕ ਕੋਈ ਸੁਆਹ ਦੀ ਨੇ ਸੁੱਟਦੇ
ਲੋਕੀਂ ਕਰਦੇ ਮਖੌਲ, ਪਾਪੀ ਵਿਸ ਰਿਹਾ ਘੋਲ
ਡੰਡਾ ਮਾਰ ਵਾਂਗੂ ਰਿੱਛ ਦੇ ਨਚਾਂਵਦੇ
ਚੰਦੂ ਚੰਦਰੇ ਨੂੰ ਸ਼ਹਿਰ 'ਚ ਘੁਮਾਂਵਦੇ, ਚੰਦੂ ਚੰਦਰੇ ਨੂੰ...........
.........................................................

ਰਾਹ ਜਾਂਦੇ ਰਾਹੀਆਂ ਨੇ ਵੀ ਮਾਰ ਲਈਆਂ ਜੁੱਤੀਆਂ
ਮਾਵਾਂ ਕਹਿਣ ਇਹਦੇ ਨਾਲੋਂ ਚੰਗੀਆਂ ਨਿਪੁੱਤੀਆਂ
ਇਹੋ ਜਿਹੇ ਜੋ ਕਪੂਤ, ਕਰ ਕਾਲੀ ਕਰਤੂਤ
ਖਾਨਦਾਨ ਦੇ ਮੱਥੇ ਤੇ ਦਾਗ ਲਾਂਵਦੇ
ਚੰਦੂ ਚੰਦਰੇ ਨੂੰ ਸ਼ਹਿਰ 'ਚ ਘੁਮਾਂਵਦੇ, ਚੰਦੂ ਚੰਦਰੇ ਨੂੰ..........
.........................................................

ਭੜਭੂੰਜੇ ਨੇ ਵੀ ਸੀਨਾ ਆਪਣਾ ਸੀ ਠਾਰਿਆ
ਚੁੱਕ ਕੜਛਾ ਜਾ ਉਹਦੇ ਸਿਰ ਵਿਚ ਮਾਰਿਆ
ਪਾਪੀ ਤੋੜ ਗਿਆ ਦਮ, ਲੈ ਗਏ ਨਰਕਾਂ 'ਚ ਜਮ
'ਸੋਮਾ ਆਦਮਪੁਰੀਏ' ਜਿਹੇ ਗੀਤ ਗਾਂਵਦੇ
ਚੰਦੂ ਚੰਦਰੇ ਨੂੰ ਸ਼ਹਿਰ 'ਚ ਘੁਮਾਂਵਦੇ, ਚੰਦੂ ਚੰਦਰੇ ਨੂੰ

***

## ਭਾਗ-1

# ਪ੍ਰਸੰਗ: ਬਿਧੀ ਚੰਦ ਨੇ ਘੋੜੇ ਲਿਆਉਣੇ

ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਹੁਕਮ ਅਨੁਸਾਰ ਸੰਗਤਾਂ ਦੂਰ ਦੂਰ ਤੋਂ ਸੋਹਣੇ ਸੋਹਣੇ ਘੋੜੇ ਅਤੇ ਵਧੀਆ ਹਥਿਆਰ ਲੈ ਕੇ ਆਉਣ ਲੱਗ ਪਈਆਂ। ਕਾਬਲ ਦੀ ਸੰਗਤ ਵੀ ਦੋ ਵਧੀਆ ਨਸਲ ਦੇ ਅਰਬੀ ਘੋੜੇ ਲੈ ਕੇ ਆ ਰਹੀ ਸੀ। ਲਹੌਰ ਵਿਚ ਬਾਦਸ਼ਾਹ ਦੇ ਸਪਾਹੀਆਂ ਨੇ ਖੋਹ ਲਏ, ਸੰਗਤ ਨੇ ਆਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਵਿਚ ਆਕੇ ਸਾਰੀ ਵਾਰਤਾ ਸੁਣਾਈ ਅਤੇ ਗੁਰੂ ਘਰ ਦੀ ਭੇਟਾ ਵਾਪਸ ਲਿਆਉਣ ਲਈ ਬੇਨਤੀ ਕੀਤੀ। ਭਾਈ ਬਿਧੀ ਚੰਦ ਨੇ ਘੋੜੇ ਲਿਆਉਣ ਦੀ ਜ਼ਿੰਮੇਵਾਰੀ ਲੈਣੀ। ਪਹਿਲੀ ਵਾਰੀ ਭਾਈ ਜਿਉਣ ਦੇ ਘਰ ਜਾਕੇ, ਘਸੇਰੇ ਦਾ ਰੂਪ ਧਾਰਨ ਕਰਕੇ, ਤਬੇਲੇ 'ਚ ਨੌਕਰੀ ਕਰਨੀ ਅਤੇ ਘੋੜਾ ਕੱਢ ਕੇ ਲਿਆਉਣਾ, ਦੂਜੀ ਵਾਰੀ ਭਾਈ ਬਹੋੜੂ ਖੱਤਰੀ ਦੇ ਘਰ ਜਾਕੇ ਨਜੂਮੀ (ਜੋਤਸ਼ੀ) ਦਾ ਰੂਪ ਧਾਰਨ ਕਰਕੇ ਸਾਰੇ ਅਹਿਲਕਾਰਾਂ ਅਤੇ ਦਰਬਾਰੀਆਂ ਦੇ ਸਾਹਮਣੇ ਦੂਜਾ ਘੋੜਾ ਵੀ ਕੱਢ ਕੇ ਲਿਆਉਣਾ। ਭਾਈ ਬਿਧੀ ਚੰਦ ਦੀ ਬਹਾਦਰੀ ਦਾ ਇਹ ਪ੍ਰਸੰਗ ਗਾਉਣ ਵਾਲਿਆਂ ਅਤੇ ਸੁਣਨ ਵਾਲਿਆਂ ਦੇ ਮਨਾਂ ਵਿਚ ਗੁਰੂ ਘਰ ਪ੍ਰਤੀ ਪ੍ਰੇਮ ਪਿਆਰ ਅਤੇ ਉਤਸ਼ਾਹ ਪੈਦਾ ਕਰਦਾ ਹੈ ਜੋ ਦੋ ਭਾਗਾਂ ਵਿਚ ਦਰਜ ਹੈ।

**ਤਰਜ਼:-ਦੁੱਲਾ**

ਕਾਬਲ ਦੀ ਸੰਗਤ ਹੈ ਰੋਈ ਜਾਂਵਦੀ, ਹੱਥ ਜੋੜ ਹੱਡ ਬੀਤੀ ਹੈ ਸੁਣਾਂਵਦੀ
ਆਏ ਜਾਂ ਲਹੌਰ ਅਸੀਂ ਡਾਕੂ ਪੈ ਗਏ, ਸਾਡੇ ਕੋਲੋਂ ਪਾਪੀ ਘੋੜੇ ਖੋਹਕੇ ਲੈ ਗਏ

ਗੁਰੂ ਦੀਆਂ ਸੰਗਤਾਂ ਦਾ ਦਸਵੰਧ ਸੀ, ਦਰਸ਼ਨ ਕੀਤਿਆਂ ਆਉਂਦਾ ਆਨੰਦ ਸੀ
ਘਾਹੀਆ ਕੋਲ ਸੋਂਹਦੇ ਨਾ, ਉਹ ਨਾਲੇ ਕਹਿ ਗਏ, ਸਾਡੇ ਕੋਲੋਂ ਪਾਪੀ ਘੋੜੇ......

ਅਰਬੀ ਸੀ ਘੋੜੇ ਲੱਖ ਲੱਖ ਮੁੱਲ ਦੇ, ਸਾਡੇ ਕੋਲੋਂ ਨਹੀਂ ਉਹ ਭੁਲਾਇਆਂ ਭੁੱਲਦੇ
ਅਸੀਂ ਸਾਰੇ ਹੱਥ ਮਲਦੇ ਹੀ ਰਹਿ ਗਏ, ਸਾਡੇ ਕੋਲੋਂ ਪਾਪੀ ਘੋੜੇ..................

ਗੁਰੂ ਦੀ ਅਮਾਨਤ ਲੁਟਾ ਆਏ ਹਾਂ, ਮੱਥੇ ਤੇ ਕਲੰਕ ਲੁਆ ਆਏ ਹਾਂ
ਸ਼ਰਮ ਦੇ ਮਾਰੇ 'ਸੋਮਾ' ਬਾਹਰ ਬਹਿ ਗਏ, ਸਾਡੇ ਕੋਲੋਂ ਪਾਪੀ ਘੋੜੇ.........
ਆਏ ਜਾਂ ਲਹੌਰ ਅਸੀਂ ਡਾਕੂ ਪੈ ਗਏ, ਸਾਡੇ ਕੋਲੋਂ ਪਾਪੀ ਘੋੜੇ ਖੋਹਕੇ ਲੈ ਗਏ

***

ਲਹੌਰ ਦੇ ਸ਼ਾਹੀ ਕਿਲ੍ਹੇ ਵਿਚੋਂ ਘੋੜੇ ਕੱਢ ਕਿ ਲਿਆਉਣ ਲਈ ਭਾਈ ਬਿਧੀ ਚੰਦ ਗੁਰੂ ਹਰਗੋਬਿੰਦ ਸਾਹਿਬ ਦੇ ਚਰਨਾਂ ਵਿਚ ਇਸ ਤਰ੍ਹਾਂ ਬੇਨਤੀ ਕਰਦਾ ਹੈ ਅਤੇ ਗੁਰੂ ਮਹਾਰਾਜ ਅਗੋਂ ਅਸ਼ੀਰਵਾਦ ਦਿੰਦੇ ਹਨ।

ਤਰਜ਼:-ਜੱਗਾ

ਬਿਧੀ ਚੰਦ : ਘੋੜੇ ਕੱਢਕੇ ਲਿਆਵਾਂ ਕਿਲ੍ਹੇ ਅੰਦਰੋਂ, ਘੋੜੇ ਕੱਢਕੇ
ਘੋੜੇ ਕੱਢਕੇ ਲਿਆਵਾਂ ਕਿਲ੍ਹੇ ਅੰਦਰੋਂ, ਜੇ ਹੋਵੇ ਤੇਰੀ ਤੁੱਛ ਕ੍ਰਿਪਾ

ਗੁਰੂ ਜੀ ਗੁਰੂ ਜੀ, ਹੁਣ ਦਿਓ ਆਗਿਆ ਸਫਰ ਕਰਾਂ ਸ਼ੁਰੂ ਜੀ
.............................................

ਗੁਰੂ ਜੀ: ਅੰਗ ਸੰਗ ਹੈ ਤੇਰੇ ਗੁਰੂ ਨਾਨਕ ਜੀ ਅੰਗ ਸੰਗ ਹੈ
ਅੰਗ ਸੰਗ ਹੈ ਤੇਰੇ ਗੁਰੂ ਨਾਨਕ, ਦੁੱਖਾਂ ਵਿਚ ਕਰੂ ਰੱਖਿਆ, ਸ਼ੇਰ ਓਏ
ਸ਼ੇਰ ਓਏ ਸੰਗਤਾਂ ਉਦਾਸ ਬੈਠੀਆਂ, ਨਾ ਲਾਵੀਂ ਦੇਰ ਓਏ
.............................................

ਬਿਧੀ ਚੰਦ: ਮਾਸ ਸ਼ੇਰ ਦੇ ਦੰਦਾਂ ਦੇ ਵਿਚੋਂ ਕੱਢਲਾਂ, ਮਾਸ ਸ਼ੇਰ ਦੇ
ਮਾਸ ਸ਼ੇਰ ਦੇ ਦੰਦਾਂ ਵਿਚੋਂ ਕੱਢਲਾਂ, ਮੱਖਣ ਵਿਚੋਂ ਵਾਲ ਜਿਵੇਂ ਗੁਰੂ ਜੀ
ਗੁਰੂ ਜੀ, ਹੁਣ ਦਿਓ ਆਗਿਆ ਸਫਰ ਕਰਾਂ..............
.............................................

ਗੁਰੂ ਜੀ: ਭਲੇ ਕੰਮ ਲਈ ਨਾ ਪੁੱਛੀਏ ਪਾਧਾ, ਭਲੇ ਕੰਮ ਲਈ
ਭਲੇ ਕੰਮ ਲਈ ਨਾ ਪੁੱਛੀਏ ਪਾਧਾ, ਨਾ ਨੇਕੀਆਂ ਤੋਂ ਮੁੱਖ ਮੋੜੀਏ,

ਸ਼ੇਰ ਓਏ ਸ਼ੇਰ ਓਏ, ਸੰਗਤਾਂ ਉਦਾਸ ਬੈਠੀਆਂ, ਨਾ ਲਾਵੀਂ.............
.............................................

ਬਿਧੀ ਚੰਦ: ਜਾਵਾਂ ਉਡਕੇ ਪੌਣ ਦੇ ਵਾਂਗੂ, ਜਾਵਾਂ ਉਡਕੇ
ਜਾਵਾਂ ਉਡਕੇ ਪੌਣ ਦੇ ਵਾਂਗੂ, ਸੇਵਾ ਮਿਲੀ ਧੰਨ ਭਾਗ ਨੇ, ਗੁਰੂ ਜੀ
ਗੁਰੂ ਜੀ, ਹੁਣ ਦਿਓ ਆਗਿਆ ਸਫਰ ਕਰਾਂ............
.............................................

ਗੁਰੂ ਜੀ: ਸਦਾ ਲੱਗਦਾ ਸੇਵਾ ਨੂੰ ਮੇਵਾ, ਸਦਾ ਲੱਗਦਾ
ਸਦਾ ਲੱਗਦਾ ਸੇਵਾ ਨੂੰ ਮੇਵਾ, ਜੋ ਕਰਦੇ ਨੇ ਉਹੀ ਜਾਣਦੇ, ਸ਼ੇਰ ਓਏ
ਸ਼ੇਰ ਓਏ ਸੰਗਤਾਂ ਉਦਾਸ ਬੈਠੀਆਂ, ਨਾ ਲਾਵੀਂ...........
..................................................

ਬਿਧੀ ਜੀ: ਇਹ ਤਾਂ ਤੇਰੀ ਵਡਿਆਈ ਦਾਤਾ ਮੇਰਿਆ, ਇਹ ਤਾਂ ਤੇਰੀ ਜੀ
ਇਹ ਤਾਂ ਤੇਰੀ ਵਡਿਆਈ ਦਾਤਾ ਤੇਰਿਆ, ਦਾਸ ਧੂੜੀ ਚਰਨਾਂ ਦੀ,

ਗੁਰੂ ਜੀ ਗੁਰੂ ਜੀ, ਹੁਣ ਦਿਓ ਆਗਿਆ ਸਫਰ ਕਰਾਂ...................
..................................................

ਗੁਰੂ ਜੀ: ਦਿਲਬਾਗ-ਗੁਲਬਾਗ਼ ਰਾਹਾਂ ਤੱਕਦੇ, ਦਿਲਬਾਗ ਜੀ
ਦਿਲਬਾਗ-ਗੁਲਬਾਗ ਰਾਹਾਂ ਤੱਕਦੇ, 'ਸੋਮਾ' ਕਿਲ੍ਹੇ ਵਿਚ ਤੇਰੀਆਂ,

ਸ਼ੇਰ ਓਏ ਸ਼ੇਰ ਓਏ, ਸੰਗਤਾਂ ਉਦਾਸ ਬੈਠੀਆਂ, ਨਾ ਲਾਵੀਂ..............
..................................................

***

ਭਾਈ ਬਿਧੀ ਚੰਦ ਦਾ ਲਹੌਰ ਸ਼ਹਿਰ ਜਾਣਾ।

## ਸਾਕਾ

ਔਹ ਉੱਠਿਆ ਦੇਖੋ ਸੂਰਮਾ ਜੀ ਸੀਸ ਝੁਕਾਕੇ
ਉਸ ਪੁੱਟਿਆ ਪੈਰ ਲਹੌਰ ਵਲ ਵਾਹਿਗੁਰ ਧਿਆਕੇ

ਮਸਤੀ ਵਿਚ ਜਾਵੇ ਨੱਚਦਾ ਉਹ ਕਸਮਾਂ ਖਾਕੇ
ਘੋੜੇ ਲੈ ਆਵਾਂ ਕਿਲ੍ਹੇ 'ਚੋਂ, ਉਤੇ ਕਾਠੀਆਂ ਪਾਕੇ

ਜਾ ਪੁੱਜਾ ਵਿਚ ਲਹੌਰ ਸ਼ਹਿਰ ਇੱਕ ਵਿਉਂਤ ਬਣਾਕੇ
ਦੱਸੀ ਵਿੱਥਿਆ ਗੁਰੂ ਦੇ ਸਿੱਖ ਜਿਉਣ ਨੂੰ ਜਾਕੇ

ਪੱਲੀ ਰੰਬਾ ਆਖਦਾ ਇੱਕ ਦਿੳ ਮੰਗਾ ਕੇ
ਬਣ ਗਿਆ ਘਸੇਰਾ ਬਿਧੀ ਚੰਦ ਜੀ ਚੋਲਾ ਲਾਹਕੇ

ਉਸ ਹਰਾ ਹਰਾ ਘਾਹ ਖੋਤਿਆ ਰਾਵੀ ਤੇ ਜਾਕੇ
'ਰਣਜੀਤ' ਕਿਲ੍ਹੇ ਕੋਲ ਪਹੁੰਚਿਆ ਸਿਰ ਪੰਡ ਉਠਾਕੇ

ਰਖਿਆ ਝਾੜ ਸੁਆਰਕੇ ਉਸ ਖ਼ੂਬ ਸਜਾਕੇ
ਦੇਵੇ ਹੋਕਾ ਘਾਹ ਦਾ 'ਸੋਮਾ' ਗਾ-ਗਾ ਕੇ।

***

ਲਹੌਰ ਦੇ ਸ਼ਾਹੀ ਕਿਲ੍ਹੇ ਦੇ ਦਰੋਗੇ ਨੇ ਘੋੜਿਆਂ ਲਈ ਘਾਹ ਲੈਣ ਆਉਣਾ ਅਤੇ ਭਾਈ ਬਿਧੀ ਚੰਦ ਨਾਲ ਸਵਾਲ-ਜਵਾਬ।

ਦਰੋਗਾ : ਇਹੋ ਜਿਹਾ ਹਰਾ ਘਾਹ, ਨਿੱਤ ਦੇਵੇਂ ਜੋ ਲਿਆ
ਤੈਨੂੰ ਨੌਕਰ ਮੈਂ ਰੱਖਾਂ, ਲਾਕੇ ਪੱਕੀ ਤਨਖਾਹ
ਨਾਲ ਮਿਲੂ ਇਨਾਮ ਵੀ, ਘਸੇਰਿਆ ਜ਼ਰੂਰ
ਖ਼ੁਸ਼ ਹੋ ਗਏ ਜੇਕਰ ਤੇਰੀ ਸੇਵਾ ਤੇ ਹਜ਼ੂਰ
ਖ਼ੁਸ਼ ਹੋ ਗਏ.......................
.....................................

ਘਸੇਰਾ: ਸੱਚੇ ਪਾਤਸ਼ਾਹ ਦੇ ਘੋੜੇ ਦੋਨੋਂ ਲੱਗਦੇ ਨੇ ਜੌੜੇ
ਘੋੜੇ ਇਹੋ ਜਿਹੇ ਹੁੰਦੇ ਨੇ ਜਹਾਨ ਵਿਚ ਥੋੜ੍ਹੇ
ਘਾਹ ਲਿਆਵਾਂਗਾ ਨਿੱਤ ਕਾਹਦੀ ਸ਼ਰਮ ਖਾਨ ਜੀ
ਸੇਵਾ ਕਰਨੀ ਇਹਨਾਂ ਦੀ ਮੇਰਾ ਧਰਮ ਖਾਨ ਜੀ
ਸੇਵਾ ਕਰਨੀ.......................
.....................................

ਦਰੋਗਾ: ਵਾਂਗੂ ਪੌਣ ਉਡ ਜਾਣ ਘੋੜੇ ਏਦਾਂ ਦੇ ਬਣਾਦੇ
ਭੁੱਖ ਲੱਥਦੀ ਏ ਦੇਖ ਸੋਹਣੇ ਜੀਵ ਇਹ ਖ਼ੁਦਾ ਦੇ
ਜਦੋਂ ਜੰਗ ਵਿਚ ਜਾਣ, ਟੁੱਟੇ ਵੈਰੀ ਦਾ ਗਰੂਰ
ਖ਼ੁਸ਼ ਹੋ ਗਏ.......................
.....................................

ਘਸੇਰਾ: ਇਹ ਅਮਾਨਤ ਹੈ ਜੀਹਦੀ ਵਾਲੀ ਦੋ ਜਹਾਨ ਦਾ
ਕੀਤਾ ਬਚਨ ਨਿਭੌਣਾ ਫਿਕਰ ਨਹੀਂ ਜਾਨ ਦਾ
ਘਾਹ ਮੈਂ ਚਾਰਾਂਗਾ ਨਿੱਤ ਨਰਮ ਨਰਮ ਖਾਨ ਜੀ
ਸੇਵਾ ਕਰਨੀ ਇਹਨਾਂ ਦੀ ਮੇਰਾ...............
.....................................................

***

ਦਰੋਗਾ: ਤਨ ਮਨ ਨਾਲ ਕਰਦਾ ਕੋਈ ਵਿਰਲਾ ਹੀ ਸੇਵਾ
ਸੇਵਾ ਕੀਤਿਆਂ ਹੀ ਮਿਲਦਾ ਹੈ, ਸੇਵਾਦਾਰਾ ਮੇਵਾ
ਆ ਜਾਏ ਦਿਨਾਂ ਦੇ ਹੀ ਵਿਚ ਇਹਨਾਂ ਉੱਤੇ ਦੂਣਾ ਨੂਰ
ਖੁਸ਼ ਹੋ ਗਏ ਜੇਕਰ ਤੇਰੀ......................
..................................................

ਬਿਧੀ ਚੰਦ: ਮੈਂ ਤਾਂ ਫਰਜ਼ ਨਿਭੌਣਾ, ਅੱਗੇ ਉਹਦੀਆਂ ਉਹ ਜਾਣੇ
ਜਿਹੜਾ ਲਿਖਿਆ ਹੈ ਖਾਣਾ, ਮੋਹਰ ਉਤੇ ਦਾਣੇ ਦਾਣੇ
ਗੱਲ 'ਸੋਮਾ' ਦੀ ਸੱਚੀ ਨਹੀਂ ਭਰਮ ਖਾਨ ਜੀ
ਸੇਵਾ ਕਰਨੀ ਇਹਨਾਂ ਦੀ ਮੇਰਾ ਧਰਮ...........

***

ਤਬੇਲੇ ਦੇ ਕਰਮਚਾਰੀਆਂ ਨੇ ਭਾਈ ਬਿਧੀ ਚੰਦ ਕੋਲੋਂ ਪਾਰਟੀ ਮੰਗਣੀ ਅਤੇ ਬਿਧੀ ਚੰਦ ਨੇ ਮੌਕੇ ਦਾ ਲਾਹਾ ਲੈਣਾ।

ਪੈ ਗਈ ਜਦੋਂ ਰਾਤ ਆ ਗਏ ਯਾਰ ਬੇਲੀ ਸਾਰੇ
ਬਿਨ ਪੀਤਿਆਂ ਹੀ ਲੈਣ ਲੱਗ ਪਏ ਹੁਲਾਰੇ
ਪਹਿਲੇ ਤੋੜ ਦੀ ਲਿਆਇਆ ਬਿਧੀ ਚੰਦ ਸੂਰਮਾ ਜੀ ਪੀਪਾ ਭਰਕੇ.......
ਭਰਕੇ ਮਰੋੜਦੇ ਨੇ ਮੁੱਛਾਂ ਗੱਭਰੂ ਜੀ ਮਾਸ ਧਰਕੇ.........
..........................................................

ਮੰਜ਼ਲਾਂ ਨੇ ਲੰਬੀਆਂ ਤੇ ਔਖੇ ਬੜੇ ਪੰਧ ਨੇ
ਸਾਰਿਆਂ ਦੇ ਭਰਤੇ ਪਿਆਲੇ ਬਿਧੀ ਚੰਦ ਨੇ
ਥਾਲੀਆਂ ਦੇ ਵਿਚ ਮੀਟ ਬੱਕਰੇ ਦਾ ਪਾਇਆ
ਕਰਤੇ ਪਿਆਲੇ ਖਾਲੀ ਪਲ ਵੀ ਨਾ ਲਾਇਆ
ਦੇਖ ਲਓ ਜੀ ਘਸੇਰੇ ਲਈ ਦੁਆ ਕਰਦੇ, ਜੀ ਪੀਪਾ ਭਰਕੇ..........
ਭਰਕੇ ਮਰੋੜਦੇ ਨੇ ਮੁੱਛਾਂ ਗੱਭਰੂ ਜੀ..................
.....................................................

ਮੁਖਤ ਦੀ ਪੀਂਦੇ ਇੱਕ ਦੂਜੇ ਕੋਲੋਂ ਚੜ੍ਹਕੇ
ਲੱਗ ਪਏ ਨੇ ਬੱਕਰੇ ਬਲਾਉਣ ਖੜ ਖੜ੍ਹਕੇ
ਮੱਤ ਗਈ ਜਾਂ ਮਾਰੀ ਲੱਗੇ ਭੱਜਣ ਪਿਆਲੇ
ਬਿਧੀ ਚੰਦ ਸੋਚੇ ਗੱਲ ਬਣੀ ਨਹੀਂ ਹਾਲੇ
ਲਾਉਂਦਾ ਮੂੰਹਾਂ ਨੂੰ ਪਿਆਲੇ ਆਪ ਫੜ ਫੜਕੇ, ਜੀ ਪੀਪਾ ਭਰਕੇ........
ਭਰਕੇ ਮਰੋੜਦੇ ਨੇ ਮੁੱਛਾਂ ਗੱਭਰੂ ਜੀ..................
.....................................................

ਹੋ ਗਏ ਸਾਰੇ ਚਿੱਤ ਖਾਧੇ ਕਿਸੇ ਪਕਵਾਨ ਨਾ
ਲੱਗਦੇ ਨੇ ਹੁੰਦੀ ਜਿਵੇਂ ਕਿਸੇ ਵਿਚ ਜਾਨ ਨਾ
'ਸੋਮਾ ਆਦਮਪੁਰੀਆ' ਸੁਨਹਿਰੀ ਸਮਾਂ ਆਇਆ
ਕਰਕੇ ਪਠਾਣ ਬੰਦ ਬਾਹਰੋਂ ਤਾਲਾ ਲਾਇਆ
ਉਹਨੇ ਤੱਕਿਆ ਚੁਫੇਰੇ ਰਹਿਰਾਸ ਪੜ੍ਹਕੇ, ਜੀ ਪੀਪਾ ਭਰਕੇ.......
ਭਰਕੇ ਮਰੋੜਦੇ ਨੇ ਮੁੱਛਾਂ ਗੱਭਰੂ ਜੀ..................
.....................................................

***

ਭਾਈ ਬਿਧੀ ਚੰਦ ਜੀ ਨੇ ਪਹਿਲਾ ਘੋੜਾ ਕੱਢਣਾ।

## ਕਬਿੱਤ

ਹੋ ਗਏ ਮਦਹੋਸ਼ ਸਾਰੇ, ਸੁੱਧ ਬੁੱਧ ਗਈ ਮਾਰੀ
ਬਿਧੀ ਚੰਦ ਦੇਖੋ ਬਿਧੀ ਕਿੰਝ ਜੀ ਚਲਾਈ ਏ
ਅੱਧੀ ਰਾਤ ਬੀਤੀ ਜਦੋਂ, ਉਠਿਆ ਨਿੱਡਰ ਸੂਰਾ
ਬੋਲ ਵਾਹਿਗੁਰੂ ਇੱਕ ਲਈ ਅੰਗੜਾਈ ਏ

.........................................

ਜੇਬ ਖਾਨ ਦੀ ਦੇ ਵਿਚੋਂ, ਕੱਢ ਲਈਆਂ ਕੁੰਜੀਆਂ ਜੀ
ਕਹਿੰਦਾ ਮਹਾਰਾਜ ਹੋਣਾ ਤੁਸਾਂ ਹੀ ਸਹਾਈ ਏ
ਖੋਲ੍ਹ ਕੇ ਦੋ ਚਾਰ ਤਾਲੇ, ਕੱਢ ਲਈ ਸੁਨਹਿਰੀ ਕਾਠੀ
ਸਤਿਨਾਮ ਕਹਿਕੇ ਦਿਲਬਾਗ ਉਤੇ ਪਾਈ ਏ

.........................................

ਮਾਰਕੇ ਪਲਾਕੀ ਅਸਵਾਰ ਹੋਇਆ ਪਲ ਵਿਚ
ਮਾਰ ਇੱਕ ਤੁਣਕਾ ਲਗਾਮ ਜੀ ਘੁਮਾਈ ਏ
ਕੰਧ ਕਿਲ੍ਹੇ ਦੀ ਦੇ ਕੋਲ ਲੈ ਗਿਆ ਤਬੇਲੇ ਵਿਚੋਂ
ਪੋਲੀ ਜਿਹੀ ਅੱਡੀ ਬੜੇ ਪਿਆਰ ਨਾਲ ਲਾਈ ਏ

.........................................

ਧੰਨ ਕਰਤਾਰ ਕਹਿਕੇ ਥਾਪੀ ਦਿੱਤੀ ਘੋੜੇ ਤਾਈਂ
ਬੜੀ ਫੁਰਤੀ ਨਾਲ ਕੰਧ ਕਿਲ੍ਹੇ ਦੀ ਟਪਾਈ ਏ
ਡਿੱਗਿਆ ਧੜੰਮ ਦੋਣੀ ਸਣੇ ਅਸਵਾਰ ਘੋੜਾ
ਜਦੋਂ ਰਾਵੀ ਵਿਚ ਸੁੱਤੀ ਦੁਨੀਆ ਜਗਾਈ ਏ

.........................................

ਸੌਂ ਗਏ ਫੇਰ ਕਹਿਕੇ ਇਹ ਤਾਂ ਨਿੱਤ ਦਾ ਹੈ ਕੰਮ ਇੱਥੇ
ਹੋਊ ਕੋਈ ਮਗਰਮੱਛ ਪਾਉਂਦਾ ਜੋ ਦੁਹਾਈ ਏ
ਪਾਰ ਹੋਕੇ ਰਾਵੀ ਵਿਚੋਂ ਇੱਕ ਅੱਡੀ ਮਾਰੀ ਬੱਸ
ਘੋੜੇ ਨੇ ਸ਼ਰਤ ਹੁਣ ਪੌਣ ਨਾ ਲਗਾਈ ਏ..........

.........................................

ਘੜੀਆਂ ਦਾ ਪੰਧ ਜੋ ਮੁਕਾਇਆ ਵਿਚ ਮਿੰਟਾਂ ਦੇ
ਖ਼ੂਬੀ ਆਪਣੀ ਜੋ ਅਸਵਾਰ ਨੂੰ ਦਿਖਾਈ ਏ
ਬਿਧੀ ਚੰਦ ਪੜ੍ਹੇ ਗੁਰਬਾਣੀ ਗੁਰੂ ਨਾਨਕ ਦੀ
ਸੁਰਤੀ ਜੋ ਗੁਰੂ ਦਿਆਂ ਚਰਨਾਂ 'ਚ ਲਾਈ ਏ........
.........................................

ਲੱਗਿਆ ਨਾ ਪਤਾ ਕਦੋਂ ਮੁੱਕ ਗਿਆ ਪੈਂਡਾ ਸਾਰਾ
ਜੂਹ ਰੂਪੈ ਪਿੰਡ ਦੀ ਨਜ਼ਰ ਹੁਣ ਆਈ ਏ
ਉਤਰਿਆ ਘੋੜੇ ਉਤੇ, ਦੇਖਕੇ ਗੁਰਾਂ ਦਾ ਡੇਰਾ
ਸ਼ਰਧਾ ਦੇ ਨਾਲ ਧੌਣ ਦੂਰੋਂ ਹੀ ਝੁਕਾਈ ਏ
.........................................

ਲੈ ਲਿਆ ਕਲਾਵੇ ਵਿਚ ਉਠ ਸੱਚੇ ਪਾਤਸ਼ਾਹ ਨੇ
ਸੰਗਤਾਂ ਨੇ ਕਿਹਾ ਧੰਨ ਧੰਨ ਜੀ ਉਹ ਮਾਈ ਏ
ਜੰਮਿਆਂ ਏ ਜਿਹਨੇ ਬਿਧੀ ਚੰਦ ਜਿਹਾ ਸੂਰਮਾ ਜੀ
'ਸੋਮਾ ਆਦਮਪੁਰੀਆ' ਗੁਰਾਂ ਕੀਤੀ ਵਡਿਆਈ ਏ
.........................................

***

## ਭਾਗ-2
# ਪ੍ਰਸੰਗ: ਭਾਈ ਬਿਧੀ ਚੰਦ

ਦਿਲਬਾਗ ਨਾਮ ਦੇ ਘੋੜੇ ਦੀ ਸੇਵਾ ਭਾਈ ਜੇਠਾ ਜੀ ਨੇ ਲੈ ਲਈ। ਘੋੜੇ ਨੇ ਖਾਣਾ ਪੀਣਾ ਛੱਡ ਦਿੱਤਾ। ਸਤਿਗੁਰਾਂ ਨੇ ਅਸ਼ੀਰਵਾਦ ਦਿੱਤਾ ਤਾਂ ਦਿਲਬਾਗ ਖੁਸ਼ ਹੋਕੇ ਖਾਣ ਪੀਣ ਲੱਗ ਪਿਆ।

## ਵਾਰ

ਭਾਈ ਜੇਠੇ ਨੇ ਦਿਲਬਾਗ ਦੀ ਜਦ ਸੇਵਾ ਲਈ ਸੰਭਾਲ
ਕਹਿੰਦਾ ਘੋੜਾ ਸੱਚੇ ਪਾਤਸ਼ਾਹ ਦਾ ਥਾਏਂ ਪਏਗੀ ਘਾਲ

ਤਨ ਮਨ ਲਾਕੇ ਕਰਦਾ ਮਾਲਸ਼ਾਂ, ਉਹ ਡਾਢੇ ਚਾਵਾਂ ਨਾਲ
ਘੋੜਾ ਜਿਵੇਂ ਫਰਿਸ਼ਤਾ ਅਰਸ਼ ਦਾ, ਉਹਦੀ ਜਾਏ ਨਾ ਝੱਲੀ ਝਾਲ

ਐਪਰ ਖਾਣਾ ਪੀਣਾ ਛੱਡਿਆ, ਵਿਚ ਵਿਛੋੜੇ ਮੰਦਾ ਹਾਲ
ਦਿੱਤਾ ਜਦੋਂ ਥਾਪੜਾ ਗੁਰਾਂ ਨੇ, ਨਾਨਕ ਨਦਰੀ ਨਦਰ ਨਿਹਾਲ

ਕਹਿੰਦੇ ਗਮ ਜੋ ਹੈ ਗੁਲਬਾਗ ਦਾ, 'ਸੋਮਾ' ਦੂਰ ਕਰੂ ਅਕਾਲ।
ਹੋਕੇ ਖੁਸ਼ ਫੁਰਕਾਟਾ ਮਾਰਿਆ, ਜਦੋਂ ਹੋ ਗਏ ਗੁਰੂ ਦਿਆਲ
ਹੋਕੇ ਖੁਸ਼ ਫਰਕਾਟਾ ਮਾਰਿਆ............................

***

ਬਿਧੀ ਚਿੰਦ ਨੇ ਦੂਜਾ ਘੋੜਾ ਲੈਣ ਜਾਣਾ ਅਤੇ ਗੁਰੂ ਕ੍ਰਿਪਾ ਦੁਆਰਾ ਅਗਲੇ ਪਿਛਲੇ ਜਨਮ ਦੀਆਂ ਗੱਲਾਂ ਦਸਣੀਆਂ।

**ਤਰਜ਼:-ਦੋ ਊਠਾਂ ਵਾਲੇ ਨੀ**

ਉਠਿਆ ਹੱਥ ਜੋੜਕੇ ਜੀ, ਬਿਧੀ ਚੰਦ ਸਿੱਖ ਗੁਰੂ ਦਾ ਪਿਆਰਾ
ਧੰਨ ਭਾਗ ਮੇਰੇ ਦਾਤਾ, ਬਖਸ਼ਿਆ ਜੋ ਹੈ ਸਮਾਂ ਦੁਬਾਰਾ
ਉਠਿਆ ਹੱਥ ਜੋੜਕੇ ਜੀ.................
...............................................

ਬਲ ਬਖਸ਼ੋ ਸੇਵਾ ਦਾ, ਤਾਂ ਹੀ ਦਾਸ ਕਰੂ ਇਹ ਤੇਰਾ
ਜੇ ਮਿਹਰ ਕਰੋ ਦਾਤਾ, ਪਾਵਾਂ ਫੇਰ ਕਿਲ੍ਹੇ ਵਿਚ ਫੇਰਾ
ਕੰਮ ਰਿਹਾ ਅਧੂਰਾ ਜੋ, ਪੂਰਾ ਹੋ ਜਾਵੇ ਉਹ ਸਾਰਾ
ਧੰਨ ਭਾਗ ਮੇਰੇ ਦਾਤਾ.........................
..................................................

ਪੁੱਜ ਗਿਆ ਸ਼ਹਿਰ ਵਿਚ ਜੀ, ਜੁੱਤੀ ਨੋਕਦਾਰ ਹੈ ਪਾਈ
ਲੰਮਾ ਚੋਲਾ ਕੇਸ ਪਿੱਠ ਤੇ, ਅੱਖਾਂ ਮੀਟ ਸਮਾਧੀ ਲਾਈ
ਗਲ ਮਾਲਾ ਲੱਗਦਾ ਏ, ਹੁੰਦਾ ਜਿਵੇਂ ਨਜੂਮੀਂ ਭਾਰਾ
ਧੰਨ ਭਾਗ ਮੇਰੇ ਦਾਤਾ...........................
......................................................

ਗੱਲਾਂ ਘਰ ਘਰ ਤੁਰੀਆਂ ਨੇ, ਲੱਗੇ ਹੋਣ 'ਗਣਕ' ਦੇ ਚਰਚੇ
ਪਲ ਵਿਚ ਹੱਲ ਕਰਦਾ ਏ, ਔਖੇ ਬੜੇ ਬੜੇ ਉਹ ਪਰਚੇ
'ਸੋਮਾ ਆਦਮਪੁਰੀਆ' ਬਹਿ ਗਿਆ ਕਿਲ੍ਹੇ ਮੋਹਰੇ ਪਾ ਢਾਰਾ
ਧੰਨ ਭਾਗ ਮੇਰੇ ਦਾਤਾ...........................

***

ਸੌਂਧੇ ਖਾਂ ਦਰੋਗੇ ਨੇ ਘੋੜਾ ਚੋਰੀ ਹੋਣ ਬਾਰੇ ਪੁੱਛਣਾ।

**ਤਰਜ਼:-ਤੈਨੂੰ**

ਦਰੋਗਾ: ਸੁਣਿਆ ਤੂੰ ਏਂ ਜੋਤਸ਼ੀ ਭਾਰੀ, ਘੋੜਾ ਖੁੱਲ੍ਹ ਗਿਆ ਸਰਕਾਰੀ
ਹੁਣ ਤੂੰ ਦੱਸ ਹਕੀਕਤ ਸਾਰੀ, ਕਿਹੜਾ ਚੋਰ ਬੇਲੀਆ
ਦੇਖੀਂ ਕੈਦ ਨਾ ਕਰਾ ਦੇਈਂ ਕੋਈ ਹੋਰ ਬੇਲੀਆ........
..........................................................

ਨਜੂਮੀ: ਮੇਰਾ ਜੋਤਿਸ਼ ਬੜਾ ਪੁਰਾਣਾ, ਅਗਲੇ ਪਿਛਲੇ ਜਨਮ ਦੀਆਂ ਜਾਣਾਂ
ਦੱਸਾਂ ਪਲ ਵਿਚ ਪਤਾ ਟਿਕਾਣਾ, ਘੋੜਾ ਕੌਣ ਲੈ ਗਿਆ
ਇੱਕ ਹੋਰ ਉਹਦਾ ਸਾਥੀ ਤੁਸਾਂ ਕੋਲ ਰਹਿ ਗਿਆ............
..........................................................

ਦਰੋਗਾ: ਵਿਚ ਤਬੇਲੇ ਕਿਹੜਾ ਆਇਆ, ਸੀ ਉਸ ਕਿਹੜਾ ਭੇਸ ਬਣਾਇਆ
ਸੀ ਉਹ ਕਿਹੜੀ ਮਾਂ ਦਾ ਜਾਇਆ, ਹਰਾਮਖੋਰ ਬੇਲੀਆ
ਦੇਖੀਂ ਕੈਦ ਨਾ ਕਰਾ ਦੇਈਂ.......................
..........................................................

ਨਜੂਮੀ: ਮੇਰੀ ਜੋਤਿਸ਼ ਨਹੀਓਂ ਕੱਚੀ, ਦੱਸੂ ਇੱਕ ਇੱਕ ਗੱਲ ਸੱਚੀ
ਪਹਿਲਾਂ ਰੱਖ ਰੁਪਈਏ ਪੱਚੀ, ਸੋਚੀਂ ਕਿਉਂ ਪੈ ਗਿਆ
ਇੱਕ ਹੋਰ ਉਹਦਾ ਸਾਥੀ............................
..........................................................

ਦਰੋਗਾ: ਛੇਤੀ ਦੱਸ ਮੀਟਕੇ ਅੱਖਾਂ, ਪੱਚੀ ਦੀ ਥਾਂ ਪੰਜ ਸੌ ਰੱਖਾਂ
ਪਰ ਨਾ ਇੰਤਜ਼ਾਰ ਕਰ ਸਕਾਂ, ਲਾਦੇ ਜ਼ੋਰ ਬੇਲੀਆ
ਦੇਖੀਂ ਕੈਦ ਨਾ ਕਰਾ ਦੇਈਂ.........................
..........................................................

ਨਜੂਮੀ: ਥੋੜ੍ਹਾ ਕੰਮ ਸਬਰ ਤੋਂ ਲਈਏ, ਮੰਨੋਂ ਗੱਲ ਮੇਰੀ ਜੋ ਕਹੀਏ
ਉਹਦੀ ਸਦਾ ਰਜ਼ਾ ਵਿਚ ਰਹੀਏ, ਨਹੀਂ ਅਸਮਾਨ ਢਹਿ ਗਿਆ
ਇੱਕ ਹੋਰ ਉਹਦਾ ਸਾਥੀ............................
.........................................................

ਦਰੋਗਾ: ਫੇਰ ਲੈ ਛੇਤੀ ਛੇਤੀ ਮਾਲਾ, ਬਾਦਸ਼ਾਹ ਡਾਢੇ ਗੁੱਸੇ ਵਾਲਾ
ਕਰਕੇ ਸਭਨਾਂ ਦਾ ਮੂੰਹ ਕਾਲਾ, ਬਣਾ ਦਊ ਮੋਰ ਬੇਲੀਆ
ਦੇਖੀਂ ਕੈਦ ਨਾ ਕਰਾ ਦੇਈਂ..........................
.........................................................

ਨਜੂਮੀ: 'ਸੋਮਾ' ਚੋਰ ਬਿਧੀ ਚੰਦ ਸੂਰਾ, ਜੋਤਿਸ਼ ਲੱਗ ਗਿਆ ਸੀ ਪੂਰਾ
ਪਰ ਹੁਣ ਰਹਿ ਗਿਆ ਕੰਮ ਅਧੂਰਾ, ਰੰਗ 'ਚ ਭੰਗ ਪੈ ਗਿਆ
ਇੱਕ ਹੋਰ ਉਹਦਾ ਸਾਥੀ.....................

***

ਭਾਈ ਬਿਧੀ ਚਿੰਦ ਨੇ ਸਾਰੇ ਹਾਲਾਤ ਦੱਸ ਦਿੱਤੇ। ਸੌਂਧੇ ਖਾ ਨੂੰ ਪੂਰਾ ਯਕੀਨ ਹੋ ਗਿਆ ਕਿ ਚੋਰ ਫੜਿਆ ਜਾਏਗਾ। ਪਰ ਬਿਧੀ ਚੰਦ ਨੇ ਕਿਹਾ ਕਿ ਮਹੌਲ ਉਹੋ ਜਿਹਾ ਬਣਾਉਣਾ ਪਏਗਾ ਜਿਹੋ ਜਿਹਾ ਪਹਿਲਾ ਘੋੜਾ ਚੋਰੀ ਹੋਣ ਵੇਲੇ ਸੀ। ਇਸ ਤਰ੍ਹਾਂ ਹੀ ਕੀਤਾ ਗਿਆ। ਬਿਧੀ ਚੰਦ ਕਿਵੇਂ ਘੋੜਾ ਦਸਦਾ ਅਤੇ ਦੂਜਾ ਕੱਢਦਾ ਹੈ ਇਹ ਕੋਰੜੇ ਰਾਹੀਂ ਪੇਸ਼ ਹੈ।

## ਕੋਰੜਾ

ਬੀਤੀ ਜਦੋਂ ਰਾਤ ਕਹਿੰਦੇ ਇੱਕ ਪਹਿਰ ਸੀ
ਗੂੜ੍ਹੀ ਨੀਂਦ ਸੁੱਤਾ ਪਿਆ ਸਾਰਾ ਸ਼ਹਿਰ ਸੀ

ਬਾਦਸ਼ਾਹ ਦੇ ਨਾਲ ਹੀ ਵਜ਼ੀਰ ਰਲਕੇ
ਬੈਠ ਗਏ ਨੇ ਉੱਚੇ ਬੁਰਜ ਤੇ ਚੜ੍ਹਕੇ

ਤਬੇਲੇ ਦੇ ਕਰਿੰਦੇ ਬੰਦ ਕਰਵਾਏਕੇ
ਸਵਾ ਲੱਖੀ ਕਾਠੀ ਰੱਖ ਲਈ ਮੰਗਾਏਕੇ

ਤਾਲੇ ਨਾਲੇ ਜੇਬ੍ਹ ਵਿਚ ਪਾਈਆਂ ਕੁੰਜੀਆਂ
ਪਹਿਲਾਂ ਹਵਾ ਵਿੱਚ ਲਹਿਰਾਈਆਂ ਕੁੰਜੀਆਂ

ਦੋਨਾਂ ਹੱਥਾਂ ਨਾਲ ਮੁੱਛਾਂ ਨੂੰ ਸੰਵਾਰਕੇ
ਬਿਧੀ ਚੰਦ ਕਹਿਣ ਲੱਗਾ ਲਲਕਾਰਕੇ

ਨਾਮ ਪਤਾ ਲਿਖੋ ਹੁਣ ਸਾਰੇ ਚੋਰ ਦਾ
ਇਹਦੇ ਵਿਚ ਦੋਸ਼ ਨਹੀਂ ਕਿਸੇ ਹੋਰ ਦਾ

ਭਾਈ ਰੂਪਾ ਪਿੰਡ ਤੇ ਜੰਗਲ ਦੇਸ ਹੈ
ਮੈਂ ਹਾਂ ਬਿਧੀ ਚੰਦ ਬਦਲਿਆ ਭੇਸ ਹੈ

ਪਹਿਲਾ ਘੋੜਾ ਲੈ ਗਿਆ ਘਸੇਰਾ ਬਣਕੇ
ਦੂਜੇ ਤੇ ਸੁਨਹਿਰੀ ਕਾਠੀ ਦੇਖ ਚਮਕੇ

ਇਹ ਵੀ ਘੋੜਾ ਭਾਈ ਰੂਪੇ ਪਿੰਡ ਜਾਵਣਾ
ਦੋਹਾਂ ਘੋੜਿਆਂ ਦਾ ਮੇਲ ਹੈ ਕਰਾਵਣਾ

ਗੁਰੂ ਹਰਗੋਬਿੰਦ ਉਥੇ ਸੱਚਾ ਪਾਤਸ਼ਾਹ
ਝੂਠੇ ਜੱਗ ਦਾ ਤੂੰ ਏਂ ਝੂਠਾ ਬਾਦਸ਼ਾਹ

ਏਨਾ ਆਖ ਚਾਬਕ ਘੋੜੇ ਨੂੰ ਮਾਰਦਾ
ਚਿੱਤ 'ਚ ਧਿਆਕੇ ਨਾਮ ਕਰਤਾਰ ਦਾ

ਸੁਣ ਬਾਦਸ਼ਾਹ ਦਾ ਰੰਗ ਪੀਲਾ ਪੈ ਗਿਆ
ਵੱਟ ਕੇ ਕਚੀਚੀ ਦੇਖਦਾ ਹੀ ਰਹਿ ਗਿਆ

ਪਹਿਲਾਂ ਵਾਲੀ ਖੇਡ ਅੱਜ ਦੁਹਰਾਈ ਏ
ਗੁਲਬਾਗ ਰਾਵੀ ਵਿਚ ਛਾਲ ਲਾਈ ਏ

ਹਵਾ ਨਾਲ ਜਾਵੇ ਘੋੜਾ ਗੱਲਾਂ ਕਰਦਾ
ਉਤੇ ਬੈਠਾ ਸਿੱਖ ਗੁਰਬਾਣੀ ਪੜ੍ਹਦਾ

ਅੱਗੇ ਲੱਗਾ ਹੋਇਆ ਗੁਰੂ ਦਰਬਾਰ ਸੀ
ਜਿੱਥੇ ਬੈਠੀ ਹੋਈ ਸੰਗਤ ਹਜ਼ਾਰ ਸੀ

ਖੁਸ਼ੀਆਂ 'ਚ ਸੰਗਤਾਂ ਜੈਕਾਰੇ ਲਾਉਂਦੀਆਂ
ਸ਼ੁਕਰ ਵੀ ਨਾਲੇ ਰੱਬ ਦਾ ਮਨਾਉਂਦੀਆਂ

ਜੈ ਜੈ ਕਾਰ ਚਾਰੇ ਪਾਸੇ ਬਿਧੀ ਚੰਦ ਦੀ
ਨਾਲੇ ਹੋਣ ਲੱਗ ਪਈ ਤਿਆਰੀ ਜੰਗ ਦੀ

'ਸੋਮਾ ਆਦਪੁਰੀਏ' ਬਣਾਇਆ ਕੋਰੜਾ
ਗੁਰੂ ਕ੍ਰਿਪਾ ਨਾਲ ਲਿਖ ਪਾਇਆ ਕੋਰੜਾ

***

# ਪ੍ਰਸੰਗ: ਜੰਗ ਗੁਰੂ ਹਰਿਗੋਬਿੰਦ ਸਿੰਘ, ਸਾਹਿਬ ਜੀ ਅਤੇ ਜਰਨੈਲ ਲੱਲਾ ਬੇਗ

ਲਹੌਰ ਦੇ ਸ਼ਾਹੀ ਕਿਲ੍ਹੇ ਵਿਚੋਂ ਘੋੜੇ ਕੱਢਕੇ ਲਿਆਉਣੇ ਸ਼ੇਰ ਦੀ ਦਾੜ੍ਹ ਵਿਚੋਂ ਮਾਸ ਕੱਢ ਲੈਣ ਦੇ ਬਰਾਬਰ ਸੀ। ਉਹ ਵੀ ਸਾਰੇ ਅਹਿਲਕਾਰਾਂ ਅਤੇ ਸਿਪਾਹੀਆਂ ਦੀ ਮੌਜੂਦਗੀ ਵਿਚ। ਬਾਦਸ਼ਾਹ ਦਾ ਵਜ਼ੀਰ ਦਰਬਾਰ ਲਗਾਉਂਦਾ ਹੈ। ਇੱਕ ਮਮੂਲੀ ਜਿਹਾ ਬੰਦਾ ਸਾਨੂੰ ਲਲਕਾਰਕੇ ਚਲਾ ਜਾਵੇ, ਲਾਹਨਤ ਹੈ ਸਾਡੇ। ਆਓ ਮੈਦਾਨ ਵਿਚ ਨਿੱਤਰੋ ਅਤੇ ਕਸਮ ਖਾਓ ਕਿ ਉਸ ਫਕੀਰ ਨੂੰ ਸਬਕ ਸਿਖਾਕੇ ਮਾਰ ਮੁਕਾਉਣਾ ਹੈ ਅਤੇ ਘੋੜੇ ਵਾਪਸ ਲਿਆਉਣੇ ਹਨ। ਬਹੁਤ ਹੀ ਬਹਾਦਰ ਜਰਨੈਲ ਲੱਲਾ ਬੇਗ ਪਠਾਣ ਇਸ ਕੰਮ ਦਾ ਬੀੜਾ ਚੁੱਕਦਾ ਹੈ। ਪੈਂਤੀ ਹਜ਼ਾਰ ਚੁਣੇ ਹੋਏ ਸਿਪਾਹੀ ਨਾਲ ਲੈ ਕੇ ਅਤੇ ਆਪਣੇ ਪੁੱਤਰਾਂ ਸਮੇਤ ਲੱਲਾ ਬੇਗ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਆਕੇ ਜੰਗ ਕਰਦਾ ਹੈ। ਲੱਲਾ ਬੇਗ ਅਤੇ ਉਸਦੇ ਪੁੱਤਰ ਜੰਗ ਵਿਚ ਮਾਰੇ ਜਾਂਦੇ ਹਨ। ਸਾਰੀ ਸੈਨਾ ਹਾਰ ਖਾਕੇ ਭੱਜ ਜਾਂਦੀ ਹੈ। ਸਚਾਈ ਦੀ ਜਿੱਤ ਹੁੰਦੀ ਹੈ।

## ਵਾਰ

ਸੁਣਕੇ ਗੱਲ ਗੁਰੂ ਦੇ ਸਿੱਖ ਦੀ, ਆਇਆ ਗੁੱਸੇ ਦੇ ਵਿਚ ਸ਼ਾਹ
ਸਭ ਦਰਬਾਰੀ ਝੱਟ ਬੁਲਾ ਲਏ, ਉਹ ਲੱਗਾ ਕਰਨ ਸਲਾਹ

ਕਹਿੰਦਾ ਕਰਾਂ ਚੜ੍ਹਾਈ ਅੱਜ ਹੀ, ਮੈਂ ਦੇਵਾਂ ਅਲਖ ਮੁਕਾ
ਚੁੱਕੀ ਅੱਤ ਹੈ ਇੱਕ ਫਕੀਰ ਨੇ, ਪਹਿਲਾਂ ਫੜਿਆ ਬਾਜ ਸੀ ਆ

ਲੈ ਗਿਆ ਕਾਜ਼ੀ ਦੀ ਧੀ ਕੱਢਕੇ, ਕੌਲਾਂ ਦਿੱਤਾ ਨੱਕ ਵਢਾ
ਘੋੜਾ ਕਾਜ਼ੀ ਦਾ ਸੀ ਲੈ ਗਿਆ, ਉਹ ਐਸ ਬੇਪ੍ਰਵਾਹ

ਜੰਗ 'ਚ ਵੱਡੇ ਵੱਡੇ ਸੂਰਮੇ, ਦਿੰਦਾ ਸੁਸਰੀ ਵਾਂਙ ਸੁਆ
ਮਿੱਟੀ ਦੇ ਵਿਚ ਮਿਲ ਗਈ ਆਬਰੂ, ਮੁਗਲਾਂ ਦੇ ਸਿਰ ਪਈ ਸੁਆਹ

ਉਹਨੇ ਕੋਈ ਨਾ ਡਰ ਭੌ ਮੰਨਿਆ, ਮੈਂ ਹਿੰਦ ਦਾ ਸ਼ਹਿਨਸ਼ਾਹ
'ਸੋਮਾ ਆਦਮਪੁਰੀਆ' ਕੂਚ ਦਾ, ਉਸ ਦਿੱਤਾ ਹੁਕਮ ਸੁਣਾ।

***

# ਸਾਕਾ

ਸੁਣਕੇ ਗੱਲ ਵਜ਼ੀਰ ਨੇ ਦਰਬਾਰ ਲਗਾਇਆ
ਪਾਨ ਅਤੇ ਤਲਵਾਰ ਰੱਖਕੇ ਇੰਜ ਸੁਣਾਇਆ

ਉਠੋ ਕੋਈ ਸੂਰਮਾ ਸ਼ੀਂਹ ਮਾਂ ਦਾ ਜਾਇਆ
ਹੱਥ ਪਾਏ ਤਲਵਾਰ ਨੂੰ ਜਿਸ ਮਰਨ ਭੁਲਾਇਆ

ਬੀੜਾ ਚੁੱਕੇ ਪਾਨ ਦਾ ਖਾ ਕਸਮ ਖੁਦਾਇਆ
ਸਬਕ ਸਿਖਾਏ ਉਸ ਨੂੰ, ਕਰ ਦਏ ਸਫਾਇਆ

ਉੱਚੀ ਪਦਵੀ ਨਾਲ ਮਿਲੂ ਮੂੰਹ ਮੰਗੀ ਮਾਇਆ
'ਸੋਮਾ ਆਦਪੁਰੀਆ' ਜੋ ਜਿੱਤ ਕੇ ਆਇਆ।

***

ਇਹ ਵੰਗਾਰ ਸੁਣਕੇ ਲੱਲਾ ਬੇਗ ਜਰਨੈਲ ਵਾਹਦਾ ਕਰਦਾ ਹੈ ਕਿ ਮੈਂ ਉਸ ਗੁਰੂ ਨੂੰ ਜਾਂ ਕੈਦ ਕਰਕੇ ਲਿਆਵਾਂਗਾ ਜਾਂ ਜੰਗ ਵਿਚ ਮਾਰ ਮੁਕਾਵਾਂਗਾ।

ਸੁਣਕੇ ਹੁਕਮ ਲੱਲਾ ਬੇਗ ਬੋਲਿਆ
ਕਾਬਲੀ ਪਠਾਣ ਦਾ ਸੀ ਖ਼ੂਨ ਖੋਲਿਆ
ਪੈਰਾਂ ਉਤੇ ਪੀਰ ਸਿੱਖਾਂ ਦਾ ਝੁਕਾਵਾਂਗਾ
ਨੱਕ 'ਚ ਨਕੇਲ ਪਾਕੇ ਮੈਂ ਲਿਆਵਾਂਗਾ.......
.....................................

ਬੀੜਾ ਪਾਨਾਂ ਵਾਲਾ ਚੁੱਕਿਆ ਪਠਾਨ ਨੇ
ਕੀਤਾ ਸੀ ਪਾਗਲ ਉਹ ਨੂੰ ਝੂਠੇ ਮਾਣ ਨੇ
ਚਿੜੀਆਂ ਨੂੰ ਜਾਨੋਂ ਮਾਰਕੇ ਮੁਕਾਵਾਂਗਾ
ਨੱਕ 'ਚ ਨਕੇਲ ਪਾਕੇ...............
.....................................

ਮੇਰੇ ਬਾਹੂ ਬਲ ਨੂੰ ਉਹ ਨਹੀਂ ਜਾਣਦਾ
ਬੋਲ ਪੂਰੇ ਕਰੂੰ ਪੁੱਤ ਮੈਂ ਪਠਾਣ ਦਾ
ਜਾਂ ਫਿਰ ਨੀਂਦ ਸਦਾ ਦੀ ਸੁਆਵਾਂਗਾ
ਨੱਕ 'ਚ ਨਕੇਲ ਪਾਕੇ...............
.....................................

ਚੁੱਕ ਤਲਵਾਰ ਹੰਕਾਰੀ ਚੁੰਮਦਾ
ਮਾਰਕੇ ਸਲੂਟ ਪਿੱਛੇ ਨੂੰ ਹੈ ਘੁੰਮਦਾ
'ਸੋਮਾ ਆਦਮਪੁਰੀਆ' ਮੈਂ ਹੁਣੇ ਜਾਵਾਂਗਾ
ਨੱਕ 'ਚ ਨਕੇਲ ਪਾਕੇ...............

***

ਪੈਂਤੀ ਹਜ਼ਾਰ ਸਿਪਾਹੀਆਂ ਦੀ ਫੌਜ ਲੈਕੇ ਲੱਲਾ ਬੇਗ ਜੰਗ ਲਈ ਕੂਚ ਕਰਦਾ ਹੈ ਪਹਿਲਾ ਹਮਲਾ ਕਮਰ ਬੇਗ ਦੀ ਕਮਾਂਡ ਥੱਲੇ ਕਰਦੇ ਹਨ।

## ਕਲੀ

ਠੱਕਾ ਚੱਲੇ ਦੂਜੇ ਉਤੋਂ ਰੁੱਤ ਸਿਆਲ ਦੀ
ਕੀਤੀ ਕਮਰੇ ਬੇਗ ਨੇ ਕਹਿੰਦੇ ਜਦੋਂ ਚੜ੍ਹਾਈ

ਲਾਉਂਦੇ ਅਲੀ ਅਲੀ ਦੇ ਨਾਹਰੇ ਆਕੀ ਸੂਰਮੇ
ਪੈਂਦੀ ਵਿਚ ਮੈਦਾਨ ਜੰਗ ਦੇ ਖ਼ੂਬ ਦੁਹਾਈ

ਅੱਗੇ ਬੇਸਵਰੀ ਨਾਲ ਬੈਠੇ ਸਿੱਖ ਉਡੀਕਦੇ
ਭੁੱਖਾ ਸ਼ੇਰ ਜਿਉਂ ਹੈ ਬੈਠਾ ਘਾਤ ਲਗਾਈ

ਗੋਲੀ ਚੱਲਣ ਨਾਲੇ ਹੁੰਦੀ ਵਰਖਾ ਤੀਰਾਂ ਦੀ
ਜਾਂਦੇ ਲੋਥਾਂ ਦੇ ਦਈ ਢੇਰ ਸੂਰਮੇ ਲਾਈ

ਮਾਰੋ ਮਾਰ ਦੀਆਂ ਅਵਾਜ਼ਾਂ ਚੀਕ ਚਿਹਾੜਾ ਏ
ਹਾਹਾਕਾਰ 'ਚ ਹੋ ਗਏ ਸਾਰੇ ਹੱਥੋ ਪਾਈ

ਧਰਤੀ ਨਾਲ ਲਹੂ ਦੇ ਹੋ ਗਈ ਲਾਲੋ ਲਾਲ ਸੀ
ਪਾ ਗਏ ਕਈ ਵਿਛੋੜਾ ਭਾਈਆਂ ਕੋਲੋਂ ਭਾਈ

ਸੱਤ ਹਜ਼ਾਰ ਸੂਰਮੇ ਸੁਸਰੀ ਵਾਂਗੂੰ ਸੌਂ ਗਏ
'ਸੋਮਾਂ ਆਦਮਪੁਰੀਆਂ' ਸਿੱਖਾਂ ਖ਼ੁਸ਼ੀ ਮਨਾਈ।

***

ਦੋਨਾਂ ਪਾਸਿਆਂ ਤੋਂ ਸੂਰਮੇ ਬਹਾਦਰੀ ਦੇ ਜੌਹਰ ਦਿਖਾ ਰਹੇ ਸਨ। ਸ਼ਾਹੀ ਫੌਜ ਦਾ ਬਹੁਤ ਜਾਨੀ ਨੁਕਸਾਨ ਹੋ ਚੁੱਕਾ ਸੀ। ਲੱਲਾ ਬੇਗ ਦੀ ਘਬਰਾਹਟ ਵਧਦੀ ਜਾ ਰਹੀ ਸੀ।

ਝੁਕਦਾ ਹੈ ਸਿਰ ਸਦਾ ਹੀ ਗਰੂਰ ਦਾ
ਤੰਬੂ ਵਿਚ ਬੈਠਾ ਲੱਲਾ ਬੇਗ ਝੂਰਦਾ
ਲੱਗਦਾ ਹੈ ਜਿੱਤਕੇ ਨਾ ਹੁਣ ਜਾਵਾਂਗਾ
ਬਾਦਸ਼ਾਹ ਨੂੰ ਕਿਹੜਾ ਮੂੰਹ ਮੈਂ ਦਿਖਾਵਾਂਗਾ

ਅੱਖੀਆਂ 'ਚੋਂ ਅੱਥਰੂ ਨੇ ਡਿੱਗੀ ਜਾਂਵਦੇ
ਕਾਸਮ ਛਮਸ ਬੇਗ ਸਮਝਾਂਵਦੇ
ਅੱਬਾ ਜਾਨ ਕਿਉਂ ਦਿਲ ਨੂੰ ਡੁਲਾਉਂਦੇ ਹੋ
ਸਾਡੇ ਜਿੰਦੇ ਜੀ ਕਿਉਂ ਘਬਰਾਉਂਦੇ ਹੋ

ਹੁਣ ਅਸੀਂ ਜੌਹਰ ਜੰਗ ਦੇ ਦਿਖਾਵਾਂਗੇ
ਦੇਖੋ ਤੁਸੀਂ ਅਸੀਂ ਪਾਸਾ ਪਲਟਾਵਾਂਗੇ
ਅੱਲਾ ਖੈਰ ਕਹਿਕੇ ਲੱਲਾ ਤੋਰਦਾ
ਆਸਰਾ ਨਾ ਰਿਹਾ ਹੁਣ ਕਿਸੇ ਹੋਰ ਦਾ

ਗੁਰਾਂ ਥਾਪੀ ਦੇਕੇ ਬਿਧੀ ਚੰਦ ਘੱਲਿਆ
ਕਾਸਮ ਨੇ ਵਾਰ ਇੱਕ ਵੀ ਨਾ ਝੱਲਿਆ
ਬਿਧੀ ਚੰਦ ਐਸੀ ਤਲਵਾਰ ਮਾਰੀ ਜੀ
ਕਰਤੀ ਦੋ ਫਾੜ ਦੇਹੀ ਡਾਢੀ ਭਾਰੀ ਜੀ

ਪਾ ਗਿਆ ਛਮਸ ਫਿਰ ਛੇਤੀ ਚਾਲੇ ਜੀ
ਕਰ ਦਿੱਤਾ ਉਹਨੂੰ ਮੌਤ ਦੇ ਹਵਾਲੇ ਜੀ
ਪ੍ਰਸੰਗ 'ਸੋਮਾ ਆਦਮਪੁਰੀਏ' ਬਣਾਇਆ ਏ
ਅੱਗੇ ਸੁਣੋਂ ਕਿਵੇਂ ਲੱਲਾ ਬੇਗ ਆਇਆ ਏ

***

ਆਪਣੇ ਬਹਾਦਰ ਪੁੱਤਰਾਂ ਨੂੰ ਮਰਵਾਕੇ ਲੱਲਾ ਬੇਗ ਪਾਗਲਾਂ ਦੀ ਤਰ੍ਹਾਂ ਹੋ ਚੁੱਕਾ ਸੀ ਆਰ ਜਾਂ ਪਾਰ ਦੀ ਲੜਾਈ ਲਈ ਸਾਰੀ ਬਚੀ ਹੋਈ ਫੌਜ ਨਾਲ ਆਪ ਅੱਗੇ ਵਧ ਕੇ ਹੱਲਾ ਬੋਲਦਾ ਹੈ।

## ਝੋਕ

ਧਰਕੇ ਹੁਣ ਜਾਨ ਤਲੀ ਤੇ ਲੱਲਾ ਬੇਗ ਆਇਆ ਏ
ਉਪਰੋਂ ਪਿਆ ਬੜ੍ਹਕਾਂ ਮਾਰੇ, ਅੰਦਰੋਂ ਘਬਰਾਇਆ ਏ
ਪੁੱਤਰਾਂ ਦੇ ਗਮ ਨੇ ਉਹਨੂੰ, ਡਾਢਾ ਸਤਾਇਆ ਏ
ਕਹਿੰਦਾ ਹੁਣ ਜੰਗ ਹੋਊਗੀ, ਆਰ ਜਾਂ ਪਾਰ ਦੀ
ਝੱਲਣੀ ਹੈ ਮਾਰ ਕੀਹਨੇ, ਮੇਰੀ ਤਲਵਾਰ ਦੀ
ਦੇਖੂੰਗਾ ਕੌਣ ਸੂਰਮਾ.................
.........................................

ਪੁੱਤਰਾਂ ਦੀ ਮੌਤ ਸੁਣਕੇ, ਗੁੱਸੇ ਵਿਚ ਆਉਂਦਾ ਏ
ਸਾਰੀ ਦੀ ਸਾਰੀ ਫੌਜ, ਅੱਗੇ ਉਹ ਲਾਉਂਦਾ ਏ
ਜਿੱਤਣਾ ਹੈ ਜੰਗ ਜ਼ਰੂਰੀ, ਹੁਕਮ ਸੁਣਾਉਂਦਾ ਏ
ਰੱਖਣੀ ਹੈ ਲਾਜ ਪਠਾਣੋਂ, ਸ਼ਾਹੀ ਦਰਬਾਰ ਦੀ
ਝੱਲਣੀ ਹੈ ਮਾਰ ਕੀਹਨੇ, ਮੇਰੀ ਤਲਵਾਰ ਦੀ
ਦੇਖੂੰਗਾ ਕੌਣ ਸੂਰਮਾ.................
.........................................

ਅੱਖਾਂ ਵਿਚ ਖੂਨ ਉਤਰਿਆ, ਬੋਲਿਆ ਹੱਲਾ ਜੀ
ਦਸ ਦਸ ਤੇ ਭਾਰੀ ਪੈਂਦਾ, ਸਿੱਖ ਜੋ ਕੱਲਾ ਜੀ
ਛੱਡਕੇ ਮੈਦਾਨ ਭੱਜਣ ਦੀ, ਸੋਚੇ ਹੁਣ ਲੱਲਾ ਜੀ
'ਸੋਮਾ' ਝੰਡ ਲਹਿ ਗਈ ਸਾਰੀ, ਝੂਠੇ ਹੰਕਾਰ ਦੀ
ਝੱਲਣੀ ਹੈ ਮਾਰ ਕੀਹਨੇ, ਮੇਰੀ ਤਲਵਾਰ ਦੀ
ਦੇਖੂੰਗਾ ਕੌਣ ਸੂਰਮਾ................

***

ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਲੱਲਾ ਬੇਗ ਦੀ ਸਿੱਧੀ ਟੱਕਰ ਹੋਈ। ਲੱਲਾ ਬੇਗ ਮਾਰਿਆ ਗਿਆ। ਸ਼ਾਹੀ ਸੈਨਾ ਭੱਜ ਉੱਠੀ ਅਤੇ ਗੁਰੂ ਸਾਹਿਬ ਦੀ ਫਤਿਹ ਹੋਈ।

## ਵਾਰ

ਲੱਲਾ ਸੋਚਦਾ ਮੈਦਾਨ ਵਿਚੋਂ ਭੱਜਣਾ, ਹੁਣ ਆਪਣੀ ਜਾਨ ਬਚਾ
ਜਾਣੀ ਜਾਣ ਗੁਰੂ ਜੀ ਪਲ 'ਚ, ਗਏ ਸਾਹਮਣੇ ਲੱਲੇ ਦੇ ਆ
ਕਦੇ ਛੱਡਦੇ ਮੈਦਾਨ ਨਹੀਂ, ਸੂਰਮੇ ਲੈਂਦੇ ਅੰਗ ਅੰਗ ਕਟਵਾ
ਜਾਂ ਜਿੱਤਦੇ ਜਾਂ ਮੌਤ ਅਪਣਾਂਵਦੇ, ਜਾਂਦੇ ਜੱਗ ਤੋਂ ਸ਼ਹੀਦੀ ਪਾ

ਕੀ ਮਿਲਣਾ ਖਾਨ ਜੀ ਭੱਜਕੇ, ਤਾਹਨੇ ਨਿੱਤ ਦੇ ਸਹਿਣੇ ਪੈਣਗੇ
ਬੁਜ਼ਦਿਲ ਵੀ ਤੁਸਾਂ ਨੂੰ ਵਿਚ ਸੱਥ ਦੇ, ਬੁਜ਼ਦਿਲ ਹੀ ਹੱਸਕੇ ਕਹਿਣਗੇ
ਬਣੋਂ ਸੂਰਮੇਂ ਪਹਿਲਾਂ ਕਰੋ ਵਾਰ ਜੀ, ਨਹੀਂ ਪਛਤਾਵੇ ਰਹਿਣਗੇ
ਜਦੋਂ ਕੀਤਾ ਵਾਰ ਅਸੀਂ ਮੋੜਵਾਂ, ਕੋਈ ਵਿਰਲੇ ਹੀ ਜੋ ਸਹਿਣਗੇ

ਪਾਰਾ ਚੜ੍ਹਿਆ ਲੱਲੇ ਦਾ ਸੁਣਕੇ, ਸਤਿਗੁਰ ਦੇ ਬਚਨ ਅਨਮੋਲ
ਕਹਿੰਦਾ ਤੇਰੇ ਕਰਕੇ ਕਾਫਰਾ, ਮੇਰੇ ਪੁੱਤਰ ਮਰੇ ਅਨਭੋਲ
ਕੀਤਾ ਭਰਵਾਂ ਵਾਰ ਤਲਵਾਰ ਦਾ, ਅੱਗੋਂ ਸਤਿਗੁਰ ਰਹੇ ਅਡੋਲ
ਜੰਗ ਲੜਦੇ ਦੇਖ ਦੋ ਸੂਰਮੇਂ, ਕਈ ਮਹਾਂਬਲੀ ਗਏ ਡੋਲ

ਸਮਾਂ ਆਖਰੀ ਆ ਗਿਆ ਖਾਨ ਦਾ, ਕਹਿੰਦੇ ਸਤਿਗੁਰ ਬਚਨ ਸੁਣਾ
ਬੜਾ ਕੀਤਾ ਲਿਹਾਜ ਅਸੀਂ ਖਾਨ ਜੀ, ਹੁਣ ਕਰ ਲਓ ਯਾਦ ਖ਼ੁਦਾ
ਮਾਰੀ ਐਸੀ ਫਿਰ ਤਲਵਾਰ ਸੀ, ਸਿਰ ਧੜ ਤੋਂ ਕਰਤਾ ਜੁਦਾ
ਬਾਕੀ ਸ਼ਾਹੀ ਸੈਨਾ ਭੱਜ ਗਈ, 'ਸੋਮਾ' ਆਪਣੀ ਜਾਨ ਬਚਾ।

***

# ਪ੍ਰਸੰਗ: ਭਾਈ ਆਕਲ ਜੀ

ਭਾਈ ਆਕਲ ਅਤੇ ਉਸ ਦਾ ਪ੍ਰੀਵਾਰ ਗੁਰੂ ਘਰ ਦੇ ਪ੍ਰੇਮੀ ਹਨ। ਅਨਜਾਣੇ ਵਿਚ ਭਾਈ ਆਕਲ ਦੀ ਲੜਕੀ ਦਾ ਰਿਸ਼ਤਾ ਉਸ ਘਰ ਵਿਚ ਹੋ ਜਾਂਦਾ ਹੈ, ਜੋ ਸਖੀ ਸਰਵਰ ਦੇ ਪੁਜਾਰੀ ਸਨ। ਭਾਈ ਆਕਲ ਦੀ ਲੜਕੀ ਗੁਰੂ ਦੀ ਸ਼ਰਨ ਵਿਚ ਆਉਂਦੀ ਹੈ। ਸਤਿਗੁਰ ਸੱਚੇ ਪਾਤਸ਼ਾਹ ਮਿਹਰ ਕਰਕੇ ਸਾਰੇ ਪ੍ਰੀਵਾਰ ਨੂੰ ਹੀ ਗੁਰੂ ਘਰ ਨਾਲ ਜੋੜ ਲੈਂਦੇ ਹਨ। ਗੁਰੂ ਦੀ ਸੰਗਤ ਕਰਨ ਨਾਲ ਖੋਟੇ ਕਰਮਾਂ ਦਾ ਨਾਸ ਹੋ ਜਾਂਦਾ ਹੈ

## ਵਾਰ

ਵੱਡੇ ਘਰ ਗੁਰਸਿੱਖ ਸੀ ਵਸਦਾ, ਭਾਈ ਆਕਲ ਉਹਦਾ ਨਾਮ
ਕਰਦਾ ਦਸਾਂ ਨੌਂਹਾਂ ਦੀ ਕ੍ਰਿਤ ਉਹ, ਜਾਣੇ ਹੱਕ ਪਰਾਇਆ ਹਰਾਮ
ਬਾਣੀ ਪੜ੍ਹਦਾ ਨਾਲ ਪ੍ਰੇਮ ਦੇ, ਉਹ ਨਿੱਤ ਸਵੇਰੇ ਸ਼ਾਮ

ਦਰਸ਼ਨ ਕਰਦਾ ਉਹ ਸਤਿਗੁਰੂ ਦੇ, ਛੱਡ ਕੂੜੇ ਕਰਮ ਤਮਾਮ
ਪੈਦਾ ਹੋਈ ਉਹਦੇ ਘਰ ਕੰਨਿਆਂ, ਸੋਹਣੀ ਗੁਣਵੰਤੀ ਵਿਦਵਾਨ
'ਸੋਮਾ ਆਦਮਪੁਰੀਆ' ਭਾਲਦਾ, ਵਰ ਹੋਈ ਜਦੋਂ ਜਵਾਨ

***

ਤੁਕਲਾਣੀ ਪਿੰਡ ਵਿਚ ਸਾਦੇ ਦੇ ਪੁੱਤਰ ਭਾਈ ਸਾਧੂ ਨਾਲ ਪੰਡਤ ਨੇ ਰਿਸ਼ਤਾ ਪੱਕਾ ਕਰ ਜਾਣਾ।

## ਕਲੀ

ਲੈ ਕੇ ਸ਼ਗਨ ਬ੍ਰਾਹਮਣ ਫਿਰੇ ਯੋਗ ਵਰ ਭਾਲਦਾ
ਫਿਰਦਾ ਫਿਰਦਾ ਉਹ ਤੁਕਲਾਣੀ ਪਿੰਡ 'ਚ ਆਇਆ

ਪੁੱਛ ਪੁਛਾਕੇ ਪਹੁੰਚ ਗਿਆ ਘਰ, ਪੰਡਤ, ਸਾਦੇ ਦੇ
ਸਾਦੇ ਦਾ ਪੁੱਤਰ ਸੀ ਸਾਧੂ ਮਨ ਨੂੰ ਭਾਇਆ

ਉੱਚਾ ਲੰਮਾ ਗੱਭਰੂ ਕੱਦ ਸਰੂ ਦੇ ਵਾਂਗ ਸੀ
ਸੋਹਣਾ ਰੱਜਕੇ ਰੱਬ ਨੇ ਹੱਥੀਂ ਜਿਵੇਂ ਬਣਾਇਆ

ਉੱਚਾ ਖਾਨਦਾਨ ਤੇ ਘਰ ਵੀ ਆਲੀਸ਼ਾਨ ਸੀ
ਸਾਦੇ ਨੇ ਸੀ ਡਾਢੀਆਂ ਰੀਝਾਂ ਨਾਲ ਸਜਾਇਆ

ਕਰਕੇ ਮਾਤਾ ਪਿਤਾ ਇਕੱਠੇ ਵਿਚ ਬਰਾਦਰੀ
ਸਾਧੂ ਦੀ ਝੋਲੀ ਵਿਚ ਸ਼ਗਨ ਕੁੜੀ ਦਾ ਪਾਇਆ

'ਸੋਮਾ ਆਦਮਪੁਰੀਆ' ਦੱਸਿਆ ਜਾਕੇ ਆਕਲ ਨੂੰ
ਸੁਣਕੇ ਸਿਫਤਾਂ ਉਹਨੇ ਰੱਬ ਦਾ ਸ਼ੁਕਰ ਮਨਾਇਆ

***

ਭਾਈ ਆਕਲ ਨੂੰ ਜਦੋਂ ਪਤਾ ਲੱਗਾ ਕਿ ਸਾਧਾ ਸਖੀ ਸਰਵਰ ਨੂੰ ਮੰਨਣ ਵਾਲਾ ਹੈ ਤਾਂ ਬਹੁਤ ਦੁਖੀ ਹੋਇਆ ਪਰ ਸਾਦੇ ਦੀ ਸ਼ਰਤ ਅਨੁਸਾਰ ਹੀ ਸ਼ਾਦੀ ਕਰ ਦਿੱਤੀ।

## ਕਬਿੱਤ

ਚਾਵਾਂ ਅਤੇ ਸਧਰਾਂ ਨਾਲ, ਢੁੱਕੀ ਜੰਜ ਸਾਧੂ ਦੀ ਸੀ
ਪਾਈ ਆਕਲ ਨੇ ਅਗੋਂ ਕੀਤਾ ਸਤਿਕਾਰ ਜੀ
.................................................

ਸੇਵਾ ਕੀਤੀ ਖ਼ੂਬ ਸੋਹਣੇ ਸੋਹਣੇ ਪਕਵਾਨਾਂ ਨਾਲ
ਫੇਰਿਆਂ ਦੇ ਲਈ ਕੀਤੀ ਕੰਨਿਆਂ ਤਿਆਰ ਜੀ
.................................................

ਪਰ ਅਗੋਂ ਕਹਿਣ ਲੱਗਾ, ਸਾਦਾ ਭਾਈ ਆਕਲ ਨੂੰ
ਹੋਣਾ ਨਹੀਂ ਵਿਆਹ ਸਿੱਖ ਰੀਤੀ ਅਨੁਸਾਰ ਜੀ
.................................................

ਅਸੀਂ ਤੇ ਉਪਾਸ਼ਕ ਹਾਂ, ਸਖੀ ਸਵਰਰ ਦੇ ਬਈ
ਸਿੱਖ ਰੀਤੀਆਂ ਨਾ ਮੰਨੇ ਸਾਡਾ ਪ੍ਰੀਵਾਰ ਜੀ
.................................................

ਸੁਣਕੇ ਇਹ ਗੱਲ ਬੜਾ ਦੁੱਖ ਲੱਗਾ ਆਕਲ ਨੂੰ
ਕਹਿੰਦਾ ਅੱਛਾ ਜਿਵੇਂ ਕਰਦਾ ਹੈ ਕਰਤਾਰ ਜੀ
.................................................

'ਸੋਮਾ ਆਦਮਪੁਰੀਆ' ਕੀ ਜ਼ੋਰ ਅੱਗੇ ਡਾਢਿਆਂ ਦੇ
ਡੋਲੀ ਚੁੱਕ ਕੰਨਿਆਂ ਦੀ ਤੁਰ ਪਏ ਕਹਾਰ ਜੀ

***

ਭਾਈ ਆਕਲ ਗੁਰਸਿੱਖ ਪ੍ਰੀਵਾਰ ਸੀ। ਕਹਾਰ ਡੋਲੀ ਲੈ ਕੇ ਜਾ ਰਹੇ ਸੀ ਤਾਂ ਰਸਤੇ ਵਿਚ ਇੱਕ ਨਗਰ ਵਿਚ ਗੁਰੂ ਸਾਹਿਬ ਦਾ ਦਰਬਾਰ ਲੱਗਾ ਹੋਇਆ ਸੀ। ਪਤਨੀ ਦੀ ਬੇਨਤੀ ਮੰਨਕੇ ਭਾਈ ਸਾਧੂ ਦਰਬਾਰ ਵਿਚ ਆ ਗਿਆ। ਜਾਣੀ ਜਾਣ ਸੱਚੇ ਪਾਤਸ਼ਾਹ ਕੁੱਝ ਸਵਾਲ ਜਵਾਬ ਕਰਦੇ ਹਨ।

## ਝੋਕ

ਗੁਰੂ ਜੀ: ਹੱਥੀਂ ਸ਼ਗਨਾਂ ਦੀ ਮਹਿੰਦੀ, ਹੌਕੇ ਨਾ ਭਰ ਬੱਚੀਏ
ਤੈਨੂੰ ਡਰ ਕਿਹੜੀ ਗੱਲ ਦਾ, ਸਿੱਧੀ ਗੱਲ ਕਰ ਬੱਚੀਏ
ਆ ਗਈ ਗੁਰੂ ਘਰ ਵਿੱਚ ਹੁਣ ਤੂੰ, ਐਵੇਂ ਨਾ ਡਰ ਬੱਚੀਏ
ਸਹੁਰੇ ਘਰ ਧੀਆਂ ਤਾਈਂ ਜਾਣਾ ਹੀ ਪੈਂਦਾ ਏ
ਬਾਬਲ ਦਾ ਨੱਕ ਹੀ ਬੱਚੀਏ, ਜੱਗ ਵਿਚ ਤਾਂ ਰਹਿੰਦਾ ਏ
ਸਹੁਰੇ ਘਰ ਧੀਆਂ ਤਾਈਂ........................
....................................................

ਬੀਬੀ: ਹੰਝੂਆਂ ਦੀ ਝੜੀ ਲਗਾਈ, ਨੈਣਾਂ ਨੂੰ ਭਰਕੇ ਜੀ
ਕਹਿੰਦੀ ਏ ਬੀਬੀ ਮੱਥਾ ਚਰਨਾਂ ਤੇ ਧਰਕੇ ਜੀ
ਪਾਇਆ ਮੈਂ ਦੁੱਖ ਹੈ ਖੋਟੇ ਕਰਮਾਂ ਦੇ ਕਰਕੇ ਜੀ
ਝੱਲਾਂਗੀ ਕਿਵੇਂ ਵਿਛੋੜਾ, ਦਾਤਾ ਗੁਰੂ ਘਰ ਦਾ ਜੀ
ਸਹੁਰਾ ਘਰ ਮੇਰਾ ਪੂਜਾ ਸਰਵਰ ਦੀ ਕਰਦਾ ਜੀ
ਝੱਲਾਂਗੀ ਕਿਵੇਂ ਵਿਛੋੜਾ......................
....................................................

ਗੁਰੂ ਜੀ: ਲੇਖਾਂ ਵਿਚ ਤੇਰੇ ਜੋ ਸੀ ਲਿਖਿਆ ਉਹ ਹੋਇਆ ਏ
ਖੋਟਾ ਜੋ ਲੇਖ ਸੀ ਤੇਰਾ, ਸਤਿਗੁਰ ਨੇ ਧੋਇਆ ਏ
ਬਣਦਾ ਹੈ ਸੋਨਾ-ਲੋਹਾ, ਪਾਰਸ ਜਦ ਛੋਹਿਆ ਏ
ਚੰਗਾ ਤੇ ਮਾੜੇ ਨੂੰ ਵੀ, ਰਾਹੇ ਪਾ ਲੈਂਦਾ ਏ
ਸਹੁਰੇ ਘਰ ਧੀਆਂ ਤਾਈਂ.................
....................................................

ਬੀਬੀ: ਕ੍ਰਿਪਾ ਕਰ ਰਾਹੇ ਪਾ ਦਿਓ ਸਾਰਾ ਪ੍ਰੀਵਾਰ ਜੀ
ਅਸੀਂ ਹਾਂ ਪਾਪੀ, ਤੁਸੀਂ ਬਖਸ਼ਣਹਾਰ ਜੀ
'ਸੋਮਾ ਆਦਮਪੁਰੀਆ' ਵੀ, ਦਾਤਾ ਦਿਓ ਤਾਰ ਜੀ
ਘੱਟਾ ਨਾ ਛਾਣੇਂ ਐਵੇਂ, ਉਹ ਵੀ ਦਰ ਦਰਦਾ ਜੀ
ਸਹੁਰਾ ਘਰ ਮੇਰਾ ਪੂਜਾ..........................
..............................................

***

# ਪ੍ਰਸੰਗ: ਭਾਈ ਹਰਪਾਲ ਜੀ

ਮੀਰੀ-ਪੀਰੀ ਦੇ ਮਾਲਕ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇੱਕ ਦਿਨ ਸਾਰੀ ਸੰਗਤ ਦੇ ਨਾਲ ਸ਼ਹਿਰ ਦੀ ਫੇਰੀ ਲਾਉਣ ਦਾ ਮਨ ਬਣਾਇਆ। ਅੱਗੇ ਅੱਗੇ ਸੱਚੇ ਪਾਤਸ਼ਾਹ ਅਤੇ ਪਿੱਛੇ ਪਿੱਛੇ ਸਾਰੀ ਸੰਗਤ ਬਾਣੀ ਦਾ ਜਾਪ ਕਰਦੀ ਜਾ ਰਹੀ ਹੈ, ਸੰਗਤ ਦੇ ਵਿਚ ਇੱਕ ਭਾਈ ਹਰਪਾਲ ਨਾਮ ਦਾ ਸਿੱਖ ਵੀ ਹੈ। ਜੋ ਗੁਰੂ ਘਰ ਦਾ ਬਹੁਤ ਪ੍ਰੇਮੀ ਅਤੇ ਸਵਾਸ ਸਵਾਸ ਪ੍ਰਮਾਤਮਾ ਦਾ ਨਾਮ ਜਪਣ ਵਾਲਾ ਗੁਰਸਿੱਖ ਹੈ, ਤੁਰਦੇ ਤੁਰਦੇ ਸਤਿਗੁਰ ਇੱਕ ਦੁਕਾਨੇ ਦੇ ਕੋਲੋਂ ਦੀ ਲੰਘਣ ਲੱਗੇ ਤਾਂ ਕੀ ਦੇਖਦੇ ਹਨ ਕਿ ਇੱਕ ਤੋਤਾ ਪਿੰਜਰੇ ਵਿਚ ਬੰਦ ਹੈ। ਤੋਤੇ ਦਾ ਮਾਲਕ ਦੁਕਾਨ ਕਰਦਾ ਸੀ ਅਤੇ ਨਾਲ ਹੀ ਤੋਤੇ ਫੜਕੇ ਵੇਚਦਾ ਸੀ। ਪਿੰਜਰੇ ਵਿਚ ਬੰਦ ਜੋ ਤੋਤਾ ਸੀ, ਇਸਨੂੰ ਥੋੜ੍ਹਾ ਥੋੜ੍ਹਾ ਬੋਲਣਾ ਸਿਖਾਇਆ ਹੋਇਆ ਸੀ। ਜਦੋਂ ਸਤਿਗੁਰੂ ਜੀ ਲਾਗੇ ਆਏ ਤਾਂ ਤੋਤਾ ਕਹਿਣ ਲੱਗਾ 'ਰਾਮ ਰਾਮ', ਤੋਤੇ ਦੇ ਮੂੰਹੋਂ ਰਾਮ ਰਾਮ ਸੁਣਕੇ ਸਤਿਗੁਰ ਬਹੁਤ ਪ੍ਰਸੰਨ ਹੋਏ, ਸਹਿਜ ਸੁਭਾਅ ਹੀ ਸਤਿਗੁਰ ਕਹਿਣ ਲੱਗੇ ਕਿੰਨਾ ਪਿਆਰਾ ਤੋਤਾ ਹੈ ਜੋ ਰਾਮ ਰਾਮ ਆਖਦਾ ਹੈ। ਪੰਛੀ ਹੋ ਕੇ ਵੀ ਪ੍ਰਮਾਤਮਾ ਦਾ ਨਾਮ ਜਪਦਾ ਹੈ। ਦੁਬਾਰਾ ਫਿਰ ਮੂੰਹੋਂ ਬਚਨ ਉਚਾਰ ਦਿੱਤੇ ਕਿ ਬਹੁਤ ਮਨਮੋਹਣਾ ਪੰਛੀ ਹੈ। ਇਹ ਗੱਲ ਭਾਈ ਹਰਪਾਲ ਨੇ ਸੁਣ ਲਈ। ਮਨ ਦੇ ਵਿਚ ਵੀਚਾਰ ਆ ਗਿਆ ਕਿ ਮੈਂ ਇਹ ਤੋਤਾ ਖਰੀਦਕੇ ਸਤਿਗੁਰਾਂ ਨੂੰ ਜ਼ਰੂਰ ਭੇਟ ਕਰਾਂਗਾ, ਅੱਗੇ ਪ੍ਰਸੰਗ ਇਸ ਤਰ੍ਹਾਂ ਹੈ

**ਵਾਰ: ਮਿਰਜ਼ਾ**

ਮੀਰੀ ਪੀਰੀ ਦਾ ਜੀ ਸ਼ਹਿਨਸ਼ਾਹ, ਜਾਵੇ ਇੱਕ ਦਿਨ ਵਿਚ ਬਜ਼ਾਰ
ਅੱਗੇ ਪਿੱਛੇ ਸੰਗਤ ਚੱਲਦੀ ਸੀ, ਨਾਲ ਬੜੇ ਸਤਿਕਾਰ

ਤੋਤਾ ਇੱਕ ਡਿੱਠਾ ਵਿਚ ਪਿੰਜਰੇ, ਆਇਆ ਦਿਲ ਦੇ ਵਿਚ ਵੀਚਾਰ
ਕਹਿੰਦੇ ਤੋਤਾ ਇਹ ਮਨਮੋਹਣਾ, ਦਿੱਤੇ ਏਦਾਂ ਬਚਨ ਉਚਾਰ

ਕੀ ਸੀ ਰਮਜ਼ ਸੱਚੀ ਸਰਕਾਰ ਦੀ, ਇਹ ਤਾਂ ਜਾਣੇ ਕਰਤਾਰ
ਸੰਗਤ ਨੇ ਵੀ ਗੌਲੀ ਗੱਲ ਨਾ, ਕੀ ਆਖ ਗਏ ਦਾਤਾਰ

ਐਪਰ ਇੱਕ ਗੁਰੂ ਦੇ ਸਿੱਖ ਨੇ, ਲਈ ਦਿਲ ਵਿਚ ਪੱਕੀ ਧਾਰ
ਤੋਤਾ ਭੇਟ ਕਰਾਂ ਗੁਰਦੇਵ ਨੂੰ, 'ਸੋਮਾ' ਤਾਰਕੇ ਆਨੇ ਚਾਰ

***

ਸਾਰੀ ਸੰਗਤ ਸਤਿਗੁਰਾਂ ਤੋਂ ਆਗਿਆ ਲੈ ਕੇ ਆਪੋ ਆਪਣੇ ਘਰਾਂ ਨੂੰ ਚਲੀ ਗਈ ਭਾਈ ਹਰਪਾਲ ਘਰ ਜਾਕੇ ਵਾਰ ਵਾਰ ਤੋਤੇ ਬਾਰੇ ਹੀ ਸੋਚਦਾ ਹੈ। ਉਹ ਜਾਣਦਾ ਹੈ ਕਿ ਤੋਤਾ ਬਿਨਾਂ ਪੈਸਿਆਂ ਤੋਂ ਮਿਲਣਾ ਨਹੀਂ ਅਤੇ ਜਮ੍ਹਾਂ ਪੂੰਜੀ ਉਸ ਕੋਲ ਹੈ ਕੋਈ ਨਹੀਂ ਕਿਉਂਕਿ ਘਰ ਵਿਚ ਪਤਨੀ, ਇੱਕ ਭੈਣ ਅਤੇ ਇੱਕ ਬੇਟੀ ਹੈ, ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਮਿਹਨਤ ਮਜ਼ਦੂਰੀ ਕਰਕੇ ਚੱਲਦਾ। ਸੋਚਾਂ ਵਿਚ ਡੁੱਬਿਆ ਭਾਈ ਹਰਪਾਲ ਇਉਂ ਆਪਣੇ ਮਨ ਦੇ ਨਾਲ ਵੀਚਾਰਾਂ ਕਰਦਾ ਹੈ।

**ਤਰਜ਼: ਜੋੜੀ ਜਦੋਂ ਚੁਬਾਰੇ ਚੜ੍ਹਦੀ**

ਬੈਠਾ ਸਿੱਖ ਵਿਉਂਤ ਬਣਾਵੇ, ਤੋਤਾ ਕਿਵੇਂ ਲਿਆਂਦਾ ਜਾਵੇ
ਸਤਿਗੁਰ ਦੇ ਜੋ ਮਨ ਨੂੰ ਭਾਵੇ, ਐਪਰ ਘਰ ਵਿਚ ਪਾਈ ਨਾ
ਜਾਣੀ ਜਾਣ ਗੁਰਾਂ ਨੇ ਕਹਿਣਾ, ਪ੍ਰੀਤ ਨਿਭਾਈ ਨਾ
ਜਾਣੀ ਜਾਣ ਗੁਰਾਂ ਨੇ ਕਹਿਣਾ, ਪ੍ਰੀਤ ਨਿਭਾਈ ਨਾ
ਜਾਣੀ ਜਾਣ ਗੁਰਾਂ ਨੇ......................
...............................................

ਜੇ ਮੈਂ ਪੁੱਛੀ ਕੀਮਤ ਖਵਰੇ ਕੀ ਉਹ ਅੱਗੋਂ ਮੰਗੇ
ਜਦੋਂ ਤੱਕਦਾ ਜੇਬ੍ਹ ਆਪਣੀ ਸਿੱਖ ਗੁਰੂ ਦਾ ਸੰਗੇ
ਇਹ ਕੀ ਸਤਿਗੁਰ ਖੇਡ ਰਚਾਈ, ਮੈਂ ਤਾਂ ਪਹਿਲਾਂ ਹੀ ਕਰਜ਼ਾਈ
ਜਾਪੇ ਘੜੀ ਦੁਖ ਦੀ ਆਈ, ਹੋਣਾ ਕਿਸੇ ਸਹਾਈ ਨਾ
ਜਾਣੀ ਜਾਣ ਗੁਰਾਂ ਨੇ......................
...............................................

ਸਭ ਕੁਝ ਭਾਵੇਂ ਪੈਸਾ ਨਹੀਂ ਹੈ, ਪੈਸੇ ਦੀ ਸਰਦਾਰੀ
ਪੈਸੇ ਨੂੰ ਹੀ ਹੋਣ ਸਲਾਮਾਂ, ਜਿੱਤੇ ਬਾਜ਼ੀ ਹਾਰੀ
ਐਪਰ ਪੈਸਾ ਕਿੱਥੋਂ ਆਵੇ, ਮੇਰੀ ਪੇਸ਼ ਕੋਈ ਨਾ ਜਾਵੇ
ਦਾਤਾ ਹੀ ਹੁਣ ਪੱਤ ਬਚਾਵੇ, ਸੁਣਦਾ ਕੋਈ ਦੁਹਾਈ ਨਾ
ਜਾਣੀ ਜਾਣ ਗੁਰਾਂ ਨੇ......................
...............................................

ਇਹ ਦੁਨੀਆ ਬੇਦਰਦਾਂ ਦੀ ਹੈ, ਮਤਲਬ ਦੇ ਨੇ ਸਾਰੇ
ਔਖੀ ਘੜੀ 'ਚ ਹੋਣ ਪਰਾਏ, ਜਾਨੋਂ ਵੱਧ ਪਿਆਰੇ
ਜ਼ਿੰਦਗੀ ਫਿਕਰਾਂ ਨੇ ਹੈ ਘੇਰੀ, 'ਸੋਮਾ ਆਦਮਪੁਰੀਆ' ਮੇਰੀ
ਪਲ ਪਲ ਯੁੱਗਾਂ ਬਰਾਬਰ ਦੇਰੀ, ਲੈ ਜਾਏ ਹੋਰ ਕੋਈ ਭਾਈ ਨਾ
ਜਾਣੀ ਜਾਣ ਗੁਰਾਂ ਨੇ......................

***

ਰਾਤ ਪੈ ਗਈ ਹੈ। ਪ੍ਰੀਵਾਰ ਰੋਟੀ ਪਾਣੀ ਖਾਕੇ ਸੌਂ ਗਿਆ ਹੈ, ਪਰ ਭਾਈ ਹਰਪਾਲ ਨੂੰ ਨੀਂਦ ਨਹੀਂ ਆ ਰਹੀ। ਉਹ ਤਾਂ ਤੋਤਾ ਲਿਆਉਣ ਬਾਰੇ ਹੀ ਸਕੀਮਾਂ ਲੜਾ ਰਿਹਾ ਹੈ। ਅਚਾਨਕ ਪਤਨੀ ਦੀ ਅੱਖ ਖੁੱਲ੍ਹ ਜਾਂਦੀ ਹੈ ਤਾਂ ਕੀ ਦੇਖਦੀ ਹੈ ਕਿ ਭਾਈ ਹਰਪਾਲ ਜੀ ਅੱਜ ਬੜੀਆਂ ਡੂੰਘੀਆਂ ਸੋਚਾਂ ਵਿਚ ਡੁੱਬੇ ਹੋਏ ਹਨ। ਪਤਾ ਨਹੀਂ ਕਿਹੜੀ ਪ੍ਰੇਸ਼ਾਨੀ ਇਹਨਾਂ ਨੂੰ ਸਤਾ ਰਹੀ ਹੈ, ਕੋਲ ਆਕੇ ਪਤੀ ਦੇ ਨਾਲ ਕਾਰਨ ਪੁੱਛਦੀ ਹੋਈ ਇੰਜ ਸਵਾਲ-ਜਵਾਬ ਕਰਦੀ ਹੈ।

**ਤਰਜ਼: ਮੇਰੀ ਗੁੱਤ ਕਰਦੇ**

ਪਤਨੀ: ਅੱਧੀ ਰਾਤ ਬੀਤੀ, ਬੜੇ ਪਰੇਸ਼ਾਨ ਬੈਠੇ
ਕਦੇ ਸੋਚਾਂ ਵਿਚ ਤੱਕੇ ਨਾ ਜਨਾਬ
ਅੱਜ ਕਿਹੜੀ ਗੱਲ ਹੋ ਗਈ, ਜਿਹਨੇ ਕਰ ਦਿੱਤੀ ਨੀਂਦ ਖਰਾਬ
ਅੱਜ ਕਿਹੜੀ ਗੱਲ ਹੋ ਗਈ..........

ਪਤੀ: ਅੱਜ ਸੱਚੇ ਪਾਤਸ਼ਾਹ ਨੇ, ਬੜਾ ਹੀ ਅਜੀਬ ਜਿਹਾ
ਕੀਤਾ ਏ ਮਖੌਲ ਮੇਰੇ ਨਾਲ
ਕਿਵੇਂ ਪੂਰੀ ਮੰਗ ਕਰੀਏ, ਆਪਣਾ ਤੇ ਨੰਗਾਂ ਵਾਲਾ ਹਾਲ
ਕਿਵੇਂ ਪੂਰੀ ਮੰਗ ਕਰੀਏ................

ਪਤਨੀ: ਕੀ ਮੰਗਿਆ ਗੁਰਾਂ ਨੇ ਦਸੋ ਖੋਲ੍ਹਕੇ
ਐਡੀ ਕਿਹੜੀ ਮੰਗ ਮੰਗੀ ਦੱਸੋ ਬੋਲਕੇ
ਉਂਗਲਾਂ ਤੇ ਗਿਣ ਗਿਣ ਕਿਹੜਿਆਂ ਖਜ਼ਾਨਿਆਂ ਦਾ
ਲਾਉਂਦੇ ਪਏ ਹਿਸਾਬ, ਅੱਜ ਕਿਹੜੀ ਗੱਲ..............

ਪਤੀ: ਅੱਜ ਮਾਹੀ ਸੀ ਬਜ਼ਾਰ 'ਚੋਂ ਜਾਂ ਲੰਘਦਾ
ਤੋਤਾ ਆ ਗਿਆ ਪਸੰਦ ਸੋਹਣੇ ਰੰਗ ਦਾ
ਮਿੱਠੇ ਮਿੱਠੇ ਬੋਲ ਉਹਨੇ ਬੋਲਕੇ ਗੁਰਾਂ ਦੇ ਅੱਗੇ
ਭਗਵਾਨੇ ਕਰਤਾ ਕਮਾਲ, ਕਿਵੇਂ ਪੂਰੀ ਮੰਗ ਕਰੀਏ
ਆਪਣਾ ਤੇ ਨੰਗਾਂ ਵਾਲਾ ਹਾਲ..........

ਪਤਨੀ: ਇਹਦੇ ਵਿਚ ਕਿਹੜੀ ਗੱਲ ਘਬਰਾਉਣ ਦੀ
ਐਵੇਂ ਬਾਤ ਦਾ ਬਤੰਗੜ ਬਣਾਉਣ ਦੀ
ਖੁਸ਼ੀ ਦੀ ਹੈ ਗੱਲ ਪਰ ਤੁਸੀਂ ਪ੍ਰੇਸ਼ਾਨ ਕਿਉਂ
ਦਿਉ ਮੈਨੂੰ ਇਸ ਦਾ ਜਵਾਬ, ਅੱਜ ਕਿਹੜੀ ਗੱਲ ਹੋ ਗਈ
ਕਦੇ ਸੋਚਾਂ ਵਿਚ ਤੱਕੇ ਨਾ.............

ਪਤੀ: ਛੱਡ ਖਹਿੜਾ ਮੈਨੂੰ ਘੜੀ ਪਲ ਸੌਣ ਦੇ
'ਸੋਮਾ ਆਦਮਪੁਰੀਆ' ਨੂੰ ਅੱਖ ਲਾਉਣ ਦੇ
ਪੁੱਛਕੇ ਕੀ ਲੈਣਾ, ਐਵੇਂ ਫਿਕਰਾਂ 'ਚ ਪੈਣਾ
ਹੱਲ ਤੇਰੇ ਕੋਲੋਂ ਹੋਣਾ ਨਹੀਂ ਸਵਾਲ, ਕਿਵੇਂ ਪੂਰੀ ਮੰਗ ਕਰੀਏ
ਆਪਣਾ ਤੇ ਨੰਗਾਂ ਵਾਲਾ ਹਾਲ...............

***

ਭਾਈ ਹਰਪਾਲ ਇਸ ਪ੍ਰੇਸ਼ਾਨੀ ਨੂੰ ਪਤਨੀ ਨਾਲ ਸਾਂਝਾ ਨਹੀਂ ਕਰਨਾ ਚਾਹੁੰਦੇ, ਕਿਉਂਕ ਉਹ ਜਾਣਦੇ ਹਨ ਕਿ ਇਸ ਦਾ ਹੱਲ ਕੋਈ ਨਹੀਂ ਹੈ, ਉਹ ਆਪਣੀ ਪਤਨੀ ਨੂੰ ਵੀ ਖਾਹਮਖਾਹ ਮੁਸੀਬਤਾਂ ਵਿਚ ਨਹੀਂ ਪਾਉਣਾ ਚਾਹੁੰਦੇ। ਪ੍ਰੰਤੂ ਭਾਈ ਹਰਪਾਲ ਜੀ ਦੀ ਪਤਨੀ ਆਪਣੇ ਪਤੀ ਦਾ ਦੁੱਖ ਸੁੱਖ ਵੰਡਾਉਣਾ ਆਪਣਾ ਧਰਮ ਸਮਝਦੀ ਹੈ। ਦੁਬਾਰਾ ਫਿਰ ਆਪਣੇ ਪਤੀ ਭਾਈ ਹਰਪਾਲ ਜੋ ਅੱਗੇ ਇੰਜ ਬੇਨਤੀ ਕਰਦੀ ਹੈ

**ਤਰਜ਼:ਜੱਬ ਹਮ ਜਵਾਂ ਹੋਂਗੇ**

ਦੇਰੀ ਲਗਾਵੋ ਨਾ, ਗੱਲ ਜੋ ਛੁਪਾਵੇ ਨਾ
ਸਾਥੀ ਤੁਸਾਂ ਦੀ ਹਾਂ, ਦੁੱਖ ਸੁੱਖ ਮੈਂ ਵੰਡਾਂਵਣਾ
ਏਦਾਂ ਨਹੀਂ ਜਾਵਣਾਂ.........................
..................................................

ਮੈਂ ਤੇਰੀ ਦਾਸੀ ਤੂੰ ਸਿਰ ਦਾ ਸਾਈਂ ਵੇ
ਹਾੜ੍ਹਾ ਨਾ ਤੂੰ ਕੱਲਾ ਹੀ ਗਮ ਖਾਈਂ ਵੇ
ਦੰਪਤੀ ਹੁੰਦਾ ਹੈ ਕੀ, ਜਰਾ ਮੈਨੂੰ ਸਮਝਾਵਣਾ
ਏਦਾਂ ਨਹੀਂ ਜਾਵਣਾਂ.........................
..................................................

ਜੋ ਨਹੀਂ ਦੱਸਣ ਵਾਲੀ ਉਹ ਗੱਲ ਕਿਹੜੀ ਹੈ
ਕਿਹੜੀ ਬਿਪਤਾ ਹੈ ਜੋ ਤੁਸਾਂ ਸਹੇੜੀ ਹੈ
ਕਿਹੜੀ ਸਮੱਸਿਆ ਹੈ, ਜੀਹਨੂੰ ਹੱਲ ਹੈ ਕਰਾਵਣਾ
ਏਦਾਂ ਨਹੀਂ ਜਾਵਣਾਂ.........................
..................................................

'ਸੋਮਾ ਆਦਮਪੁਰੀਆ' ਸੌਂਹ ਤੈਨੂੰ ਮੇਰੀ ਵੇ
ਦੱਸਦੇ ਕਿਹੜੇ ਗਮਾਂ ਨੇ ਜ਼ਿੰਦਗੀ ਘੇਰੀ ਵੇ
ਤਨ ਮਨ ਇਹ ਤੇਰਾ ਹੈ, ਤੇਰੇ ਤੋਂ ਹੀ ਲੁਟਾਵਣਾ
ਏਦਾਂ ਨਹੀਂ ਜਾਵਣਾਂ.........................

***

ਆਪਣੀ ਪਤਨੀ ਦੀ ਜ਼ਿੱਦ ਦੇ ਸਾਹਮਣੇ ਮਜਬੂਰ ਹੋਕੇ ਭਾਈ ਹਰਪਾਲ ਆਪਣੀ ਪ੍ਰੇਸ਼ਾਨੀ ਦਾ ਕਾਰਨ ਦੱਸ ਦਿੰਦੇ ਹਨ। ਇਹ ਸੁਣਕੇ ਪਤਨੀ ਵੀ ਸੋਚਾਂ ਵਿਚ ਪੈ ਜਾਂਦੀ ਹੈ। ਸਾਰੀ ਰਾਤ ਜਾਗਦਿਆਂ ਲੰਘ ਗਈ। ਦਿਨ ਚੜ੍ਹੇ ਫਿਰ ਉਹੀ ਗਲ, ਭਾਈ ਹਰਪਾਲ ਜੀ ਨੂੰ ਪਿਛਲੇ ਦਿਨ ਤੋਂ ਹੀ ਪ੍ਰੇਸ਼ਾਨ ਦੇਖਕੇ ਅਤੇ ਹੁਣ ਭਰਜਾਈ ਨੂੰ ਵੀ ਪ੍ਰੇਸ਼ਾਨ ਦੇਖਕੇ ਭਾਈ ਹਰਪਾਲ ਜੀ ਦੀ ਭੈਣ ਇਸ ਤਰ੍ਹਾਂ ਸਵਾਲ ਕਰਦੀ ਹੈ ਤੇ ਅਤੇ ਭਾਈ ਹਰਪਾਲ ਜੀ ਜਵਾਬ ਦਿੰਦੇ ਹਨ।

**ਤਰਜ਼:ਜੱਗਾ**

ਭੈਣ: ਕਿਹੜੇ ਫਿਕਰਾਂ ਦੇ ਵਿਚ ਭਾਬੀ ਡੁੱਬ ਗਈ, ਕਿਹੜੇ ਫਿਕਰਾਂ<br>
ਕਿਹੜੇ ਫਿਕਰਾਂ ਦੇ ਵਿਚ ਭਾਬੀ ਡੁੱਬ ਗਈ,<br>
ਚੁੱਪ ਕਿਉਂ ਤੂੰ ਬੈਠਾ ਵੀਰ ਵੇ,<br>
ਵੀਰ ਵੇ ਕਿ ਕਿਹੜੀ ਖੇਡ ਨਵੀਂ ਖੇਡ ਗਈ ਤਕਦੀਰ ਵੇ.........<br>
.......................................................................

ਹਰਪਾਲ ਜੀ: ਸੁੱਖ ਵੰਡਦੀ ਏ ਦੁਨੀਆ ਸਾਰੀ, ਸੁੱਖ ਵੰਡਦੀ<br>
ਸੁੱਖ ਵੰਡਦੀ ਏ ਦੁਨੀਆ ਸਾਰੀ<br>
ਦੁੱਖ ਨਹੀਂਓਂ ਵੰਡੇ ਜਾਂਵਦੇ, ਭੈਣਾਂ<br>
ਭੈਣਾਂ, ਛੱਡ ਪਰ੍ਹਾਂ ਤੂੰ ਪੁੱਛਕੇ ਕੀ ਲੈਣਾਂ<br>
...........................................................

ਭੈਣ: ਕਿਹੜਾ ਦੁੱਖ ਹੈ ਅੰਮੀ ਦਿਆ ਜਾਇਆ ਕਿਹੜਾ ਦੁੱਖ ਹੈ<br>
ਕਿਹੜਾ ਦੁੱਖ ਹੈ ਅੰਮੀ ਦਿਆ ਜਾਇਆ<br>
ਦਾਰੂ ਜੀਹਦਾ ਨਹੀਂ ਜੱਗ ਤੇ ਵੀਰ ਵੇ<br>
ਵੀਰ ਵੇ ਕਿਹੜੀ ਖੇਡ ਨਵੀਂ ਖੇਡ ਗਈ............<br>
...................................................................

ਹਰਪਾਲ ਜੀ: ਮੇਰੇ ਦੁੱਖ ਦਾ ਦਾਰੂ ਹੈ ਮਹਿੰਗਾ, ਮੇਰੇ ਦੁੱਖ ਦਾ<br>
ਮੇਰੇ ਦੁੱਖ ਦਾ ਦਾਰੂ ਹੈ ਮਹਿੰਗਾ<br>
ਤੇਰੇ ਤੋਂ ਨਹੀਂ ਹੋਣਾ, ਭੈਣਾਂ<br>
ਭੈਣਾਂ, ਛੱਡ ਪਰ੍ਹਾਂ ਤੂੰ ਪੁੱਛਕੇ ਕੀ ਲੈਣਾ...............<br>
......................................................................

ਭੈਣ: ਜਿੰਦ ਆਪਣੀ ਮੈਂ ਵੇਚ ਕੇ ਛੁਡਾਵਾਂ, ਜਿੰਦ ਆਪਣੀ
ਜਿੰਦ ਆਪਣੀ ਮੈਂ ਵੇਚ ਕੇ ਛੁਡਾਵਾਂ,
ਜੇ ਗੱਲ ਮੇਰੇ ਵੱਸ ਦੀ ਵੀਰ ਵੇ
ਵੀਰ ਵੇ ਕਿਹੜੀ ਖੇਡ ਨਵੀਂ ਖੇਡ ਗਈ ਤਕਦੀਰ ਵੇ.........
..........................................................

ਹਰਪਾਲ ਜੀ: ਭਾਵੇਂ ਦੁੱਖ ਦਾ ਦਾਰੂ ਹੱਥ ਤੇਰੇ, ਭਾਵੇਂ ਦੁੱਖ ਦਾ
ਭਾਵੇਂ ਦੁੱਖ ਦਾ ਦਾਰੂ ਹੱਥ ਤੇਰੇ
ਪਰ ਨਹੀਂਓਂ ਕਹਿ ਸਕਦਾ ਭੈਣਾਂ
ਭੈਣਾਂ, ਛੱਡ ਪਰ੍ਹਾਂ ਤੂੰ ਪੁੱਛਕੇ ਕੀ ਲੈਣਾ.......
..........................................................

ਭੈਣ: ਕਹਿੰਦੇ ਸੰਗ ਨਾ ਸੋਮਾ' ਸੌਂਹ ਮੇਰੀ, ਕਹਿੰਦੇ ਸੰਗ ਨਾ
ਕਹਿੰਦੇ ਸੰਗ ਨਾ 'ਸੋਮਾ' ਸੌਂਹ ਮੇਰੀ
ਵਾਹਦਾ ਮੈਂ ਕਰਦੀ ਵੀਰ ਵੇ,
ਵੀਰ ਵੇ ਕਿਹੜੀ ਖੇਡ ਨਵੀਂ ਖੇਡ ਗਈ ਤਕਦੀਰ ਵੇ..........
..........................................................

ਹਰਪਾਲ ਜੀ: ਕਹਿਣਾ ਸੌਖਾ ਤੇ ਕਰਨਾ ਔਖਾ, ਕਹਿਣਾ ਸੌਖਾ
ਕਹਿਣਾ ਸੌਖਾ ਤੇ ਕਰਨਾ ਔਖਾ
ਸਿਆਣੇ ਕਹਿੰਦੇ ਨੇ ਭੈਣਾਂ, ਭੈਣਾਂ
ਛੱਡ ਪਰ੍ਹਾਂ ਤੂੰ ਪੁੱਛਕੇ ਕੀ ਲੈਣਾ.........
..........................................................

***

ਮਜਬੂਰ ਹੋਕੇ ਭਾਈ ਹਰਪਾਲ ਜੀ ਆਪਣੀ ਭੈਣ ਨੂੰ ਇਸ ਤਰ੍ਹਾਂ ਆਪਣੀ ਮਜਬੂਰੀ ਦੱਸਦੇ ਹਨ।

**ਤਰਜ਼ : ਦੋ ਊਠਾਂ ਵਾਲੇ ਨੀ**

ਮੁੱਲ ਮੰਗਿਆ ਭੈਣੇਂ ਨੀ, ਉਸ ਪਾਪੀ ਨੇ ਡੋਲਾ ਤੇਰਾ
ਨਾ ਪੈਸੇ ਲੈਂਦਾ ਉਹ, ਨੀ ਮੈਂ ਲਾਇਆ ਜ਼ੋਰ ਵਥੇਰਾ
ਮੁੱਲ ਮੰਗਿਆ ਭੈਣੇਂ ਨੀ................
..........................................

ਕਿੰਜ ਮਿਲਣਾ ਤੋਤਾ ਨੀ, ਮੈਂ ਇਹ ਬੈਠਾ ਵਿਉਂਤ ਬਣਾਵਾਂ
ਦਿਲ ਕਰਦਾ ਮੇਰਾ ਨੀ, ਚੋਰੀ ਕਰਕੇ ਹੀ ਲੈ ਆਵਾਂ
ਰਾਤ ਥੋੜ੍ਹੀ ਬਾਕੀ ਏ, ਕਿਧਰੇ ਹੋ ਨਾ ਜਾਏ ਸਵੇਰਾ
ਮੁੱਲ ਮੰਗਿਆ ਭੈਣੇਂ ਨੀ................
..........................................

ਮੈਂ ਬੇਮੁੱਖ ਹੋਣਾਂ ਨਹੀਂ, ਤੋਤਾ ਭੇਟ ਗੁਰਾਂ ਨੂੰ ਕਰਨਾ
ਚੋਰੀ ਦੇ ਜੁਰਮ ਵਿਚ ਹੀ, ਭਾਵੇਂ ਫਾਂਸੀ ਪੈ ਜਾਏ ਚੜ੍ਹਨਾ
ਜੇ ਮਿਲਿਆ ਤੋਤਾ ਨਾ, ਕਾਹਦਾ ਜੱਗ ਤੇ ਜੀਣਾ ਮੇਰਾ
ਮੁੱਲ ਮੰਗਿਆ ਭੈਣੇ ਨੀ................
..........................................

ਜੇ ਪੈਸੇ ਲੈ ਲੈਂਦਾ, ਕਰਜ਼ਾ ਲੈਕੇ ਮੁੱਲ ਚੁਕਾਉਂਦੇ
'ਸ਼ੋਮਾ ਆਦਮੁਪਰੀਆ' ਸਹਿਜੇ ਸਹਿਜੇ ਰਹਿੰਦੇ ਲਾਹੁੰਦੇ
ਪਰ ਗੱਲ ਅਨਹੋਣੀ ਏਂ, ਪਾਇਆ ਫਿਕਰਾਂ ਨੇ ਹੈ ਘੇਰਾ
ਮੁੱਲ ਮੰਗਿਆ ਭੈਣੇਂ ਨੀ................

***

ਭਾਈ ਹਰਪਾਲ ਜੀ ਜਦੋਂ ਆਪਣੀ ਭੈਣ ਨੂੰ ਲੈ ਕੇ ਤੋਤੇ ਵਾਲੇ ਕੋਲ ਗਏ ਤਾਂ ਉਹ ਕਹਿਣ ਲੱਗਾ ਕਿ ਮੇਰੇ ਕੁੱਲ ਮੁੱਲ ਦੱਸਣ ਵਿਚ ਭੁੱਲ ਹੋ ਗਈ ਸੀ। ਤੋਤਾ ਇੱਕ ਡੋਲੇ ਬਦਲੇ ਨਹੀਂ ਮਿਲ ਸਕਦਾ। ਜੇਕਰ ਦੋ ਡੋਲੇ ਦੇਵੇਂ ਤਾਂ ਮਿਲ ਸਕਦਾ ਹੈ। ਭਾਈ ਹਰਪਾਲ ਜੀ ਅਤੇ ਉਨ੍ਹਾਂ ਦੀ ਧਰਮ ਪਤਨੀ ਸਲਾਹ ਕਰਦੇ ਹਨ ਕਿ ਤੋਤਾ ਤਾਂ ਸਤਿਗੁਰਾਂ ਨੂੰ ਜ਼ਰੂਰ ਭੇਟ ਕਰਨਾ ਹੈ। ਗੁਰੂ ਜੀ ਤੋਂ ਬੇਮੁਖ ਨਹੀਂ ਹੋਣਾ, ਇਸ ਲਈ ਆਪਣੀ ਲੜਕੀ ਦਾ ਡੋਲਾ ਦੇਣ ਲਈ ਵੀ ਤਿਆਰ ਹੋ ਜਾਂਦੇ ਹਨ। ਹੁਣ ਭਾਈ ਹਰਪਾਲ ਜੀ ਆਪਣੀ ਭੈਣ ਅਤੇ ਲੜਕੀ ਤੋਤੇ ਵਾਲੇ ਦੇ ਹਵਾਲੇ ਕਰਕੇ ਤੋਤਾ ਘਰ ਲੈ ਆਉਂਦੇ ਹਨ ਅਤੇ ਖੁਸ਼ ਹਨ ਕਿ ਉਹ ਭਲਕੇ ਤੋਤਾ ਸਤਿਗੁਰਾਂ ਨੂੰ ਭੇਟ ਕਰ ਸਕਣਗੇ। ਉਧਰ ਤੋਤੇ ਵਾਲਾ ਦੁਕਾਨਦਾਰ ਬਹੁਤ ਖੁਸ਼ ਹੈ। ਦੁਕਾਨ ਬੰਦ ਕਰਕੇ ਜਾਂਦਾ ਹੋਇਆ ਮੁਰਗਾ ਖਰੀਦ ਕੇ ਲੈ ਜਾਂਦਾ ਹੈ। ਕਿਉਂਕ ਅੱਜ ਬਹੁਤ ਨਫੇ ਵਾਲਾ ਸੌਦਾ ਕੀਤਾ ਹੈ। ਜਦੋਂ ਘਰ ਜਾਂਦਾ ਹੈ ਤਾਂ ਘਰ ਵਾਲੀ ਬੜੇ ਪਿਆਰ ਨਾਲ ਬੱਚੀਆਂ ਨੂੰ ਬਿਠਾ ਕੇ ਪਾਣੀ ਪਿਲਾਉਂਦੀ ਹੈ। ਫਿਰ ਇਕ ਪਾਸੇ ਜਾ ਕੇ ਆਪਣੀ ਪਤੀ ਤੋਂ ਪੁੱਛਦੀ ਹੈ ਕਿ ਇਹ ਕੁੜੀਆਂ ਕੌਣ ਹਨ। ਪਤੀ ਪਤਨੀ ਆਪਸ ਵਿਚ ਦੋਨੋਂ ਸਵਾਲ ਜਵਾਬ ਕਰਦੇ ਹਨ।

**ਤਰਜ਼: ਯੇਹ ਦੇਸ਼ ਹੈ ਵੀਰ ਜਵਾਨੋਂ ਕਾ**

ਪਤਨੀ: ਇਹ ਪਰੀਆਂ ਕਿਥੋਂ ਆਈਆਂ ਨੇ, ਇਹ ਭੈਣਾਂ ਜਾਂ ਭਰਜਾਈਆਂ ਨੇ
ਕੀ ਰਿਸ਼ਤਾ ਲੱਗਦਾ ਏ ਤਰਾ, ਕੀ ਰਿਸ਼ਤਾ ਲੱਗਦਾ ਏ ਮੇਰਾ
.........................................................

ਪਤੀ: ਇਹ ਨਾ ਕੋਈ ਰਿਸ਼ਤਾ ਨਾਤਾ ਏ, ਹੁਣ ਨਵਾਂ ਖੋਲ੍ਹਿਆ ਖਾਤਾ ਏ
ਮੌਲਾ ਨੇ ਖੇਡ ਰਚਾਈ ਏ, ਹੁਣ ਜਾਚ ਵਣਜ ਦੀ ਆਈ ਏ
.........................................................

ਪਤਨੀ: ਫਿਰ ਕੌਣ ਨੇ ਜੋ ਘਰ ਆਈਆਂ ਨੇ, ਕਿਹੜੇ ਮਾਂ ਪਿਓ ਦੀਆਂ ਜਾਈਆਂ ਨੇ
ਪਹਿਲੋਂ ਮੈਂ ਕੋਈ ਤੱਕੀ ਨਾ, ਪਛਾਣ ਇਹਨਾਂ ਨੂੰ ਸਕੀ ਨਾ
.........................................................

ਪਤੀ: ਜੋ ਹੁੰਦੇ ਕੰਮ ਵਪਾਰਾਂ ਦੇ, ਉਹ ਪੁੱਛਣ ਦੇ ਨਹੀਂ ਨਾਰਾਂ ਦੇ
ਤੂੰ ਆਪਣਾ ਫਰਜ਼ ਨਿਭਾਈ ਜਾ, ਮੁਰਗੇ ਨੂੰ ਤੜਕਾ ਲਾਈ ਜਾ
.........................................................

ਪਤਨੀ: ਲੱਗਦਾ ਕੁੱਝ ਦਾਲ 'ਚ ਕਾਲਾ ਏ, ਉਹ ਕਿਹੜਾ ਕਰਮਾਂ ਮਾਰਾ ਏ
ਜਿਸ ਕੀਤਾ ਵਣਜ ਨਿਆਰਾ ਏ, ਪਰਿਵਾਰ ਵੇਚਿਆ ਸਾਰਾ ਏ

.........................................................

ਪਤੀ: ਇੱਕ ਬੁੱਧੂ ਸਿੱਖ ਫਸਾਇਆ ਮੈਂ, ਭਾ ਮਨਮਰਜ਼ੀ ਦਾ ਲਾਇਆ ਮੈਂ
ਤੋਤੇ ਦੇ ਵੱਟੇ ਲਈਆਂ ਨੇ, ਗੱਲਾਂ ਮੈਂ ਸੱਚੀਆਂ ਕਹੀਆਂ ਨੇ

.........................................................

ਪਤਨੀ: ਇਹ ਗੱਲ ਬੜੀ ਅਨਹੋਣੀ ਏਂ, ਇੱਕ ਦੂਜੀ ਤੋਂ ਵੱਧ ਸੋਹਣੀ ਏਂ
ਇਹ ਵਣਜ ਬੜਾ ਹੈ ਖੋਟਾ ਜੀ, ਖਸਮਾਂ ਨੂੰ ਖਾਵੇ ਤੋਤਾ ਜੀ

.........................................................

ਪਤੀ: ਕਿਉਂ ਭੋਲੀਆਂ ਗੱਲਾਂ ਕਰਦੀ ਏਂ, 'ਸੋਮਾ' ਕਿਸ ਗਲੋਂ ਡਰਦੀ ਏਂ
ਇਹਨਾਂ ਦੇ ਪੈਸੇ ਵੱਟਾਂਗੇ, ਉਮਰਾਂ ਦੀ ਖੱਟੀ ਖੱਟਾਂਗੇ

***

ਤੋਤੇ ਵਾਲੇ ਦੁਕਾਨਦਾਰ ਦੀ ਪਤਨੀ ਗੁਰੂ ਘਰ ਦੀ ਸ਼ਰਧਾਲੂ ਹੈ। ਜਦੋਂ ਉਸਨੂੰ ਪਤਾ ਲੱਗਦਾ ਏ ਕਿ ਕੋਈ ਗੁਰਸਿੱਖ ਤੋਤੇ ਬਦਲੇ ਵੇਚ ਗਿਆ ਹੈ ਕਿਉਂਕਿ ਉਸਨੇ ਤੋਤਾ ਸਤਿਗੁਰਾਂ ਨੂੰ ਭੇਟ ਕਰਨਾ ਹੈ ਤਾਂ ਉਹ ਆਪਣੇ ਪਤੀ ਨੂੰ ਲਾਹਨਤਾਂ ਪਾਉਂਦੀ ਹੋਈ ਘਰ ਵਿਚ ਪਿੱਟ ਸਿਆਪਾ ਕਰਦੀ ਹੈ। ਪਤਨੀ ਦੀਆਂ ਫਿਟਕਾਰਾਂ ਸੁਣਕੇ ਤੋਤੇ ਵਾਲੇ ਦੁਕਾਨਦਾਰ ਨੂੰ ਆਪਣੀ ਭੁੱਲ ਦਾ ਅਹਿਸਾਸ ਹੋ ਜਾਂਦਾ ਹੈ। ਅਗਲੇ ਦਿਨ ਦੋਨੋਂ ਪਤੀ ਪਤਨੀ ਘਰ ਵਿਚ ਲਿਆਂਦੀਆਂ ਬੱਚੀਆਂ ਨੂੰ ਨਾਲ ਲੈ ਕੇ ਸਤਿਗੁਰ ਦੇ ਦਰਬਾਰ ਵਿਚ ਪਹੁੰਚ ਜਾਂਦੇ ਹਨ। ਉਧਰ ਭਾਈ ਹਰਪਾਲ ਜੀ ਅਤੇ ਉਹਨਾਂ ਦੀ ਧਰਮ ਪਤਨੀ ਵੀ ਤੋਤਾ ਲੈ ਕੇ ਪਹੁੰਚ ਜਾਂਦੇ ਹਨ। ਤੋਤੇ ਵਾਲੇ ਦੁਕਾਨਦਾਰ ਦੀ ਪਤਨੀ ਸਤਿਗੁਰਾਂ ਕੋਲੋਂ ਭੁੱਲ ਬਖਸ਼ੌਣ ਲਈ ਸਤਿਗੁਰਾਂ ਦੇ ਚਰਨਾਂ ਵਿਚ ਆਣ ਡਿੱਗਦੀ ਹੈ ਅਤੇ ਨਾਲ ਹੀ ਦੁਕਾਨਦਾਰ ਰੋ ਰੋ ਕੇ ਆਪਣੀ ਭੁੱਲ ਦੀ ਮਾਫ਼ੀ ਮੰਗਦਾ ਹੈ, ਭਾਈ ਹਰਪਾਲ ਜੀ ਅਤੇ ਉਨ੍ਹਾਂ ਦਾ ਪ੍ਰੀਵਾਰ ਇਹ ਸਭ ਦੇਖ ਰਿਹਾ ਹੈ। ਤੋਤੇ ਵਾਲੇ ਦੁਕਾਨਦਾਰ ਦੀ ਪਤਨੀ ਸਤਿਗੁਰਾਂ ਨਾਲ ਇਸ ਤਰ੍ਹਾਂ ਸਵਾਲ ਜਵਾਬ ਕਰਦੀ ਹੈ, ਸਤਿਗੁਰ ਸੱਚੇ ਪਾਤਸ਼ਾਹ ਕਿਸ ਤਰ੍ਹਾਂ (ਜੋ ਸਰਣ ਆਵੈ ਤਿਸ ਕੰਠ ਲਾਵੈ) ਬੇਨਤੀ ਨੂੰ ਪ੍ਰਵਾਨ ਕਰਕੇ ਭੁੱਲ ਬਖਸ਼ਦੇ ਹਨ।

### ਤਰਜ਼:ਗੜਵਾ ਲੈਦੇ ਚਾਂਦੀ ਦਾ

ਬੀਬੀ: ਹੋ ਗਈ ਹੈ ਭੁੱਲ ਇੱਕ ਸਾਡੇ ਕੋਲੋਂ ਦਾਤਿਆ ਜੀ
ਬਖਸ਼ ਲਓ ਦਾਤਾਰ ਮੇਰੇ, ਆਈ ਚਰਨਾਂ 'ਚ ਤੇਰੇ, ਸਰਕਾਰ ਮੇਰੇ
ਆਈ ਚਰਨਾਂ 'ਚ ਤੇਰੇ.................
.............................................

ਗੁਰੂ ਜੀ: ਕੰਮ ਜਿਹੜਾ ਕੀਤਾ ਇਸ ਪਾਪੀ ਨੇ ਬਚੜੀਏ
ਇਹ ਬਖਸ਼ਿਆ ਨਹੀਂ ਜਾਊਗਾ, ਸਜ਼ਾ ਆਪਣੇ ਕੀਤੇ ਦੀ ਪਾਊਗਾ
ਸਜ਼ਾ ਆਪਣੇ ਕੀਤੇ ਦੀ.......................
.............................................

ਬੀਬੀ: ਭੁੱਲ ਅਨਜਾਣੇ ਵਿਚ ਹੋਈ ਮੇਰੇ ਸ਼ਹਿਨਸ਼ਾਹ
ਮਿਲਣੀ ਨਾ ਹੋਰ ਕਿਤੇ ਢੋਈ ਮੇਰੇ ਸ਼ਹਿਨਸ਼ਾਹ
ਚੰਗੇ ਮਾੜੇ ਦੀ ਨਾ ਸੋਝੀ ਅਸਾਂ ਜਿਹੇ ਪਾਪੀਆਂ ਨੂੰ
ਬਖਸ਼ੋ ਸੁਮੱਤ ਕਰਤਾਰ ਮੇਰੇ, ਆਈ ਚਰਨਾਂ 'ਚ ਤੇਰੇ..........
.............................................

ਗੁਰੂ ਜੀ: ਜਾਣ ਬੁੱਝਕੇ ਹੈ ਇਹਨੇ ਕੀਤਾ ਪਾਪ ਬੱਚੀਏ
ਪਾਪ ਇਹਦਾ ਕਿਵੇਂ ਕਰ ਦੇਈਏ ਮਾਫ ਬੱਚੀਏ
ਦੁਖੀ ਇਹਨੇ ਕੀਤਾ ਇੱਕ ਪੂਰੇ ਪਰਿਵਾਰ ਤਾਈਂ
ਮਾਰ ਜਮਾਂ ਦੀ ਖਾਊਗਾ, ਸਜ਼ਾ ਆਪਣੇ ਕੀਤੇ ਦੀ............
...........................................

ਬੀਬੀ: ਸ਼ਰਨ ਆਏ ਨੂੰ ਸਦਾ ਗਲ ਨਾਲ ਲਗਾਉਂਦੇ ਹੋ
ਸਾਨੂੰ ਫਿਰ ਦੱਸੋ ਕਿਹੜੀ ਗੱਲੋਂ ਠੁਕਰਾਉਂਦੇ ਹੋ
ਮੰਗ ਸਕਦੀ ਹਾਂ ਬੱਸ ਰਹਿਮਤਾਂ ਦੀ ਭੀਖ ਮੈਂ ਤਾਂ
ਹੋਰ ਨਾ ਕੁੱਝ ਅਖਤਿਆਰ ਮੇਰੇ, ਆਈ ਚਰਨਾਂ 'ਚ ਤੇਰੇ..........
...........................................

ਗੁਰੂ ਜੀ: ਇਹਦੇ ਨਾਲੋਂ ਹੋਰ ਕੋਈ ਵੱਡਾ ਗੁਨਾਹਗਾਰ ਨਾ
ਨਰਕਾਂ 'ਚ ਜਾਂਦਾ ਜੇ ਤੂੰ ਆਉਂਦੀ ਵਿਚਕਾਰ ਨਾ
'ਸੋਮਾ ਆਦਮਪੁਰੀਆ' ਜੋ ਮਾਫੀ ਮੰਗੇ ਸਿੱਖ ਕੋਲੋਂ
ਮੁੜਕੇ ਨਾ ਜ਼ੁਲਮ ਕਮਾਊਗਾ, ਤਾਂ ਬੱਚੀਏ ਬਖਸ਼ਿਆ ਜਾਊਗਾ
ਤਾਂ ਬੱਚੀਏ ਬਖਸ਼ਿਆ ਜਾਊਗਾ............

***

ਪੱਟੀ ਨਗਰ ਦੀ ਰਹਿਣ ਵਾਲੀ ਮਾਈ ਦੇਸਾਂ ਦੇ ਘਰ ਕੋਈ ਔਲਾਦ ਨਹੀਂ ਸੀ। ਦਰ-ਦਰ ਦੀਆਂ ਠੋਕਰਾਂ ਖਾਣ ਮਗਰੋਂ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਪੁੱਤਰ ਦਾ ਵਰ ਮੰਗਦੀ ਹੈ। ਸਤਿਗੁਰਾਂ ਤੋਂ ਇਹ ਜਵਾਬ ਸੁਣਕੇ 'ਕਿ ਤੇਰੇ ਭਾਗਾਂ ਵਿਚ ਔਲਾਦ ਨਹੀਂ ਤਾਂ ਉਦਾਸ ਹੋ ਜਾਂਦੀ ਹੈ। ਬਾਹਰ ਭਾਈ ਗੁਰਦਾਸ ਜੀ ਮਿਲਦੇ ਹਨ ਅਤੇ ਸੰਤਾਨ ਪ੍ਰਾਪਤੀ ਦਾ ਢੰਗ ਦੱਸਕੇ ਦੁਬਾਰਾ ਸਤਿਗੁਰਾਂ ਦੀ ਸ਼ਰਨ ਵਿਚ ਜਾਣ ਲਈ ਆਖਦੇ ਹਨ। ਸਤਿਗੁਰਾਂ ਨੇ ਵਰ ਦੇਣਾ ਅਤੇ ਮਾਈ ਦੇਸਾਂ ਘੋੜੇ ਦੇ ਹਿੱਲ ਜਾਣ ਕਰਕੇ ਸੱਤ ਪੁੱਤਰਾਂ ਦੀ ਮਾਂ ਦਾ ਵਰਦਾਨ ਪ੍ਰਾਪਤ ਕਰਕੇ ਘਰ ਜਾਂਦੀ ਹੈ।'

**ਵਾਰ-ਮਿਰਜਾ** **ਪ੍ਰਸੰਗ-ਮਾਈ ਦੇਸਾਂ**

ਮਾਈ ਦੇਸਾਂ ਪੱਟੀ ਨਗਰ ਦੀ, ਕਹਿੰਦੀ ਪੂਜੇ ਪੀਰ ਫਕੀਰ
ਐਪਰ ਕੋਈ ਨਾ ਮੈਨੂੰ ਬਹੁੜਿਆ, ਮੇਰੀ ਪਾਪਣ ਦੀ ਤਕਦੀਰ
ਸੁਣਕੇ ਮਹਿਮਾਂ ਛੇਵੇਂ ਗੁਰੂ ਕੀ, ਬੱਧੀ ਦਿਲ ਨੂੰ ਥੋੜ੍ਹੀ ਧੀਰ
ਪਹੁੰਚੀ ਸਤਿਗੁਰ ਦੇ ਦਰਬਾਰ ਵਿਚ, ਹੋ ਕੇ ਉਹ ਡਾਢੀ ਦਿਲਗੀਰ
ਪੁੱਤਰ ਬਖਸ਼ੋ ਮੇਰੀ ਕੁੱਖ ਤੋਂ, ਨਹੀਂ ਤੁਸਾਂ ਜਿਹਾ ਕੋਈ ਪੀਰ
ਦੁੱਖੜੇ ਸਹਿ ਸਹਿਕੇ ਹੁਣ ਜਾਪਦਾ, ਹੈ ਨੇੜੇ ਆਈ ਅਖੀਰ
ਬੋਲੀ ਮਾਰਨ ਜਦੋਂ ਗੁਆਂਢਣਾਂ, ਉਹ ਜਾਏ ਕਲੇਜਾ ਚੀਰ
'ਸੋਮਾ ਆਦਮਪੁਰੀਆ' ਵਗਦਾ, ਛੰਮ ਛੰਮ ਅੱਖੀਆਂ ਵਿਚੋਂ ਨੀਰ
ਤੱਕ ਮਾਈ ਨੂੰ ਉਦਾਸ ਬੋਲੇ ਭਾਈ ਗੁਰਦਾਸ
ਰੱਖ ਗੁਰੂ ਤੇ ਭਰੋਸਾ ਪੂਰੀ ਹੋਊ ਤੇਰੀ ਆਸ
ਨਹੀਂ ਪੁੱਤਰਾਂ ਦਾ ਘਾਟਾ ਇਹ ਹੈ ਐਸਾ ਦਰਬਾਰ
ਗੁਰ ਦੱਸਾਂ ਮੈਂ ਉੱਠ ਐਵੇਂ ਹਿੰਮਤ ਨਾ ਹਾਰ
ਗੁਰ ਦੱਸਾਂ..........................
.........................................................

ਲੈ ਕੇ ਕਲਮ ਦਵਾਤ ਗੁਰਾਂ ਕੋਲ ਫੇਰ ਜਾਵੀਂ
ਆਖੀਂ ਹੁਣ ਲਿਖ ਦਿਓ ਹੱਥ ਕਲਮ ਫੜਾਵੀਂ
ਕੰਮ ਆਊ ਤੇਰਾ ਰਾਸ ਕਰ ਮੇਰਾ ਇਤਬਾਰ
ਗੁਰ ਦੱਸਾਂ..............................
.........................................................

ਜੇ ਨਹੀਂ ਅੱਗੇ ਲਿਖ ਹੋਇਆ ਹੁਣ ਕਰ ਦਿਓ ਮਿਹਰ
ਉਹਦੇ ਘਰ ਦੇਰ ਸਹੀ ਪਰ ਨਹੀਂ ਹੈ ਅੰਧੇਰ
'ਸੋਮਾ' ਇੱਥੇ ਉਥੇ ਆਪ ਹੀ ਨੇ ਇਹੀ ਲਿਖਣਹਾਰ
ਗੁਰ ਦੱਸਾਂ.................................
.......................................................

***

# ਵਾਰ

ਦਿਨ ਭਾਗਾਂ ਵਾਲਾ ਆ ਗਿਆ, ਮੁੱਕ ਗਈ ਗਮਾਂ ਦੀ ਰਾਤ
ਮਾਈ ਦੇਸਾਂ ਝੱਟ ਪੱਟ ਆ ਗਈ, ਲੈ ਕੇ ਹੱਥ 'ਚ ਕਲਮ ਦਵਾਤ

..............................................................

ਲੱਗੇ ਸਾਹਿਬ ਤੁਰਨ ਸ਼ਿਕਾਰ ਲਈ, ਹੋਕੇ ਘੋੜੇ ਤੇ ਅਸਵਾਰ
ਅੱਗੇ ਖੜ ਗਈ ਆ ਵਡਭਾਗਣੀ, ਲੱਗੀ ਏਦਾਂ ਕਰਨ ਪੁਕਾਰ

..............................................................

ਗੋਦੀ ਮੇਰੀ ਸੁੰਨੀ ਸ਼ਹਿਨਸ਼ਾਹ, ਬਿਨ ਭਾਗਾਂ ਤੋਂ ਹੈ ਕੁੱਖ
ਕਰ ਮਿਹਰ ਮਿਹਰਾਂ ਦੇ ਸਾਈਆਂ, ਇੱਕ ਲਾਲ ਦੀ ਹੈ ਬਸ ਭੁੱਖ

..............................................................

ਪੁੱਤ ਹੋਵੇ ਨਾ ਜਿਸ ਮਾਂ ਦਾ, ਉਹਦਾ ਅਧੂਰਾ ਏ ਸ਼ਿੰਗਾਰ
ਹਰ ਚੀਜ਼ ਬਜ਼ਾਰੋਂ ਲੱਭਦੀ, ਪੁੱਤ ਸਤਿਗੁਰ ਦੇ ਦਰਬਾਰ

..............................................................

ਅੱਗੋਂ ਕਿਹਾ ਗੁਰਾਂ ਨੇ ਹੱਸਕੇ, ਤੇਰੇ ਭਾਗਾਂ ਵਿਚ ਨਹੀਂ ਲਾਲ
ਹੁਣ ਮਾਤਾ ਕੀ ਹੋ ਸਕਦਾ, ਜਦ ਲਿਖਿਆ ਧੁਰੋਂ ਅਕਾਲ

..............................................................

ਅੱਗੇ ਦਾਤਾ ਜੇ ਨਹੀਂ ਲਿਖਿਆ, ਆਹ ਲਓ ਕਲਮ ਦਿਓ ਲਿਖ
ਤੱਕ ਜੁਗਤੀ ਅਜੀਬ ਦੇਸਾਂ ਮਾਈ ਦੀ, ਹੱਸ ਪਏ ਗੁਰੂ ਤੇ ਸਿੱਖ

..............................................................

ਫੜੀ ਕਲਮ ਜਾਂ ਏਕਾ ਪਾਉਣ ਲਈ, ਦਿੱਤੇ ਘੋੜੇ ਪੈਰ ਹਿਲਾ
ਏਕੇ ਦਾ ਸਾਤਾ ਬਣ ਗਿਆ, ਦਿੱਤੇ ਭਾਗ ਮਾਈ ਨੂੰ ਲਾ

..............................................................

ਸੱਤ ਪੁੱਤਰਾਂ ਦਾ ਵਰ ਲੈ ਕੇ, ਮਾਈ ਹੋਈ ਬੜੀ ਪ੍ਰਸੰਨ
'ਸੋਮਾ ਆਦਮਪੁਰੀਆ' ਆਖਦਾ, ਧੰਨ ਗੁਰੂ ਤੇ ਘੋੜਾ ਧੰਨ

***

## ਪ੍ਰਸੰਗ: ਮੱਖਣ ਸ਼ਾਹ ਲੁਬਾਣਾ

ਮੱਖਣ ਸ਼ਾਹ ਲੁਬਾਣਾ ਦੇਸ਼ਾਂ ਪ੍ਰਦੇਸ਼ਾਂ ਦੇ ਵਿਚ ਸਮੁੰਦਰੀ ਰਸਤੇ ਵਿਓਪਾਰ ਕਰਦਾ ਹੈ। ਇੱਕ ਦਿਨ ਸਮੁੰਦਰ ਵਿਚ ਤੁਫਾਨ ਆ ਜਾਣ ਕਰਕੇ ਜਹਾਜ਼ ਡੁੱਬਣ ਲੱਗਦਾ ਹੈ ਤਾਂ ਮੱਖਣ ਸ਼ਾਹ ਨੇ ਸਾਰੇ ਦੇਵੀਆਂ ਦੇਵਤੇ ਧਿਆ ਲਏ ਪਰ ਜਹਾਜ਼ ਡੁੱਬਦਾ ਹੀ ਜਾ ਰਿਹਾ ਸੀ। ਅਖੀਰ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦਾ ਧਿਆਨ ਧਰਕੇ ਬੇਨਤੀ ਕਰਦਾ ਹੈ। ਗੁਰੂ ਘਰ ਵਿਚ ਬੇਨਤੀ ਪ੍ਰਵਾਨ ਹੋ ਜਾਂਦੀ ਹੈ। ਬੇੜਾ ਸਹੀ ਸਲਾਮਤ ਪਾਰ ਲਗ ਜਾਂਦਾ ਹੈ। ਵਾਪਸ ਦਿੱਲੀ ਪਹੁੰਚਣ ਤੇ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੀ ਅੱਠਵੀਂ ਜੋਤ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਜੋਤੀ ਜੋਤ ਸਮਾ ਗਏ ਹਨ। ਪੁੱਛ ਪੜਤਾਲ ਕਰਨ ਤੇ ਸੰਗਤ ਕੋਲੋਂ ਪਤਾ ਲੱਗਦਾ ਹੈ ਆਖਰੀ ਸਮੇਂ ਆਪ ਨੇ ਨੌਵੇਂ ਗੁਰੂ ਬਾਰੇ ਸਿਰਫ ਇੰਨਾ ਹੀ ਕਿਹਾ ਸੀ ਕਿ 'ਬਾਬਾ ਬਕਾਲੇ' ਮੱਖਣ ਸ਼ਾਹ ਕਾਫਲੇ ਸਮੇਤ ਗੁਰੂ ਦੀ ਭਾਲ ਵਿਚ ਬਾਬੇ ਬਕਾਲੇ ਪਹੁੰਚਦਾ ਹੈ। ਨਕਲੀ ਗੁਰੂਆਂ ਦੀ ਮੰਡੀ ਲੱਗੀ ਹੋਈ ਹੈ। ਸਭ ਨੂੰ ਕਸਵੱਟੀ ਤੇ ਪਰਖਦਾ ਹੈ। ਅਖੀਰ ਸੱਚੇ ਗੁਰੂ ਨੂੰ ਲੱਭ ਕਿ 'ਗੁਰੂ ਲਾਧੋ ਰੇ' ਦਾ ਰੌਲਾ ਪਾਉਂਦਾ ਹੋਇਆ ਬਾਬੇ ਬਕਾਲੇ ਦੀ ਸੰਗਤ ਨੂੰ ਸੱਚੇ ਗੁਰੂ ਬਾਰੇ ਦੱਸਦਾ ਹੈ।

**ਤਰਜ਼ : ਬਾਲਮਾਂ ਸੌ ਜਾਵਾਂ, ਮੇਰੀਆਂ ਅੱਖੀਂ 'ਚ**

## ਗੁਰੂ ਚਰਨਾਂ ਵਿਚ ਬੇਨਤੀ

ਦਾਤਿਆ ਪਾਰ ਕਰੀਂ ਜਾਏ ਡੁੱਬਦਾ ਦਾਸ ਦਾ ਬੇੜਾ
ਦਾਤਿਆ ਪਾਰ ਕਰੀਂ....................
..........................................

ਕੀਤੀ ਸਦਾ ਰਖਿਆ ਤੂੰ ਜਿਹਨੇ ਵੀ ਧਿਆਇਆ ਤੈਨੂੰ
ਮੇਰੇ ਕੋਲੋਂ ਹੋ ਗਿਆ ਕਸੂਰ ਕੀ
ਪ੍ਰੇਮ ਵਾਲੀ ਤਾਰ ਤਾਂ ਹੈ ਪਹੁੰਚਦੀ ਪਲਾਂ ਦੇ ਵਿਚ
ਤੁਸਾਂ ਕੋਲੋ ਛੁਪਿਆ ਹਜ਼ੂਰ ਕੀ
ਛੱਡਕੇ ਤੁਸਾਂ ਨੂੰ ਹੋਰ ਕੀਹਦੇ ਲੜ ਲੱਗਾਂ ਦੱਸੋ, ਹੋਰ ਤੁਸਾਂ ਜਿਹਾ ਕਿਹੜਾ
ਦਾਤਿਆ ਪਾਰ ਕਰੀਂ....................
..........................................

ਹੋ ਗਈ ਜੇ ਭੁੱਲ ਕੋਈ ਮੇਰੇ ਕੋਲੋਂ ਦਯਾ ਕਰ ਸੁਣਿਆ ਹੈ ਬਖਸ਼ਣਹਾਰ ਤੂੰ
ਅਸੀਂ ਦੁਨੀਆਵੀ ਜੀਵ ਪਾਪੀਆਂ ਨੂੰ ਮੱਤ ਨਹੀਂ
ਪਰ ਮਿਹਰਬਾਨ ਹੈਂ ਦਾਤਾਰ ਤੂੰ
ਤੇਰੇ ਚਰਨਾਂ 'ਚ ਮੇਰੀ ਬੇਨਤੀ ਪ੍ਰੀਤਮਾ ਜੀ, ਬਖਸ਼ ਦੇ ਗੁਨਾਹ ਜਿਹੜਾ
ਦਾਤਿਆ ਪਾਰ ਕਰੀਂ....................
..............................................

ਪੰਜ ਸੌ ਮੈਂ ਮੋਹਰ ਲੈ ਕੇ ਆਵਾਂ ਤੇਰੇ ਚਰਨਾਂ 'ਚ
ਨਫ਼ੇ ਵਿਚੋਂ ਕੱਢੂੰ ਦਸਵੰਧ ਮੈਂ
ਸੁੱਖਣਾ ਜੋ ਸੁੱਖੀ ਪੂਰੀ ਕਰਾਂਗਾ ਜ਼ਰੂਰ ਦਾਤਾ
ਖਾਵਾਂ ਤੇਰੇ ਨਾਮ ਦੀ ਸੁਗੰਧ ਮੈਂ
ਤਾਰਦਾ ਤੂੰ ਰਿਹਾ ਸਦਾ 'ਸੋਮਾ ਆਦਮਪੁਰੀਏ' ਨੂੰ ਜੋ ਗਾਉਂਦਾ ਜੱਸ ਤੇਰਾ
ਦਾਤਿਆ ਪਾਰ ਕਰੀਂ....................

***

ਸੰਗਤਾਂ ਪਾਸੋਂ 'ਬਾਬਾ ਬਕਾਲੇ' ਸੁਣਕੇ ਮੱਖਣ ਸ਼ਾਹ ਲੁਬਾਣਾ ਕਾਫਲੇ ਸਮੇਤ ਬਾਬੇ ਬਕਾਲੇ ਵਲ ਚੱਖ ਪੈਂਦਾ ਹੈ।

## ਗੀਤ

ਸੰਗਤਾਂ ਦੇ ਕੋਲੋਂ ਗੱਲ ਸੁਣ ਦੁਖਦਾਈ, ਝੱਟ ਕਰਦਾ ਤਿਆਰੀ ਏ ਪੰਜਾਬ
ਆਉਣ ਦੀ
ਦਿਲ ਵਿਚ ਹੈ, ਵਿਚ ਹੈ ਤਮੰਨਾ ਜੀ ਦੀਦਾਰ ਪਾਉਣ ਦੀ
ਦਿਲ ਵਿਚ ਹੈ...............................
.............................................

ਗੁਰੂ ਦਾ ਵਿਛੋੜਾ ਦਿਲ ਨੂੰ ਹੈ ਤੜਫਾਂਵਦਾ
ਖਾਣਾ ਪੀਣਾ ਹੱਸਣਾ ਨਾ ਮਨ ਤਾਈਂ ਭਾਂਵਦਾ
ਤੁਰ ਪਿਆ ਕਾਫਲਾ ਤੇ ਦੂਰ ਦੀਆਂ ਮੰਜ਼ਲਾਂ ਨੇ
ਵਧੀ ਜਾਂਦੇ ਅੱਗੇ ਜਿਵੇਂ ਘਟਾ ਸੌਣ ਦੀ, ਦਿਲ ਵਿਚ ਹੈ
ਦਿਲ ਵਿਚ ਹੈ...............................
.............................................

ਰੁਕਦਾ ਜਾਂ ਕਾਫਲਾ ਤਾਂ ਲੱਗਦੇ ਦੀਵਾਨ ਨੇ
ਵਾਂਗਰ ਚਕੋਰੀ ਦਿਲ ਵਿਚ ਅਰਮਾਨ ਨੇ
ਭਾਗਾਂ ਵਾਲੀ ਘੜੀ ਕਦੋਂ ਹੋਊਗੀ ਨਸੀਬ ਸੋਚੇ
ਚਰਨਾਂ ਦੀ ਧੂੜੀ ਮੱਥੇ ਤਾਈਂ ਲਾਉਣ ਲਈ, ਦਿਲ ਵਿਚ ਹੈ
ਦਿਲ ਵਿਚ ਹੈ...............................
.............................................

ਖੁਸ਼ੀਆਂ ਤੇ ਚਾਵਾਂ ਵਿਚ ਮੁੱਕ ਗਿਆ ਪੰਧ ਜੀ
ਪਹੁੰਚ ਕੇ ਬਕਾਲੇ ਗਿਣ ਲਿਆ ਦਸਵੰਧ ਜੀ
'ਸੋਮਾ ਆਦਮਪੁਰੀਆ' ਨਾ ਮੁੱਕਣੇ 'ਚ ਰਾਤ ਆਵੇ
ਦਿਲ ਵਿਚ ਕਾਹਲ ਹੈ ਭੇਟਾ ਚੜ੍ਹਾਉਣ ਦੀ, ਦਿਲ ਵਿਚ ਹੈ
ਦਿਲ ਵਿਚ ਹੈ...............................

***

ਨਕਲੀ ਗੁਰੂਆਂ ਨੇ ਸ਼ਾਹੂਕਾਰ ਦੇਖ ਕੇ ਮੱਖਣ ਸ਼ਾਹ ਨੂੰ ਆਪਣੇ ਆਪਣੇ ਜਾਲ 'ਚ ਫਸਾਉਣ ਦੀ ਕੋਸ਼ਿਸ਼ ਕਰਨਾ। ਨਕਲੀ ਗੁਰੂਆਂ ਦੇ ਏਜੰਟ ਇਸ ਤਰ੍ਹਾਂ ਭਰਮੌਣ ਦੀ ਕੋਸ਼ਿਸ਼ ਕਰਦੇ ਹਨ।

**ਤਰਜ਼ : ਕੰਨ ਕਰ ਗੱਲ ਸੁਣ**

ਗੱਲ ਹੈ ਪਤੇ ਦੀ ਸੁਣ ਮੱਖਣਾਂ, ਸੱਚੇ ਗੁਰੂ ਦਾ ਪਤਾ ਮੈਂ ਤੈਨੂੰ ਦੱਸਣਾ
ਨੌਵਾਂ ਗੁਰੂ ਧੀਰ ਮੱਲ, ਭੇਟਾ ਉਥੇ ਸਾਰੀ ਘੱਲ
ਦੇਖੀਂ ਢੌਂਗੀਆਂ ਦੇ ਜਾਲ 'ਚ ਨਾ ਫਸਣਾਂ, ਗੱਲ ਹੈ ਪਤੇ ਦੀ ਸੁਣ ਮੱਖਣਾਂ
ਗੱਲ ਹੈ ਪਤੇ ਦੀ ਸੁਣ................................
.....................................................................

ਭਾਵੇਂ ਉਹਨੂੰ ਮਾਇਆ ਨਾਲ ਨਾ ਪਿਆਰ ਹੈ, ਧੀਰਮੱਲ ਹੀ ਭੇਟਾ ਦਾ ਹੱਕਦਾਰ ਹੈ
ਚੱਲ ਤੂੰ ਛੇਤੀ ਚੱਲ ਤੂੰ, ਚਾਹੇ ਆਪਣਾ ਕੋਈ ਨੌਕਰ ਹੀ ਘੱਲ ਤੂੰ
ਸਾਡੇ ਗੁਰੂ ਦੀ ਨਾ, ਰੀਸ, ਦੇ ਕੇ ਇੱਕ ਹੀ ਅਸੀਸ
ਲਿਖੇ ਰੋਂਦੜਾਂ ਦੇ ਭਾਗਾਂ ਵਿਚ ਹੱਸਣਾ, ਗੱਲ ਹੈ ਪਤੇ ਦੀ ਸੁਣ ਮੱਖਣਾਂ
ਗੱਲ ਹੈ ਪਤੇ ਦੀ ਸੁਣ................................
.....................................................................

ਦੂਜਾ ਆਇਆ ਕਹਿੰਦਾ ਝੂਠ ਹੈ ਇਹ ਬੋਲਦਾ, ਸਾਡਾ ਗੁਰੂ ਦੇਖ ਅੱਖਾਂ ਵੀ ਨਹੀਂ ਖੋਲ੍ਹਦਾ
ਸੁਣ ਨਾ ਇਹਦੀ ਸੁਣ ਨਾ, ਸਮਾਂ ਤੂੰ ਗਵਾ ਐਵੇਂ ਹੁਣ ਨਾ
ਸਾਡਾ ਇੱਕ ਫੂਕ ਮਾਰ ਦਿੰਦਾ ਕੁੱਲਾਂ ਨੂੰ ਹੀ ਤਾਰ
ਬੱਸ ਮੇਰੇ ਤੇ ਯਕੀਨ ਸਿੱਖਾ ਰੱਖਣਾ, ਗੱਲ ਹੈ ਪਤੇ ਦੀ ਸੁਣ ਮੱਖਣਾਂ
ਗੱਲ ਹੈ ਪਤੇ ਦੀ ਸੁਣ................................
.....................................................................

ਤੀਜਾ ਆਇਆ ਕਹਿੰਦਾ ਸ਼ਾਹ ਜੀ ਨਮਸਤੇ, ਇੱਥੇ ਗੁਰੂ ਹਨ ਢੁੱਲੀਆਂ ਤੋਂ ਸਸਤੇ
ਕਰ ਲਓ ਤਸੱਲੀ ਕਰ ਲਓ, ਲੜ ਮੇਰੇ ਹੀ ਗੁਰੂ ਦਾ ਤੁਸੀਂ ਫੜ ਲਓ
ਨਿਰਾ ਰੱਬ ਦਾ ਹੈ ਨੂਰ, ਹੋ ਜਾਊ ਵਹਿਮ ਸਾਰਾ ਦੂਰ
'ਸੋਮਾ ਆਦਮਪੁਰੀਆ' ਜਾਂ ਤੁਸਾਂ ਤੱਕਣਾ, ਗੱਲ ਹੈ ਪਤੇ ਦੀ ਸੁਣ ਮੱਖਣਾਂ
ਗੱਲ ਹੈ ਪਤੇ ਦੀ ਸੁਣ................................

***

ਸਾਰੇ ਨਕਲੀ ਗੁਰੂਆਂ ਨੂੰ ਪਰਖ ਕੇ ਮੱਖਣ ਸ਼ਾਹ ਉਦਾਸ ਹੋ ਜਾਂਦਾ ਹੈ। ਅਖੀਰ ਪਤਾ ਲੱਗਦਾ ਹੈ ਕਿ ਇੱਕ ਹੋਰ ਭੋਰੇ ਵਿਚ ਰਹਿੰਦਾ ਹੈ। ਪਰਖ ਕਰਨ ਦੀ ਖਾਤਰ ਦੋ ਮੋਹਰਾਂ ਰੱਖ ਕੇ ਤੁਰਨ ਲੱਗਦਾ ਹੈ ਤਾਂ ਗੁਰੂ ਤੇਗ ਬਹਾਦਰ ਜੀ ਸੁੱਖੀ ਹੋਈ ਪੂਰੀ ਭੇਟਾ ਦੀ ਮੰਗ ਕਰਦੇ ਹਨ।

**ਤਰਜ਼ : ਸਾਰੇ ਪਿੰਡ ਵਿੱਚ**

ਰੱਖ ਕੇ ਦੋ ਮੋਹਰਾਂ ਕਿੱਥੇ ਟੁਰ ਚੱਲਿਆਂ, ਅਸੀਂ ਸੁਖਣਾਂ ਲਵਾਂਗੇ ਟਣਕਾਕੇ
ਪੰਜ ਸੌ ਤੂੰ ਮੋਹਰ ਰੱਖ ਸੁੱਖਣਾਂ ਦੀ ਜਿਹੜੀ ਨਾਲੇ ਰੱਖ ਦਸਵੰਧ ਵੀ ਲਿਆਕੇ
ਪੰਜ ਸੌ ਤੂੰ ਮੋਹਰ ਰੱਖ...............................
.....................................................

ਕੱਢਦਾ ਸੀ ਹਾੜ੍ਹੇ ਜਦੋਂ ਡੁੱਬਦਾ ਜਹਾਜ਼ ਸੀ, ਹੌਕੇ ਭਰ ਭਰ ਸਾਨੂੰ ਮਾਰਦਾ ਆਵਾਜ਼ ਸੀ
ਕੱਢ ਮਤਲਬ ਹੁਣ ਅੱਖਾਂ ਫੇਰੀਆਂ, ਕੀ ਗੱਲ ਮੱਖਣਾਂ ਦੱਸ ਆਕੇ
ਪੰਜ ਸੌ ਤੂੰ ਮੋਹਰ ਰੱਖ...............................
.....................................................

ਔਖੇ ਵੇਲੇ ਯਾਦ ਬੰਦਾ ਕਰਦਾ ਏ ਰੱਬ ਨੂੰ, ਅੱਗੋਂ ਪਿੱਛੋਂ ਕੀੜੀਆਂ ਸਮਝਦਾ ਏ ਸੱਭ ਨੂੰ
ਗੁਰੂ ਨਾਨਕ ਨੇ ਕੀਤੀ ਤੇਰੀ ਰੱਖਿਆ, ਅਸੀਂ ਕੱਢਿਆ ਜਹਾਜ਼ ਮੋਢਾ ਲਾਕੇ
ਪੰਜ ਸੌ ਤੂੰ ਮੋਹਰ ਰੱਖ...............................
.....................................................

ਹੱਥ ਬੰਨ੍ਹ ਚਰਨਾਂ ਤੇ ਡਿੱਗ ਪਿਆ ਆਣਕੇ, ਭੁੱਲਾਂ ਬਖਸ਼ਾਵੇਂ ਸੱਚੇ ਗੁਰੂ ਨੂੰ ਪਛਾਣਕੇ
ਗੁਰੂ ਲਾਧੋ ਰੇ ਦੀ 'ਸੋਮਾ' ਡੌਂਡੀ ਪਿੱਟਦਾ, ਆਦਮਪੁਰੀਆ ਪੱਲੂ ਲਹਿਰਾਕੇ
ਪੰਜ ਸੌ ਤੂੰ ਮੋਹਰ ਰੱਖ...............................

***

# ਸ਼ਹੀਦੀ ਗੁਰੂ ਤੇਗ ਬਹਾਦਰ ਜੀ

ਹਿੰਦੂ ਧਰਮ ਦੀ ਰੱਖਿਆ ਕਰਨ ਦੀ ਖਾਤਰ ਆਪ ਦਿੱਲੀ ਪਹੁੰਚੇ। ਬਾਦਸ਼ਾਹ ਔਰਗਜ਼ੇਬ ਨੇ ਆਪ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ, (1) ਕਰਾਮਾਤ ਦਿਖਾਓ (2) ਇਸਲਾਮ ਧਰਮ ਕਬੂਲ ਕਰੋ (3) ਮੌਤ ਕਬੂਲ ਕਰੋ। ਗੁਰੂ ਸਾਹਿਬ ਨੇ ਜ਼ੁਲਮ ਅੱਗੇ ਝੁਕਕੇ ਜਾਂ ਡਰਕੇ ਕਰਾਮਾਤ ਦਖੌਣ ਤੋਂ ਇਨਕਾਰ ਕਰ ਦਿੱਤਾ, ਭਾਵੇਂ ਅਨੇਕਾਂ ਮਿਸਾਲਾਂ ਹਨ ਕਿ ਭੁੱਲੇ ਭਟਕੇ ਲੋਕਾਂ ਨੂੰ ਸੱਚੇ ਮਾਰਗ ਤੇ ਲਿਆਉਣ ਲਈ ਗੁਰੂ ਨਾਨਕ ਦੇਵ ਜੀ, ਭਗਤ ਕਬੀਰ ਜੀ, ਭਗਤ ਰਵੀਦਾਸ ਜੀ ਅਤੇ ਭਗਤ ਨਾਮਦੇਵ ਜੀ ਅਤੇ ਕਈ ਹੋਰਾਂ ਨੇ ਕਰਾਮਾਤ ਦਿਖਾਉਣ ਤੋਂ ਪ੍ਰਹੇਜ਼ ਨਹੀਂ ਕੀਤਾ। ਇਸਲਾਮ ਕਬੂਲਣ ਦੀ ਸ਼ਰਤ ਨੂੰ ਅਪਣਾ ਈਮਾਨ ਅਤੇ ਸੁਤੰਤਰਤਾ ਕਾਇਮ ਰੱਖਣ ਦੀ ਖਾਤਰ ਠੁਕਰਾ ਦਿੱਤਾ ਅਤੇ 'ਭੈ ਕਾਹੂ ਕੋ ਦੇਤ ਰਹਿ ਨਹਿ ਭੈ ਮਾਨਤ ਆਨ' ਦੇ ਬਚਨਾਂ ਨੂੰ ਸੱਚ ਕਰ ਦਿਖਾਇਆ। ਮੌਤ ਦੀ ਸ਼ਰਤ ਨੂੰ ਹੱਸਕੇ ਕਬੂਲ ਕੀਤਾ। "ਜਉ ਤਉ ਪ੍ਰੇਮ ਖੇਲਣ ਕਾ ਚਾਓ" ਸਿਰੁ ਧਰੁ ਤਲੀ ਗਲੀ ਮੇਰੀ ਆਉ" "ਇਤੁ ਮਾਰਗਿ ਪੈਰ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ" ਇਹਨਾਂ ਬਚਨਾਂ ਤੇ ਡਟਕੇ ਪਹਿਰਾ ਦਿੱਤਾ। ਤਾਂਹੀਓਂ ਤਾਂ ਭੱਟਾਂ ਨੇ ਵੀ ਕਿਹਾ ਹੈ ਕਿ 'ਬਾਂਹਿ ਜਿਨ੍ਹਾਂ ਕੀ ਪਕੜੀਏ, ਸਿਰ ਦੀਜੈ ਬਾਂਹਿ ਨਾ ਛੋੜੀਏ" ਗੁਰੂ ਤੇਗ ਬਹਾਦਰ ਬੋਲਿਆ ਸਰ ਦੇਈਏ ਧਰਮ ਨਾ ਛੋੜੀਏ" ਅਤੇ ਬਾਦਸ਼ਾਹ ਦੇ ਹੁਕਮ ਨਾਲ ਕਾਜ਼ੀ ਨੇ ਫਤਵਾ ਜਾਰੀ ਕਰਕੇ ਗੁਰੂ ਤੇਗ ਬਹਾਦਰ ਜੀ ਨੂੰ ਗਿਆਰਾਂ ਨਵੰਬਰ ਸੋਲਾਂ ਸੌ ਪੱਝਤਰ ਨੂੰ ਸ਼ਹੀਦ ਕਰ ਦਿੱਤਾ। ਇਸ ਅਸਥਾਨ ਉੱਤੇ ਅੱਜਕੱਲ੍ਹ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਏਮਾਨ ਹੈ ਜੋ ਚਾਂਦਨੀ ਚੌਕ ਦਿੱਲੀ ਵਿਚ ਹੈ।

**ਤਰਜ਼ : ਕਲੀ**

## ਕਸ਼ਮੀਰ ਦੀ ਹਾਲਤ

ਲਹਿਣ ਜਨੇਊ ਲੱਖਾਂ, ਸਖਤ ਸ਼ਾਹੀ ਫੁਰਮਾਨ ਹੈ
ਔਖੀ ਹੋ ਗਈ ਆਪਣੀ ਪੱਤ ਬਚਾਉਣੀ ਨਾਰਾਂ ਨੂੰ
..............................................

ਧਰਮੀਂ ਬੰਦੇ ਜਿਹੜੇ ਆਤਮਾ ਹਤਿਆ ਕਰਦੇ ਨੇ
ਹੱਥੀਂ ਆਪਣੀ ਦੇਕੇ ਜ਼ਹਿਰ ਧੀਆਂ ਮੁਟਿਆਰਾਂ ਨੂੰ
......................................................

ਬੈਠਕ ਕੀਤੀ ਇੱਕ ਦਿਨ ਰਲਕੇ ਕੁੱਝ ਸਿਆਣਿਆਂ
ਸੋਚਣ ਲੱਗੇ ਸਾਰੇ ਧਰਮ ਨੂੰ ਕਿਵੇਂ ਬਚਾਈਏ

..............................................

ਕਹਿੰਦਾ ਪੰਡਤ ਕ੍ਰਿਪਾ ਰਾਮ ਇੱਕ ਹੀ ਰਾਸਤਾ
ਡੈਪੂਟੇਸ਼ਨ ਲੈਕੇ ਸ਼ਹਿਰ ਅਨੰਦਪੁਰ ਜਾਈਏ

..............................................

ਗੱਦੀ ਨਾਨਕ ਦੀ ਤੋਂ ਨੌਵੀਂ ਜੋਤ ਨਿਰੰਕਾਰ ਦੀ
ਉਹੀ ਫੜ ਸਕਦੇ ਨੇ ਸਾਡੀ ਬਾਂਹ ਨਿਤਾਣਿਆਂ ਦੀ

..............................................

ਜੇਕਰ ਨਾਂਹ ਹੋ ਗਈ ਤਾਂ ਹੱਸਕੇ ਕਲਮਾਂ ਪੜ੍ਹਲਾਂਗੇ
ਔਖੀ ਸਾਡੇ ਲਈ ਹੁਣ ਸਹਿਣੀ ਮਾਰ ਜਰਵਾਣਿਆਂ ਦੀ

..............................................

ਮਤਾ ਪਕਾਕੇ ਪੰਡਤ ਚੱਲ ਪਏ ਕਸ਼ਮੀਰ ਤੋਂ
ਆ ਗਏ ਵਿਚ ਅਨੰਦਪੁਰ ਸਾਹਿਬ ਡਿੱਗਦੇ ਢਹਿੰਦੇ

............................................

ਦਿਲ ਵਿਚ ਡਰ ਹੈ ਆਦਮਪੁਰੀਆ ਡਾਢੇ ਜ਼ਾਲਮ ਦਾ
ਸੋਮਾ' ਛਮ ਛਮ ਅੱਖੀਆਂ ਵਿਚੋਂ ਅੱਥਰੂ ਵਹਿੰਦੇ

............................................

***

## ਪੰਡਤਾਂ ਦੀ ਬੇਨਤੀ-ਗੁਰੂ ਤੇਗ ਬਹਾਦਰ ਜੀ ਅੱਗੇ

ਤਿਲਕ ਜਨੇਊ ਬੋਦੀ ਸਾਡੀ ਖਤਰੇ ਦੇ ਵਿਚ ਪੈ ਗਏ
ਅੱਜ ਕਸ਼ਮੀਰ 'ਚ ਹਿੰਦੂ ਨੇ ਜੋ ਗਿਣਤੀ ਦੇ ਹੀ ਰਹਿ ਗਏ
..................................................

ਤੁਸਾਂ ਬਿਨਾਂ ਨਾ ਦਿਸੇ ਕੋਈ ਜੋ ਹਿੰਦੂ ਧਰਮ ਬਚਾਏ
ਰੱਖਿਆ ਕਰੋ ਗਰੀਬਾਂ ਦੀ ਅੱਜ ਸ਼ਰਨ ਤੁਸਾਂ ਦੀ ਆਏ
ਸਾਡੇ ਪੂਜਾ ਦੇ ਅਸਥਾਨ ਜੋ ਮੰਦਰ ਵੀ ਸਭ ਢਹਿ ਗਏ
ਤਿਲ ਜਨੇਊ ਬੋਦੀ ਸਾਡੀ....................
..............................................

ਹਾਕਮ ਜੋ ਕਸ਼ਮੀਰ ਦਾ ਆਇਆ, ਜ਼ਾਲਮ ਪਾਪੀ ਡਾਢਾ
ਕਸਮ ਹੈ ਖਾਧੀ ਉਸਨੇ ਕਰਨਾ ਬੀਜ ਨਾਸ ਹੈ ਸਾਡਾ
ਸਾਡੀਆਂ ਨੌਂਹਾਂ ਧੀਆਂ ਭੈਣਾਂ ਨੂੰ ਵੀ ਚੁੱਕ ਚੁੱਕ ਲੈ ਗਏ
ਤਿਲਕ ਜਨੇਊ ਬੋਦੀ ਸਾਡੀ...................
..............................................

ਹੋਰ ਨਾ ਦਿਸਦਾ ਸਾਨੂੰ ਕੋਈ ਸਾਡੀ ਬਾਂਹ ਫੜਨੇ ਵਾਲਾ
'ਸੋਮਾ ਆਦਮਪੁਰੀਆ' ਸਾਡਾ ਕੋਈ ਨਹੀਂ ਰਖਵਾਲਾ
ਕਈ ਤਾਂ ਜਾਨ ਬਚਾਉਣ ਦੀ ਖਾਤਰ ਮੁਸਲੇ ਬਣਕੇ ਬਹਿ ਗਏ
ਤਿਲਕ ਜਨੇਊ ਬੋਦੀ ਸਾਡੀ.................

***

ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣਕੇ ਨੌਂਵੇਂ ਪਾਤਸ਼ਾਹ ਸੋਚਾਂ ਵਿਚ ਪੈ ਗਏ। ਬਾਲਕ ਗੋਬਿੰਦ ਰਾਏ ਸਤਿਗੁਰਾਂ ਨੂੰ ਉਦਾਸੀ ਦਾ ਕਾਰਨ ਪੁੱਛਦੇ ਹਨ ਅੱਗੋਂ ਗੁਰੂ ਤੇਗ ਬਹਾਦਰ ਜੀ ਇੰਜ ਜਵਾਬ ਦਿੰਦੇ ਹਨ।

## ਸਾਕਾ

ਪੁੱਛਿਆ ਗੋਬਿੰਦ ਰਾਏ ਨੇ ਇਹ ਕੌਣ ਵੀਚਾਰੇ
ਇਹ ਕਿਉਂ ਜਾਪਣ ਪਿਤਾ ਜੀ ਡਾਢੇ ਦੁਖਿਆਰੇ
ਥਰ ਥਰ ਇਹ ਕਿਉਂ ਕੰਬਦੇ, ਕਿਸ ਡਰ ਦੇ ਮਾਰੇ
ਹੱਥ ਜੋੜਕੇ ਖੜੇ ਕਿਉਂ ਦੱਸ ਪਿਤਾ ਪਿਆਰੇ

.............................................

ਚੁੱਪ ਤੋੜਕੇ ਸਤਿਗੁਰਾਂ ਨੇ ਇੰਜ ਸੁਣਾਇਆ
ਧਰਮ ਇਹਨਾਂ ਦਾ ਜ਼ਾਲਮਾਂ ਖਤਰੇ ਵਿਚ ਪਾਇਆ
ਇਹ ਚਾਹੁੰਦੇ ਨੇ ਪਾਪੀਆਂ ਤੋਂ ਜਾਏ ਬਚਾਇਆ
ਕੁਰਬਾਨੀ ਦੀ ਲੋੜ ਹੈ 'ਸੋਮਾ' ਸਮਝਾਇਆ

***

ਗੁਰੂ ਤੇਗ ਬਹਾਦਰ ਜੀ ਨੇ ਕਿਹਾ ਕੇ ਬਗੈਰ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦੇ ਇਹਨਾਂ ਦਾ ਧਰਮ ਬਚਾਇਆ ਨਹੀਂ ਜਾ ਸਕਦਾ। ਜਵਾਬ ਵਿਚ ਗੋਬਿੰਦ ਰਾਏ ਜੀ ਨੇ ਕਿਹਾ ਕਿ ਤੁਹਾਡੇ ਨਾਲੋਂ ਵੱਡਾ ਮਹਾਂ ਪੁਰਸ਼ ਹੋਰ ਕੌਣ ਹੈ ? ਇਹ ਉੱਤਰ ਸੁਣਕੇ ਗੁਰੂ ਮਹਾਰਾਜ ਬਹੁਤ ਖੁਸ਼ ਹੋਏ, ਪੰਡਤਾਂ ਨੂੰ ਕਿਹਾ ਜਾਓ ਬਾਦਸ਼ਾਹ ਨੂੰ ਕਹਿ ਦਿਓ ਕਿ ਜੇਕਰ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਓ ਤਾਂ ਅਸੀਂ ਸਾਰੇ ਹੀ ਮੁਸਲਮਾਨ ਬਣ ਜਾਵਾਂਗੇ। ਅੰਤਰਯਾਮੀ ਸੱਚੇ ਪਾਤਸ਼ਾਹ ਸ਼ਹੀਦੀ ਪਾਉਣ ਦੀ ਖਾਤਰ ਦਿੱਲੀ ਪਹੁੰਚ ਜਾਂਦੇ ਹਨ।

ਬਾਦਸ਼ਾਹ ਔਰਗਜ਼ੇਬ ਵਲੋਂ ਗੁਰੂ ਸਾਹਿਬ ਨੂੰ ਡਰਾਉਣਾ ਧਮਕਾਉਣਾ ਅਤੇ ਤਿੰਨ ਸ਼ਰਤਾਂ ਰੱਖਣੀਆਂ।

**ਤਰਜ਼ : ਕੀਮਾ ਮਲਕੀ**

ਸੁਣਿਆ ਤੂੰ ਬਣਿਆਂ ਏਂ ਹਿੰਦੂਆਂ ਦਾ ਰਖਵਾਲਾ
ਤੇਰੀ ਦੱਸ ਕੀ ਔਕਾਤ ਅੱਗੇ ਮੇਰੇ
ਮੈਂ ਸ਼ਹਿਨਸ਼ਾਹ ਔਰੰਗਜ਼ੇਬ ਹਿੰਦ ਦਾ
ਕਿਹੜੀ ਸ਼ਕਤੀ ਹੈ ਦੱਸ ਪੱਲੇ ਤੇਰੇ
.........................................

ਮੇਰੀ ਮਰਜ਼ੀ ਬਗੈਰ ਪੱਤਾ ਝੁੱਲੇ ਨਾ
ਸਾਹ ਲਏ ਨਾ ਕੋਈ ਉਚਾ ਦੁਨੀਆ ਜਾਣੇ
ਜਦੋਂ ਚਾਹਵਾਂ ਡੱਕ ਦਿਆਂ ਵਿਚ ਜੇਲ੍ਹ ਦੇ
ਇਸ ਦੇਸ਼ ਦੇ ਨੇ ਜਿਹੜੇ ਰਾਜੇ ਰਾਣੇ........
................................................

ਸ਼ਰਤਾਂ ਤਿੰਨ ਮੇਰੀਆਂ ਇੱਕ ਮੰਨਣੀ ਪੈਣੀ
ਭਾਵੇਂ ਪਹਿਲੀ ਦੇ ਵਿਚ ਤੇਰੀ ਹੈ ਭਲਾਈ
ਅੱਧਾ ਰਾਜ ਤੈਨੂੰ ਦੇ ਦਿਆਂਗਾ ਹੱਸਕੇ
ਤੇਰੇ ਕਦਮਾਂ 'ਚ ਝੁਕੂਗੀ ਖੁਦਾਈ
..........................................

ਪਹਿਲੀ ਕਰ ਲੈ ਕਬੂਲ ਇਸਲਾਮ ਤੂੰ
ਦੂਜੀ ਕਰਾਮਾਤ ਕੋਈ ਸਾਨੂੰ ਅੱਜ ਦਿਖਾਦੇ
ਤੀਜੀ ਮੌਤ ਜਿਹਤੋਂ ਡਰਦੀ ਏ ਦੁਨੀਆ
ਤੇਰਾ ਫੈਸਲਾ ਜੋ ਸਾਨੂੰ ਤੂੰ ਸੁਣਾਦੇ

.........................................

'ਸੋਮਾ ਆਦਮਪੁਰੀਆ' ਦੱਸੀਂ ਸੋਚ ਵੀਚਾਰ ਕੇ
ਐਵੇਂ ਮਗਰੋਂ ਨਾ ਪਏ ਪਛਤਾਉਣਾ
ਮੇਰੇ ਹੁਕਮ ਦੀ ਤਮੀਲ ਝੱਟ ਹੋਵਣੀ
ਸਮਾਂ ਬੀਤ ਗਿਆ ਜੋ ਹੱਥ ਨਹੀਓਂ ਆਉਣਾ

.........................................

***

# ਗੁਰੂ ਜੀ ਵਲੋਂ ਬਾਦਸ਼ਾਹ ਨੂੰ ਜਵਾਬ ਦੇਣਾ ਅਤੇ ਲਾਹਨਤਾਂ ਫਿਟਕਾਰਾਂ ਪਾਉਣਾ

ਕੌਡੀ ਦਾ ਤੂੰ ਬੰਦਾ ਨਹੀਂ ਕਹਾਵੇਂ ਸ਼ਹਿਨਸ਼ਾਹ,
ਹਉਮੈ ਵਾਲੀ ਅੱਗ ਤੈਨੂੰ ਰਹੀ ਏ ਜਲਾ

ਜ਼ੁਲਮ ਤੇਰੇ ਦੀ ਘਰ ਘਰ 'ਚ ਦੁਹਾਈ ਹੈ,
ਦੁਖੀ ਕੀਤੀ ਪਾਪੀਆਂ ਤੂੰ ਖੁਦਾ ਦੀ ਖੁਦਾਈ ਹੈ
ਦੱਸ ਜਰਾ ਕਿਵੇਂ ਤੇਰਾ ਹੋਊਗਾ ਭਲਾ,
ਹਉਮੈਂ ਵਾਲੀ ਅੱਗ..................

ਬਖਸ਼ੇ ਨਾ ਆਪਣੇ ਤੂੰ ਪਿਓ ਤੇ ਭਰਾ ਓਏ,
ਬਣ ਬੈਠਾ ਧਰਤੀ ਤੇ ਖੁਦ ਤੂੰ ਖੁਦਾ
ਤਾਕਤ ਦਾ ਤੈਨੂੰ ਐਨਾ ਚੜ੍ਹਿਆ ਨਸ਼ਾ,
ਹਉਮੈਂ ਵਾਲੀ ਅੱਗ.........

ਮੰਦਰਾਂ ਨੂੰ ਢਾਹ ਕੇ ਤੂੰ ਮਸੀਤਾਂ ਏਂ ਉਸਾਰਦਾ,
ਹਿੰਦੂਆਂ ਦੇ ਜੰਜੂ ਨਿੱਤ ਲੱਖਾਂ ਏਂ ਉਤਾਰਦਾ
ਕਿਹੜਾ ਹੈ ਕੁਰਾਨ ਦਿੰਦਾ ਐਸੀ ਸਿੱਖਿਆ,
ਹਉਮੈਂ ਵਾਲੀ ਅੱਗ..................

ਕੀਤੇ ਹੋਏ ਗੁਨਾਹਾਂ ਕੋਲੋਂ ਕਿਵੇਂ ਬਚ ਪਾਏਂਗਾ,
ਦਰਗਾਹ ਖੁਦਾ ਦੀ ਕਿਹੜਾ ਮੂੰਹ ਲੈਕੇ ਜਾਏਂਗਾ
ਅੱਜ ਨਹੀਂ ਤੇ ਕੱਲ੍ਹ ਤੈਨੂੰ ਮੌਤ ਜਾਣਾ ਖਾ,
ਹਉਮੈਂ ਵਾਲੀ ਅੱਗੇ..................

ਮਰਿਆ ਤੂੰ ਜਦੋਂ ਕਿਸੇ ਅੱਥਰੂ ਵਗੌਣਾ ਨਹੀਂ,
ਮੜ੍ਹੀ ਤੇਰੇ ਉਤੇ ਕਿਸੇ ਦੀਵਾ ਵੀ ਜਗੌਣਾ ਨਹੀਂ
'ਸੋਮਾ' ਰਾਹ ਸੱਚ ਦਾ ਅਜੇ ਵੀ ਅਪਣਾਅ,
ਹਉਮੈਂ ਵਾਲੀ ਅੱਗ.......................

***

# ਸਵਾਲ-ਜਵਾਬ ਬਾਦਸ਼ਾਹ ਗੁਰੂ ਜੀ

ਬਾਦਸ਼ਾਹ ਗੁਰੂ ਸਾਹਿਬ ਨੂੰ ਕਹਿਣ ਲੱਗੇ ਕਿ ਤੁਸੀਂ ਲੋਕ ਨਾ ਤਾਂ ਬੁੱਤ ਪੂਜਣ ਵਾਲੇ ਹੋ ਅਤੇ ਨਾ ਤਿਲਕ ਜਨੇਊ ਦੇ ਧਾਰਨੀ ਹੋ ਫਿਰ ਵੀ ਇਹਨਾਂ ਦੀ ਮਦਦ ਕਰਦੇ ਹੋ। ਤੁਸੀਂ ਇਸਲਾਮ ਕਬੂਲ ਕਰਕੇ ਸਾਡੇ ਪਗੰਬਰ ਬਣਕੇ ਜ਼ਿੰਦਗੀ ਦੇ ਸੁੱਖ ਮਾਣੋਂ, ਇਹ ਲੋਕ ਕਾਫਰ ਹਨ। ਇਹਨਾਂ ਨੂੰ ਮੌਤ ਦੇ ਘਾਟ ਉਤਾਰਨਾ ਵੀ ਪੁੰਨ ਦਾ ਹੀ ਕੰਮ ਹੈ। ਬਾਦਸ਼ਾਹ ਔਰੰਗਜ਼ੇਬ ਗੁਰੂ ਤੇਗ ਬਹਾਦਰ ਸਾਹਿਬ ਨਾਲ ਇਸ ਤਰ੍ਹਾਂ ਸਵਾਲ ਜਵਾਬ ਕਰਦਾ ਹੈ।

## ਝੋਕ

ਬਾਦਸ਼ਾਹ: ਆਪਣੇ ਲਈ ਮਰਨ ਬਥੇਰੇ, ਗੈਰਾਂ ਲਈ ਮਰਦੇ ਨਾ
ਤੁਸੀਂ ਅਜੀਬ ਬੰਦੇ, ਮਰਨੇ ਤੋਂ ਡਰਦੇ ਨਾ
ਦੁਨੀਆ ਦੇ ਸੁੱਖ ਲੈਣ ਲਈ, ਤਰਲੇ ਵੀ ਕਰਦੇ ਨਾ
ਸਿੱਖਿਆ ਕੀ ਦੇ ਗਿਆ ਨਾਨਕ, ਦੱਸੋ ਖਾਂ ਬੋਲਕੇ
ਮੰਨਦੇ ਨਾ ਈਨ ਕਦੇ ਕਿਓਂ, ਦੁੱਖਾਂ ਤੋਂ ਡੋਲਕੇ,
ਮਰਨੇ ਦਾ ਚਾਅ ਕਿਉਂ ਚੜ੍ਹਦਾ

ਗੁਰੂ ਜੀ: ਡਰਦੇ ਨਾ ਅਸੀਂ ਕਿਸੇ ਤੋਂ, ਨਾ ਹੀ ਡਰਾਉਂਦੇ ਹਾਂ
ਰੱਖਿਆ ਮਜ਼ਲੂਮਾਂ ਦੀ ਲਈ, ਢਾਲ ਬਣ ਆਉਂਦੇ ਹਾਂ
ਕਰਦਾ ਜੋ ਜ਼ੁਲਮ ਉਸ ਨੂੰ, ਇਹੀ ਸਮਝਾਉਂਦੇ ਹਾਂ
ਜੀਓ ਤੇ ਜੀਉਣ ਦਾ, ਸਾਡਾ ਇਹ ਨਾਹਰਾ ਹੈ
ਉਹ ਵੀ ਇਨਸਾਨ ਜਿਹਨਾਂ ਨੂੰ ਜੰਜੂ ਪਿਆਰਾ ਹੈ,
ਉਹ ਵੀ ਨੇ ਰੱਬ ਦੇ ਬੰਦੇ

ਬਾਦਸ਼ਾਹ: ਜੰਜੂ ਦਾ ਨਹੀਂ ਧਾਰਨੀ ਨਾਨਕ ਦਾ ਸਿੱਖ ਕੋਈ
ਬੁੱਤਾਂ ਨੂੰ ਪੂਜਣ ਵਾਲਾ ਹੁੰਦਾ ਨਹੀਂ ਮਿੱਤ ਕੋਈ
ਮੈਂ ਵੀ ਤੇ ਬੁੱਤ ਸ਼ਿਕਨ ਹਾਂ, ਤੇਰੇ ਨਾ ਚਿੱਤ ਕੋਈ
ਮਾਰਾਂਗਾ ਬੁੱਤ ਪੂਜ ਮੈਂ, ਖੁੱਡਾਂ 'ਚੋਂ ਟੋਲਕੇ,
ਮੰਨਦੇ ਨਾ ਈਨ ਕਦੇ ਕਿਉਂ, ਦੁੱਖਾਂ ਤੋਂ ਡੋਲਕੇ,
ਮਰਨੇ ਦਾ ਚਾਅ ਕਿਉਂ ਚੜ੍ਹਦਾ

ਗੁਰੂ ਜੀ: ਸਿਰ ਨੂੰ ਹੁਣ ਤਲੀ ਤੇ ਧਰਕੇ, ਚੱਲਣਾ ਹੀ ਪੈਣਾ ਹੈ
ਕਦ ਤੱਕ ਹੱਥ ਮਾਲਾ ਫੜਕੇ, ਚੁੱਪ ਕਰਕੇ ਬਹਿਣਾ ਹੈ
ਕੱਚੀ ਕੰਧ ਵਾਂਗੂ ਤੇਰਾ, ਰਾਜ ਹੁਣ ਢਹਿਣਾ ਹੈ
'ਸੋਮਾ' ਸਾਡੀ ਕੁਰਬਾਨੀ, ਥੱਪੜ ਕਰਾਰਾ ਹੈ,
ਉਹ ਵੀ ਇਨਸਾਨ ਜਿਹਨਾਂ ਨੂੰ, ਜੰਞੂ ਪਿਆਰਾ ਹੈ,
ਉਹ ਵੀ ਨੇ ਰੱਬ ਦੇ ਬੰਦੇ

***

ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸ਼ਹੀਦ ਕਰਨ ਉਪਰੰਤ ਕਾਜ਼ੀ ਅਬਦੁਲ ਵਾਹਬ ਗੁਰੂ ਜੀ ਕੋਲ ਫਿਰ ਆਉਂਦਾ ਹੈ ਅਤੇ ਕੁਝ ਇਸ ਤਰ੍ਹਾਂ ਦੇ ਸਵਾਲ ਜਵਾਬ ਕਰਦਾ ਹੈ।

**ਤਰਜ਼: ਦੁੱਲਾ**

ਕਾਜ਼ੀ ਅਬਦੁੱਲਾ ਵਾਹਬ:

ਰੂੰਈਂ 'ਚ ਲਪੇਟਕੇ ਸਤੀ ਹੈ ਸਾੜਿਆ
ਆਰੇ ਨਾਲ ਮਤੀ ਦਾਸ ਨੂੰ ਹੈ ਪਾੜਿਆ
ਦੇਗ 'ਚ ਦਿਆਲਾ ਹੈ ਉਬਾਲੇ ਖਾਂਵਦਾ
ਆਖਰੀ ਸਮਾਂ ਹੈ ਦੱਸ ਤੂੰ ਕੀ ਚਾਂਹਵਦਾ.........
.............................................

ਗੁਰੂ ਜੀ:

ਜ਼ੁਲਮ ਤੇਰੇ ਦੀ ਹੱਦ ਅਸੀਂ ਤੱਕਣੀ
ਸ਼ਰਨ ਆਇਆ ਦੀ ਅਸੀਂ ਲਾਜ ਰੱਖਣੀ
ਨਿੱਤ ਨਵਾਂ ਇਤਿਹਾਸ ਨੂੰ ਬਣਾਉਣ ਲਈ
ਸਿੱਖ ਬਣਦੇ ਹੀ ਨੇ ਸ਼ਹੀਦੀ ਪਾਉਣ ਲਈ.............
.............................................

ਕਾਜ਼ੀ:

ਅਜੇ ਵੀ ਹੈ ਸਮਾਂ ਸੋਚ ਤੇ ਵੀਚਾਰ ਲੈ
ਭੁੱਲ ਮੰਨਕੇ ਤੂੰ ਜ਼ਿੰਦਗੀ ਸੁਆਰ ਲੈ
ਵਾਰ ਵਾਰ ਮੌਕਾ ਹੱਥ ਨਹੀਓਂ ਆਂਵਦਾ
ਆਖਰੀ ਸਮਾਂ ਹੈ ਦੱਸ ਤੂੰ ਕੀ ਚਾਂਹਵਦਾ.........
.............................................

ਗੁਰੂ ਜੀ:

ਮੈਨੂੰ ਤੇ ਤਰਸ ਤੁਸਾਂ ਉਤੇ ਆਉਂਦਾ ਏ
ਪਾਪੀ ਪਾਪ ਤੁਸਾਂ ਹੱਥਾਂ ਕਰਵਾਉਂਦਾ ਏ
ਤੁਸਾਂ ਨੂੰ ਵੀ ਹਤਿਆਰੇ ਅਖਵਾਉਣ ਲਈ
ਸਿੱਖ ਬਣਦੇ ਹੀ ਨੇ ਸ਼ਹੀਦੀ ਪਾਉਣ ਲਈ...........
.............................................

ਕਾਜ਼ੀ: ਫੈਦਾ ਨਹੀਂ ਕੋਈ ਇਹਨੂੰ ਸਮਝਾਉਣ ਦਾ
ਸ਼ੌਕ ਪੂਰਾ ਕਰੋ ਸਿਰ ਕਟਵਾਉਣ ਦਾ
ਸਿਰ ਕਲਮ ਦਾ ਹੁਕਮ ਸੁਣਾਵਦਾ
ਆਖਰੀ ਸਮਾਂ ਹੈ ਦੱਸ ਤੂੰ ਕੀ ਚਾਂਹਵਦਾ........
..............................................

ਗੁਰੂ ਜੀ: ਛੇਤੀ ਕਰ ਦੇਰ ਕਿਹੜੀ ਗੱਲੋਂ ਲਾਉਂਦਾ ਏਂ
ਹੁਕਮ ਵੀ ਡਰ ਡਰਕੇ ਸੁਣਾਉਂਦਾ ਏਂ
ਸੁੱਤੀ ਹੋਈ ਅਣਖ 'ਸੋਮਾ' ਜਗਾਉਣ ਲਈ
ਸਿੱਖ ਬਣਦੇ ਹੀ ਨੇ ਸ਼ਹੀਦੀ ਪਾਉਣ ਲਈ.........
..............................................

***